
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 33
November 28, 2018

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




## ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਾਰੀ ਦੁਨੀਆਂ ਵਿਚ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ

**ਸ੍ਰੀ ਨਨਕਾਣਾ ਸਾਹਿਬ (ਬਿਊਰੋ)–** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਸਾਰੀ ਦੁਨੀਆਂ ਵਿਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਪੰਜਾਬ ਵਿਚ ਸਰਕਾਰੀ ਤੌਰ ਤੇ ਧਾਰਮਿਕ ਸਮਾਗਮ 23 ਨਵੰਬਰ ਨੂੰ ਆਰੰਭ ਹੋਏ। ਪੰਜਾਬ ਤੋਂ ਪਹਿਲਾਂ ਵਾਂਗ ਹੀ ਇਕ ਜਥਾ ਸ੍ਰੀ ਨਨਕਾਣਾ



ਸਾਹਿਬ (ਪਾਕਿਸਤਾਨ) ਪਹੁੰਚਿਆ, ਜਿੱਥੇ ਦੇਸ਼-ਵਿਦੇਸ਼ ਤੋਂ ਆਏ ਲੱਖਾਂ ਸ਼ਰਧਾਲੂਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ। ਇਸ ਦਰਮਿਆਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਰਮਭੂਮੀ ਮੰਨੇ ਜਾਂਦੇ ਸ੍ਰੀ ਕਰਤਾਰਪੁਰ ਸਾਹਿਬ ਵਿਖੇ, ਸ੍ਰੀ ਪੰਜਾ ਸਾਹਿਬ ਵਿਖੇ ਵੀ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਨਨਕਾਣਾ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਗਰ ਕੀਰਤਨ ਕੱਢਿਆ ਗਿਆ।



ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓਲਿੰਡਾ (ਸੈਕਰਾਮੈਂਟੋ) ਦੀ ਪ੍ਰਬੰਧਕ ਕਮੇਟੀ 2 ਦਸੰਬਰ 2018 ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਸੈਣ ਜੀ ਅਤੇ ਮਹਾਂਰਿਸ਼ੀ ਵਾਲਮੀਕ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾ ਰਹੀ ਹੈ।

ਅਦਾਰਾ 'ਦੇਸ਼ ਦੁਆਬਾ' ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਮਹਾਂਪੁਰਸ਼ਾਂ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।

## ਕਰਤਾਰਪੁਰ 'ਚ ਸਿੱਖ ਸ਼ਰਧਾਲੂਆਂ ਲਈ ਬਣੇਗਾ ਰੇਲਵੇ ਸਟੇਸ਼ਨ

**ਇਸਲਾਮਾਬਾਦ (ਬਿਊਰੋ)–** ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਵਿੱਚ ਰੇਲਵੇ ਸਟੇਸ਼ਨ ਲਈ ਜ਼ਮੀਨ ਮੁਹੱਈਆ ਕਰਵਾਈ ਜਾਵੇਗੀ ਤੇ ਮੁਲਕ ਵਿੱਚ ਸਿੱਖ ਸ਼ਰਧਾਲੂਆਂ ਦੀ ਫੇਰੀ ਨਾਲ ਸਬੰਧਤ ਥਾਵਾਂ 'ਤੇ ਰਿਹਾਇਸ਼ ਤੇ ਬੋਰਡਿੰਗ ਦੀ ਸਹੂਲਤ ਦੇਣ ਲਈ ਹੋਟਲਾਂ ਦੀ ਉਸਾਰੀ ਕੀਤੀ ਜਾਵੇਗੀ। ਰੋਜ਼ਨਾਮਚਾ ਡਾਅਨ ਨੇ ਆਪਣੀ ਇਕ ਰਿਪੋਰਟ 'ਚ ਰੇਲ ਮੰਤਰੀ ਸ਼ੇਖ ਰਾਸ਼ਿਦ ਅਹਿਮਦ ਦੇ ਹਵਾਲੇ ਨਾਲ ਕਿਹਾ ਕਿ ਸਰਕਾਰ ਕਰਤਾਰਪੁਰ, ਨਨਕਾਣਾ ਸਾਹਿਬ ਤੇ ਨਾਰੋਵਾਲ ਵਿੱਚ ਹੋਟਲਾਂ ਦੀ ਉਸਾਰੀ ਲਈ ਸਿੱਖ ਸੰਸਥਾਵਾਂ ਨੂੰ ਜ਼ਮੀਨ ਮੁਹੱਈਆ



ਕਰਵਾਏਗੀ। ਇਸ ਦੌਰਾਨ ਸ੍ਰੀ ਅਹਿਮਦ ਨੇ ਨਨਕਾਣਾ ਸਾਹਿਬ ਤੋਂ ਪੰਜਾ ਸਾਹਿਬ ਦੀ ਯਾਤਰਾ ਦੌਰਾਨ ਭਾਰਤੀ ਸਿੱਖ ਜਥੇ ਦੇ ਮੈਂਬਰਾਂ ਨੂੰ ਵਿਸ਼ੇਸ਼ ਗੱਡੀਆਂ 'ਚ ਡੱਬਿਆਂ ਦੀ ਘਾਟ ਕਰਕੇ ਹੋਈ ਪ੍ਰੇਸ਼ਾਨੀ ਲਈ ਮੁਆਫ਼ੀ ਮੰਗੀ ਹੈ।

**ਕਰਤਾਰਪੁਰ ਲਾਂਘਾ ਦੋਹਾਂ ਦੇਸ਼ਾਂ ਦੀ 'ਦੁਸ਼ਮਣੀ' ਮਿਟਾਏਗਾ: ਸਿੱਧੂ**

ਪੰਜਾਬ ਸਰਕਾਰ 'ਚ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕਰਤਾਰਪੁਰ ਲਾਂਘਾ ਜਿੱਥੇ ਭਾਰਤ ਤੇ ਪਾਕਿਸਤਾਨ ਵਿਚਲੀ 'ਦੁਸ਼ਮਣੀ' ਨੂੰ ਮਿਟਾਉਂਦਿਆਂ ਦੋਵਾਂ

(ਬਾਕੀ ਸਫਾ 7 'ਤੇ)



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Brake Time Auto Repair
6315 Watt Ave. Unit 115
North Highlands, CA. 95660
* Brakes, Suspension, A/C
* Engine Diagnostic, Tune-ups
* Water Pumps, Timing belts
* Performance, 30/60/90K
J. Singh
(916) 800-0400
Open Mon-Fri 2 pm to 9pm
Sat - Sun 9 am to 9pm
Appointments only
Don't wait until it's too late. Come give your car a break at Brake Time
ਇੱਥੇ ਆਟੋ ਰਿਪੇਅਰ ਦਾ ਤਸੱਲੀ ਬਖਸ਼ ਕੰਮ ਕੀਤਾ ਜਾਂਦਾ ਹੈ


BERKSHIRE HATHAWAY
Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS

ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com



INDIA BAZAAR




INDIAN, PAKISTANI & FIJJIAN GROCERIES
WE ARE OPEN 7 DAYS A WEEK
9:00am to 8:30pm
RENT DVDS & BUY CLOTHES ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸਿੱਖ ਭਾਈਚਾਰੇ ਵੱਲੋਂ ਸੈਂਕੜੇ ਅੱਗ-ਬੁਝਾਊ ਕਰਮੀਆਂ ਲਈ ਪੀਜ਼ਾ ਲੰਗਰ

## ਯੂਨਾਈਟਿਡ ਸਿੱਖਸ ਦੀ ਰਾਹਤ ਰਾਹੀਂ ਸਥਾਨਕ ਨਾਇਕਾਂ ਨੂੰ ਸਿਜਦਾ

**ਚੀਕੋ, ਕੈਲੀਫ਼ੋਰਨੀਆ (ਹੁਸਨ ਲੜੋਆ ਬੰਗਾ)-** ਥੈਂਕਸਗਿਵਿੰਗ ਦਾ ਅਮਰਕੀਨ ਤਿਓਹਾਰ ਯੂਨਾਈਟਿਡ ਸਿੱਖਸ ਵੱਲੋਂ ਇਸ ਵਾਰੀ ਇਸਨੂੰ ਵੱਖਰੇ ਅੰਦਾਜ਼ 'ਚ ਮਨਾਇਆ ਜਾ ਰਿਹਾ ਹੈ। ਇਸ ਜਥੇਬੰਦੀ ਵੱਲੋਂ ਅੱਜ ਸਿਲਵਰ ਡਾੱਲਰ ਫ਼ੇਅਰਗਰਾਊਂਡ ਕਮਾਂਡ ਪੋਸਟ 'ਤੇ ਸੈਂਕੜੇ ਅੱਗ-ਬੁਝਾਊ ਕਰਮੀਆਂ ਨੂੰ ਪਿਜ਼ਾ ਵੰਡੇ ਗਏ। ਇਸ ਤੋਂ ਪਹਿਲਾਂ ਸਿੱਖ ਵੈਸਟ ਲੇਕ ਭਾਈਚਾਰੇ ਤੋਂ 12 ਸਾਲਾਂ ਦੇ ਕ੍ਰਿਪਾ ਜੋਤ ਸਿੰਘ ਅਤੇ ਉਸਦੇ ਪਿਤਾ ਸੇਵਕਪਾਲ ਸਿੰਘ ਖੁਰਾਨਾ ਵੱਲੋਂ ਕੈਲੀਫ਼ੋਰਨੀਆ ਦੇ ਫ਼ਾਇਰ ਸਟੇਸ਼ਨ ਨੰਬਰ 144 'ਚ ਬਹਾਦਰ ਅੱਗ-ਬੁਝਾਊ ਕਰਮੀਆਂ ਨੂੰ ਦਰਜਨਾਂ ਹੀ ਪਿਜ਼ੇ ਵੰਡੇ ਗਏ ਸਨ। ਯੂਨਾਈਟਿਡ ਸਿੱਖਸ ਦੇ ਰਾਹਤ ਨਿਰਦੇਸ਼ਕ ਸ. ਗੁਰਵਿੰਦਰ ਸਿੰਘ ਨੇ ਕਿਹਾ। ਉਹਨਾਂ ਅੱਗੇ ਕਿਹਾ, "ਉਹਨਾਂ ਦੀ ਬਹਾਦਰੀ ਨੂੰ ਸਿਜਦਾ ਕਰਨ ਲਈ, ਜੋ ਇਸ ਵੇਲੇ ਗੰਭੀਰ ਅਤੇ ਖ਼ਤਰਨਾਕ ਹਾਲਾਤ 'ਚ ਕੀਮਤੀ ਜ਼ਿੰਦਗੀਆਂ ਬਚਾਉਣ ਲਈ ਲਗਾਤਾਰ ਕੰਮ ਕਰ ਰਹੇ ਹਨ, ਅਸੀਂ ਉਹਨਾਂ ਨਾਇਕਾਂ ਲਈ ਲੰਗਰ ਦਾ ਪ੍ਰਬੰਧ ਕਰਨਾ ਚਾਹੁੰਦੇ ਸਾਂ।"ਜਦੋਂ ਤੋਂ ਇਹ ਮਾਰੂ ਅੱਗ ਫ਼ੈਲੀ ਹੈ, ਯੂਨਾਈਟਿਡ ਸਿੱਖਸ ਵੱਲੋਂ ਜ਼ਮੀਨੀ ਪੱਧਰ 'ਤੇ ਫ਼ੈਡਰਲ ਐਮਰਜੈਂਸੀ ਮੈਨੇਜਮੈਂਟ ਏਜੰਸੀ (ਫ਼ੈਮਾ), ਸਥਾਨਕ ਅੱਗ-ਬੁਝਾਊ ਅਤੇ ਪੁਲਿਸ ਮਹਿਕਮਿਆਂ ਨੂੰ ਅੱਗ 'ਚ ਫ਼ਸੇ ਲੋਕਾਂ ਅਤੇ





ਲੋੜਵੰਦ ਜਾਨਵਰਾਂ ਦੀ ਸਹਾਇਤਾ ਲਈ ਕੰਮ ਕੀਤਾ ਜਾ ਰਿਹਾ ਹੈ। ਯੂਨਾਈਟਿਡ ਸਿੱਖਸ ਦੇ ਕੌਮਾਂਤਰੀ ਸਿੱਖ ਰਾਹਤ ਪ੍ਰੋਗਰਾਮ, ਮਨੁੱਖਤਾਵਾਦੀ ਗ਼ੈਰ-ਮੁਨਾਫ਼ਾ ਸੰਸਥਾ ਸਥਾਨਕ ਗੁਰੂਦਵਾਰੇ ਦੇ ਪ੍ਰਬੰਧਕਾਂ ਦੇ ਸਹਿਯੋਗ ਨਾਲ ਹੋਟਲ ਵਾਊਚਰ, ਆਸਰਾ, ਖਾਧ ਸਪਲਾਈ, ਕੰਬਲ, ਸਾਫ਼-ਸਫ਼ਾਈ ਦੀਆਂ ਚੀਜ਼ਾਂ, ਦੁੱਖ ਦੀ ਘੜੀ 'ਚ ਕਾਊਂਸਲਿੰਗ ਅਤੇ ਦਵਾਈਆਂ ਸਮੇਤ ਡਾਕਟਰੀ ਸਹਾਇਤਾ ਸੇਵਾਵਾਂ ਮੁਹੱਈਆ ਕਰਾਉਣ ਲਈ ਵਚਨਬੱਧ ਹੈ।

ਅੱਗ ਦੇ ਇਸ ਬਵੰਡਰ 'ਚ ਮਰਨ ਵਾਲਿਆਂ ਦੀ ਗਿਣਤੀ 80 ਤੱਕ ਪਹੁੰਚ ਚੁੱਕੀ ਹੈ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਗਿਣਤੀ ਹੈ ਅਤੇ ਸਥਾਨਕ ਅਧਿਕਾਰੀਆਂ ਮੁਤਾਬਿਕ ਤਕਰੀਬਨ 1ਹਜ਼ਾਰ ਤੋਂ ਵੱਧ ਲੋਕ ਲਾਪਤਾ ਹਨ। ਕੌਮੀ ਮੌਸਮ ਵਿਭਾਗ ਵੱਲੋਂ ਉੱਤਰੀ ਕੈਲੀਫ਼ੋਰਨੀਆ 'ਚ ਮੀਂਹ ਦੀ ਭਵਿੱਖਵਾਣੀ ਕੀਤੀ ਗਈ ਹੈ, ਜਿਸ ਨਾਲ ਗਿੱਲੀ ਸਵਾਹ ਪਹਾੜਾਂ ਦੀਆਂ ਢਲਾਣਾਂ ਤੋਂ ਹੇਠਾਂ ਆ ਜਾਵੇਗੀ ਅਤੇ ਇਸ ਨਾਲ ਹੋਰ ਇਨਸਾਨਾਂ ਦੀ ਭਾਲ ਕਰ ਰਹੇ ਦਸਤਿਆਂ ਦੀਆਂ ਕੋਸ਼ਿਸ਼ਾਂ ਹੋਰ ਮੁਸ਼ਕਲ ਭਰੀਆਂ ਹੋ ਜਾਣਗੀਆਂ।

ਪਿਛਲੇ ਵੀਰਵਾਰ ਹਵਾ ਦੀ ਗੁਣਵੱਤਾ ਪੱਧਰ ਜਾਂਚਣ ਵਾਲੇ ਨੈਟਵਰਕ ਵੱਲੋਂ ਕੈਲੀਫ਼ੋਰਨੀਆ ਦੀ ਹਵਾ ਦਾ ਗੁਣਵੱਤਾ ਪੱਧਰ "ਸੰਸਾਰ ਦਾ ਸਭ ਤੋਂ ਦੂਸ਼ਿਤ ਪੱਧਰ" ਕਰਾਰ ਦਿੱਤਾ ਗਿਆ ਸੀ। ਈਪੀਏ ਵੱਲੋਂ ਚੇਤਾਵਨੀ ਦਿੱਤੀ ਗਈ ਹੈ ਕਿ ਜੰਗਲੀ ਅੱਗ ਦੇ ਧੂੰਏਂ ਕਾਰਣ ਸਿਹਤ ਸਬੰਧੀ ਕਈ ਭਿਆਨਕ ਬਿਮਾਰੀਆਂ, ਜਿਵੇਂ ਫੇਫੜਿਆਂ ਦੀ ਕਾਰਗੁਜ਼ਾਰੀ 'ਚ ਮੁਸ਼ਕਿਲ, ਬ੍ਰੋਂਕਾਈਟਿਸ ਦਾ ਇਨਫ਼ੈਕਸ਼ਨ, ਦਮਾ ਅਤੇ ਦਿਲ ਦਾ ਦੌਰਾ ਆਦਿ ਹੋਣ ਦੀ ਸੰਭਾਵਨਾ ਹੈ। ਇਸ ਧੂੰਏਂ 'ਚ ਕਈ ਹਜ਼ਾਰ ਦੂਸ਼ਿਤ ਕਣ ਮਿਲੇ ਹੋਏ ਹਨ, ਜਿਵੇਂ: ਕੈਮੀਕਲ, ਗੈਸਾਂ ਅਤੇ ਨਿੱਕੇ-ਨਿੱਕੇ ਕਣ, ਜੋ ਸਾਹ ਰਾਹੀਂ ਫੇਫੜਿਆਂ ਦੀ ਡੂੰਘਾਈ ਤੱਕ ਪਹੁੰਚ ਸਕਦੇ ਹਨ।

ਐਨ 95 ਜਾਂ ਪੀ 100 ਹਵਾ ਦੇ ਫ਼ਿਲਟਰ ਮਾਸਕ ਪੂਰੇ ਸੂਬੇ 'ਚ ਵਿਕ ਚੁੱਕੇ ਹਨ। ਯੂਨਾਈਟਿਡ ਸਿੱਖਸ ਆਪਣੇ ਮਨੁੱਖਤਾਵਾਦੀ ਰਾਹਤ ਕਾਰਜਾਂ ਅਧੀਨ ਆਉਣ ਵਾਲੇ ਦਿਨਾਂ 'ਚ ਹੋਰ ਮਾਸਕ ਵੰਡੇਗਾ।

# ਗੁਰਦੁਆਰਾ ਸਾਹਿਬ ਫਰੀਮਾਂਟ ਵੱਲੋਂ ਸਿੱਖ ਜਾਗਰੂਕਤਾ ਦਿਵਸ ਮਨਾਇਆ

**ਯੂਨੀਅਨ ਸਿਟੀ-** ਕੈਲੇਫੋਰਨੀਆ ਵਿਚ ਅਸੈਂ-ਬਲੀ ਕਨਕਰੰਟ ਰੈਜਿਊਲੇਸ਼ਨ 147 ਅਨੁਸਾਰ ਅਮਰੀਕਾ ਦੇ ਇਤਿਹਾਸ ਵਿਚ ਸਿੱਖਾਂ ਦੇ ਪਾਏ ਗਏ ਯੋਗਦਾਨ ਦੀ ਪ੍ਰਸੰਸਾ ਵਿਚ ਸਿੱਖ ਜਾਗਰੂਕਤਾ ਦਿਵਸ ਨਵੰਬਰ 2018 ਵਿਚ ਮਨਾਏ ਜਾ ਰਹੇ ਹਨ। ਉਸੇ ਲੜੀ ਤਹਿਤ ਗੁਰਦੁਆਰਾ ਸਾਹਿਬ ਫਰੀਮਾਂਟ ਅਤੇ ਗੁਏ ਅਮੈਨੂਅਲ ਜੂਨੀਅਰ ਐਲੀਮੈਂਟਰੀ ਸਕੂਲ, ਯੂਨੀਅਨ ਸਿਟੀ ਵਿਖੇ ਦਿਵਸ ਸਫਲਤਾ ਪੂਰਵਕ ਸੰਪੰਨ ਹੋਇਆ। ਪ੍ਰੋਗਰਾਮ ਦਾ ਆਰੰਭ ਖਾਲਸਾ ਸਕੂਲ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਵਿਦਿਆਰਥੀ ਸਰਬਪ੍ਰੀਤ ਕੌਰ, ਹਰਸੀਰਤ ਕੌਰ ਅਤੇ ਜੁਝਾਰ ਸਿੰਘ ਵੱਲੋਂ ਸ਼ਬਦ ਕੀਰਤਨ ਨਾਲ



ਕੀਤਾ ਗਿਆ। ਇਸ ਮੌਕੇ ਬੀਬੀ ਜੀਨਾ ਪਾਕਾਲੋਡਾ ਵੱਲੋਂ ਸਵਾਗਤੀ ਭਾਸ਼ਣ ਦਿੱਤਾ ਗਿਆ। ਇਹਨਾਂ ਪ੍ਰੋਗਰਾਮਾਂ ਦਾ ਆਰੰਭ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਚਾਰ ਸਾਲ ਪਹਿਲਾਂ ਕੀਤਾ ਸੀ। ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਬੀਬੀ ਜਿਨਾ, ਹਰਜੀਤ ਸਿੰਘ, ਭੁਪਿੰਦਰ ਸਿੰਘ, ਹਰਮਿੰਦਰ ਸਿੰਘ, ਕਮਲਜੀਤ ਸਿੰਘ ਅਟਵਾਲ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਸ਼ਾਮਲ ਹੋਏ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 549 ਵਾਂ ਪ੍ਰਕਾਸ਼ ਦਿਹਾੜਾ 2 ਦਸੰਬਰ ਨੂੰ ਮਨਾਇਆ ਜਾਵੇਗਾ

**ਕਰਦਰਜ਼–** ਸਿੱਖ ਕੌਂਸਲ ਆਫ ਸੈਂਟਰਲ ਕੈਲੇਫ਼ੋਰਨੀਆਂ ਅਤੇ ਸਮੂੰਹ ਇਲਾਕਾ ਨਿਵਾਸੀਆਂ ਵਲੋਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 549 ਵਾਂ ਪ੍ਰਕਾਸ਼ ਦਿਹਾੜਾ 2 ਦਸੰਬਰ, ਦਿਨ ਐਤਵਾਰ ਸਵੇਰੇ 10 ਵਜੇ ਤੋਂ 1 ਵਜੇ ਤੀਕ ਕਰਦਰਜ਼ ਗੁਰਦਵਾਰਾ ਸਾਹਿਬ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।

ਸਮੁੱਚੀ ਮਾਨਵਤਾ ਲਈ ਗੁਰੂ ਜੀ ਦੀ ਸਿੱਖਿਆ ਅਤੇ ਸੁਨੇਹਾ ਘਰ ਘਰ ਪਹੁੰਚਾਉਣ ਲਈ ਪਿਛਲੇ ਕੁਝ ਸਾਲਾਂ ਦੀ ਤਰਾਂ ਇਹ ਦਿਹਾੜਾ ਵੀ ਵਿਸ਼ੇਸ਼ ਤੌਰ 'ਤੇ ਐਜੂਕੇਸ਼ਨ ਅਤੇ ਸਿੱਖ ਅਵੇਅਰਨੈਸ ਨੂੰ ਸਮ੍ਰਪਿਤ ਹੈ। ਇਸ ਅਵਸਰ 'ਤੇ ਮੁੱਖ ਮਹਿਮਾਨ ਅਤੇ ਬੁਲਾਰੇ ਫ਼ਰੈਜ਼ਨੋਂ ਕਾਉਂਟੀ ਐਜੂਕੇਸ਼ਨ ਦੇ ਸਹਾਇਕ ਸਕੂਲਜ਼ ਸੁਪਰਿਨਟੈਂਡੈਂਟ ਹੈਂਕ ਗੂਟਰੇਜ਼ ਹੋਣਗੇ ਜੋ ਵਿਸ਼ੇਸ਼ ਤੌਰ'ਤੇ ਪੰਜਾਬੀ ਪੜ੍ਹਾਉਣ ਅਤੇ ਕੈਲੇਫ਼ੋਰਨੀਆਂ ਦੇ ਸਕੂਲਾਂ ਲਈ ਨਵੀਆਂ ਛਪੀਆਂ ਪਾਠ-ਪੁਸਤਕਾਂ ਬਾਰੇ ਜਿਨ੍ਹਾਂ ਵਿਚ ਸਿੱਖ ਇਤਿਹਾਸ ਪਹਿਲੀ ਵੇਰ ਸ਼ਾਮਿਲ ਕੀਤਾ ਗਿਆ ਹੈ, ਵਿਸਥਾਰ ਨਾਲ ਚਾਨਣਾ ਪਾਉਣਗੇ।

ਇਸ ਵਿਸ਼ੇ 'ਤੇ ਵਿਚਾਰ ਚਰਚਾ ਉਪਰੰਤ ਸ਼ਾਨਦਾਰ ਕਵੀ ਦਰਬਾਰ ਸਜਾਇਆ ਜਾਵੇਗਾ, ਜਿਸ ਵਿਚ ਉਘੇ ਕਵੀ ਭਾਗ ਲੈਣਗੇ।

ਇਸ ਸੂਚਨਾ ਰਾਹੀਂ ਸਮੂੰਹ ਇਲਾਕਾ ਨਿਵਾਸੀਆਂ ਨੂੰ ਗੁਰੂ ਜੀ ਦੀਆਂ ਖੁਸ਼ੀਆਂ ਪਰਾਪਤ ਕਰਨ ਅਤੇ ਇਸ ਵਿਸ਼ੇਸ਼ ਅਵਸਰ ਦਾ ਪੂਰਨ ਲਾਭ ਉਠਾਉਣ ਲਈ ਪਰਿਵਾਰਾਂ ਸਮੇਤ ਹੁੰਮ-ਹੁੰਮਾ ਕੇ ਪਹੁੰਚਣ ਲਈ ਅਪੀਲ ਅਤੇ ਖੁਲ੍ਹਾ ਸੱਦਾ ਦਿਤਾ ਜਾਂਦਾ ਹੈ। ਲੰਗਰਾਂ ਦੀ ਸੇਵਾ ਸਰਦਾਰ ਚਰਨਜੀਤ ਸਿੰਘ ਬਾਠ ਅਤੇ ਪਰਿਵਾਰ ਵਲੋਂ ਕੀਤੀ ਜਾਵੇਗੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ: ਚਰਨਜੀਤ ਸਿੰਘ ਬਾਠ (559) 284 1149, ਪਸ਼ੌਰਾ ਸਿੰਘ ਢਿਲੋਂ (559) 479 1211, ਅਮਰੀਕ ਸਿੰਘ ਵਿਰਕ (559) 304 2107, ਰਾਜਵਿੰਦਰਪਾਲ ਸਿੰਘ ਬਰਾੜ (559) 708 9199 2025 W. Clemenceau Ave, Caruthers, CA 93609 Tel: (559) 864 7000

*****

# ਮੁੰਬਈ ਹਮਲਿਆਂ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਅਮਰੀਕਾ ਭਾਰਤ ਨਾਲ: ਟਰੰਪ

**ਵਾਸ਼ਿੰਗਟਨ–** ਮੁੰਬਈ ਵਿਚ ਹੋਏ ਅਤਿਵਾਦੀ ਹਮਲਿਆਂ ਦੇ ਪੀੜਤਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਨਸਾਫ਼ ਹਾਸਲ ਕਰਨ ਲਈ ਭਾਰਤ ਦੇ ਲੋਕਾਂ ਨਾਲ ਇੱਕਮੁੱਠਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਅਤਿਵਾਦੀਆਂ ਨੂੰ ਕਦੇ ਵੀ ਜਿੱਤਣ ਨਹੀਂ ਦਿੱਤਾ ਜਾਵੇਗਾ। ਇਜ਼ਰਾਈਲ ਨੇ ਪਾਕਿਸਤਾਨ ਕੋਲੋਂ ਮੰਗ ਕੀਤੀ ਹੈ ਕਿ ਉਹ ਮੁੰਬਈ ਹਮਲੇ ਦੇ ਪੀੜਤਾਂ ਨੂੰ ਪੂਰਾ ਇਨਸਾਫ਼ ਦੇਣਾ ਯਕੀਨੀ ਬਣਾਏ। ਜ਼ਿਕਰਯੋਗ ਹੈ ਕਿ ਮੁੰਬਈ ਵਿਚ 26 ਨਵੰਬਰ, 2008 ਨੂੰ ਛੇ ਅਮਰੀਕੀ ਨਾਗਰਿਕਾਂ ਅਤੇ ਛੇ ਇਜ਼ਰਾਈਲੀ ਨਾਗਰਿਕਾਂ ਸਮੇਤ 166 ਲੋਕ ਮਾਰੇ ਗਏ ਸਨ। ਇਹ ਹਮਲਾ ਲਸ਼ਕਰ ਏ ਤੋਇਬਾ ਦੇ ਦਸ ਅਤਿਵਾਦੀਆਂ ਵੱਲੋਂ ਕੀਤਾ ਗਿਆ ਸੀ ਅਤੇ ਕਰੀਬ ਤਿੰਨ ਦਿਨ ਚੱਲਿਆ ਸੀ। ਹਮਲੇ 'ਚ ਸ਼ਾਮਲ 9 ਅਤਿਵਾਦੀ ਸੁਰੱਖਿਆ ਬਲਾਂ ਹੱਥੋਂ ਮਾਰੇ ਗਏ ਸਨ ਅਤੇ ਇਕ ਅਜ਼ਮਲ ਕਸਾਬ ਨਾਂਅ ਦਾ ਅਤਿਵਾਦੀ ਸੁਰੱਖਿਆ ਬਲਾਂ ਨੇ ਗ੍ਰਿਫ਼ਤਾਰ ਕਰ ਲਿਆ ਸੀ ਅਤੇ ਬਾਅਦ ਵਿਚ ਉਸ ਨੂੰ ਫਾਂਸੀ ਦੇ ਦਿੱਤੀ ਗਈ ਸੀ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੁੰਬਈ



ਅਤਿਵਾਦੀ ਹਮਲਿਆਂ ਦੀ 10ਵੀ ਵਰ੍ਹੇਗੰਢ ਮੌਕੇ ਟਵੀਟ ਕਰਕੇ ਕਿਹਾ ਹੈ ਕਿ ਅਮਰੀਕਾ, ਭਾਰਤ ਦੇ ਲੋਕਾਂ ਦੀ ਇਨਸਾਫ਼ ਹਾਸਲ ਕਰਨ ਦੀ ਚਾਹਤ ਦਾ ਹਮਾਇਤੀ ਹੈ। ਉਨ੍ਹਾਂ ਕਿਹਾ ਕਿ ਅਸੀਂ ਅਤਿਵਾਦੀਆਂ ਨੂੰ ਕਦੇ ਵੀ ਜਿੱਤਣ ਨਹੀਂ ਦੇਵਾਂਗੇ। ਰਾਸ਼ਟਰਪਤੀ ਦਾ ਇਹ ਬਿਆਨ ਅਮਰੀਕੀ ਪ੍ਰਸ਼ਾਸਨ ਵੱਲੋਂ ਪਾਕਿਸਤਾਨ ਦੀ ਅਤਿਵਾਦ ਵਿਰੁੱਧ ਲੜਾਈ ਵਿਚ ਕੀਤੀ ਜਾ ਰਹੀ ਅਰਬਾਂ ਰੁਪਏ ਦੀ ਆਰਥਿਕ ਮੱਦਦ ਰੋਕਣ ਤੋਂ ਬਾਅਦ ਆਇਆ ਹੈ।

# ਮਾਲਟ, ਕੈਲੇਫੋਰਨੀਆ ਤੋਂ ਪ੍ਰਗਟ ਸਿੰਘ ਸੰਧੂ ਕੌਂਸਲ ਮੈਂਬਰ ਚੁਣੇ ਗਏ

**ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਕੈਲੇਫੋਰਨੀਆ ਦੇ ਗਾਲਟ ਸ਼ਹਿਰ ਦੀਆਂ ਕੌਂਸਲ ਚੋਣਾਂ ਦੌਰਾਨ ਸਥਾਨਕ ਭਾਈਚਾਰੇ ਵਿਚ ਮੁਕਾਮ ਰੱਖਣ ਵਾਲੇ ਪ੍ਰਗਟ ਸਿੰਘ ਸੰਧੂ ਉਰਫ ਪਾਲ ਸੰਧੂ ਜੇਤੂ ਰਹੇ। ਮੌਜੂਦਾ ਸਮੇਂ ਉਹ ਗਾਜਟ ਸਿਟੀ ਦੇ ਪਲਾਨਿੰਗ ਕਮਿਸ਼ਨਰ ਹਨ, ਉਹ ਕਰੀਬ 24 ਸਾਲਾਂ ਤੋਂਗਾਲਟ ਸ਼ਹਿਰ 'ਚ ਆਪਣੀ ਪਤਨੀ ਅਮਰਜੀਤ ਸੰਧੂ ਤੇ ਬੱਚਿਆਂ ਨਾਲ ਰਹਿ ਰਹੇ ਸਨ।ਇੱਥੇ ਆ ਕੇ ਸੰਧੂ ਨੇ ਪਹਿਲਾਂ ਖੇਤਾਂ 'ਚ ਕੰਮ ਕੀਤਾ ਤੇ ਫਿਰ ਅਮਰੀਕਾ ਦੇ ਡਾਕ ਵਿਭਾਗ ਵਿਚ ਕੰਮ ਕੀਤਾ। ਅੱਜਕਲ੍ਹ ਆਪਣਾ ਅਮਰੀਕਾ ਦਾ ਬਿਹਤਰੀਨ ਮੰਨੇ ਜਾਂਦੇ ਹੋਟਲ ਬੈਸਟ ਵੈਸਟਰਨ ਦੇ ਮਾਲਕ ਹਨ। ਪ੍ਰਗਟ ਸਿੰਘ ਸੰਧੂ ਸੈਕਰਾਮੈਂਟੋ ਦੇ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਦੇ ਪ੍ਰਧਾਨ ਹਨ ਤੇ ਉਹ ਗੁਰਦੁਆਰਾ ਬਰਾਡਸ਼ਾਅ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਉਹ ਹੋਰ ਕਈ ਸੰਸਥਾਵਾਂ ਰਾਹੀਂ ਭਾਈਚਾਰੇ ਲਈ ਸਰਗਰਮ ਰਹਿੰਦੇਹਨ। ਪ੍ਰਗਟ ਸੰਧੂ ਨੇ ਕਿਹਾ ਕਿ ਹੁਣ ਉਹ ਕੌਂਸਲ ਮੈਂਬਰ ਚੁਣੇ ਜਾਣ ਤੋਂ ਬਾਅਦ ਮਾਲਟ ਨਿਵਾਸੀਆਂ ਦੀ ਪੂਰੀ ਤਨਦੇਹੀ ਨਾਲ ਸੇਵਾ ਕਰਨਗੇ। ਉਹਨਾਂ ਹੋਰ ਕਿਹਾ ਕਿ ਸਿੱਖ ਭਾਈਚਾਰੇ ਦੀ ਨਵੀਂ ਪੀੜ੍ਹੀ ਨੂੰ ਸਥਾਨਕ ਸਿਆਸਤ ਨਾਲ ਜੁੜ ਕੇ ਉਪਰ ਤੱਕ ਆਉਣਾ ਚਾਹੀਦਾ ਹੈ ਤੇ ਇਸ ਨਾਲ ਪੰਜਾਬੀਆਂ ਦੀ ਹੋਂਦ ਰਹਿ ਸਕਦੀ ਹੈ।



# 'ਆਪ' ਦੇ ਬਾਗੀ ਧੜੇ, ਬੈਂਸ ਭਰਾਵਾਂ ਤੇ ਗਾਂਧੀ ਨੇ ਹੱਥ ਮਿਲਾਏ

**ਚੰਡੀਗੜ੍ਹ–** ਆਮ ਆਦਮੀ ਪਾਰਟੀ ਦੇ ਬਾਗੀ ਧੜੇ ਦੇ ਆਗੂ ਸੁਖਪਾਲ ਖਹਿਰਾ, ਲੋਕ ਇਨਸਾਫ਼ ਪਾਰਟੀ ਦੇ ਬੈਂਸ ਭਰਾਵਾਂ ਅਤੇ ਸੰਸਦ ਮੈਂਬਰ ਤੇ ਪੰਜਾਬ ਮੰਚ ਦੇ ਮੁਖੀ ਡਾ. ਧਰਮਵੀਰ ਗਾਂਧੀ ਨੇ ਅਸਿੱਧੇ ਢੰਗ ਨਾਲ ਸਿਆਸੀ ਹੱਥ ਮਿਲਾ ਲਏ ਹਨ ਅਤੇ ਜਲਦੀ ਹੀ ਰਵਾਇਤੀ ਪਾਰਟੀਆਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਦੇ ਬਰਾਬਰ ਸਿਆਸੀ ਪਾਰਟੀ ਬਣਾਉਣ ਦੇ ਸੰਕੇਤ ਦਿੱਤੇ ਹਨ। ਇਨ੍ਹਾਂ ਤਿੰਨਾਂ ਧਿਰਾਂ ਵੱਲੋਂ ਸਾਂਝੇ ਤੌਰ 'ਤੇ ਪੰਜਾਬ ਦੇ ਮੁੱਖ ਮੁੱਦਿਆਂ ਬਾਰੇ 8 ਤੋਂ 16 ਦਸੰਬਰ ਤਕ 9 ਦਿਨਾਂ ਇਨਸਾਫ਼ ਮਾਰਚ ਕੱਢਣ ਦਾ ਐਲਾਨ ਕੀਤਾ ਗਿਆ, ਪਰ ਸਿਆਸੀ ਹਲਕਿਆਂ ਅਨੁਸਾਰ ਇਹ ਧਿਰਾਂ ਇਨਸਾਫ਼ ਮਾਰਚ ਰਾਹੀਂ ਆਪਣੀ ਸਿਆਸੀ ਜ਼ਮੀਨ ਦੀ ਪਰਖ ਕਰਨਾ ਚਾਹੁੰਦੀਆਂ ਹਨ ਅਤੇ ਲੋਕਾਂ ਦੇ ਹੁੰਗਾਰੇ ਨੂੰ ਆਧਾਰ ਬਣਾ ਕੇ ਹੀ ਨਵੀਂ ਸਿਆਸੀ ਪਾਰਟੀ



ਬਣਾਉਣ ਦਾ ਫ਼ੈਸਲਾ ਲਿਆ ਜਾਵੇਗਾ। ਭਾਵੇਂ ਇਨ੍ਹਾਂ ਧਿਰਾਂ ਨੇ ਬਰਗਾੜੀ ਵਿਚ ਪਹਿਲੀ ਜੂਨ ਤੋਂ ਚੱਲ ਰਹੇ ਇਨਸਾਫ਼ ਮੋਰਚੇ ਨਾਲ ਨਾਮ ਜੋੜ ਕੇ 'ਇਨਸਾਫ਼ ਮਾਰਚ' ਕਰਨ ਦਾ ਐਲਾਨ ਕੀਤਾ ਹੈ ਪਰ ਬਰਗਾੜੀ ਮੋਰਚੇ ਦੀ ਕੋਈ ਵੀ ਧਿਰ ਇਸ ਇਨਸਾਫ਼ ਮਾਰਚ ਵਿਚ ਸ਼ਾਮਲ ਨਹੀਂ ਹੋਈ ਹੈ। 'ਆਪ' ਦੇ ਬਾਗੀ ਧੜੇ ਦੇ ਆਗੂ ਤੇ ਪਾਰਟੀ ਵਿਚੋਂ ਮੁਅੱਤਲ ਕੀਤੇ ਵਿਧਾਇਕ ਸੁਖਪਾਲ ਖਹਿਰਾ, ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਅਤੇ ਪੰਜਾਬ ਮੰਚ ਦੇ ਮੁਖੀ ਤੇ 'ਆਪ' ਵਿਚੋਂ ਮੁਅੱਤਲ ਕੀਤੇ ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਇੱਥੇ ਮੀਡੀਆ ਦੇ ਰੂਬਰੂ ਹੁੰਦਿਆਂ ਐਲਾਨ ਕੀਤਾ ਕਿ ਇਨਸਾਫ਼ ਮਾਰਚ ਦੇ ਅਖੀਰਲੇ ਦਿਨ ਪਟਿਆਲਾ ਵਿਚ ਸਮਾਪਤੀ ਰੈਲੀ ਦੌਰਾਨ ਲੋਕਾਂ ਕੋਲੋਂ ਤੀਸਰੇ ਸਿਆਸੀ ਫਰੰਟ ਨੂੰ ਬਣਾਉਣ ਦੀ ਲੋੜ ਬਾਰੇ ਰਾਇ ਲਈ ਜਾਵੇਗੀ।

# ਬੇਅਦਬੀ ਕਾਂਡ: ਗਿਆਨੀ ਗੁਰਬਚਨ ਸਿੰਘ ਨੂੰ ਜਾਂਚ 'ਚ ਸ਼ਾਮਲ ਕਰਨ ਦੀ ਮੰਗ

**ਅੰਮ੍ਰਿਤਸਰ–** ਬੇਅਦਬੀ ਅਤੇ ਗੋਲੀ ਕਾਂਡ ਦੀ ਜਾਂਚ ਲਈ ਸਰਕਾਰ ਵੱਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਕੋਲੋਂ ਮੰਗ ਕੀਤੀ ਗਈ ਹੈ ਕਿ ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਵੀ ਜਾਂਚ 'ਚ ਸ਼ਾਮਲ ਕਰਕੇ ਪੁੱਛਗਿੱਛ ਕੀਤੀ ਜਾਵੇ। ਇਹ ਮੰਗ ਸ਼੍ਰੋਮਣੀ ਅਕਾਲੀ ਦਲ 'ਚੋਂ ਫਾਰਗ ਕੀਤੇ ਗਏ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਨੇ ਕੀਤੀ ਹੈ। ਉਸ ਨੇ ਵਿਸ਼ੇਸ਼ ਜਾਂਚ ਟੀਮ ਦੇ ਮੈਂਬਰ ਆਈਜੀ ਕੁੰਵਰ ਵਿਜੇ ਪ੍ਰਤਾਪ ਨਾਲ ਮੁਲਾਕਾਤ ਕੀਤੀ ਹੈ ਅਤੇ ਆਪਣੀ ਮੰਗ ਸਬੰਧੀ ਇਕ ਪੱਤਰ ਸੌਂਪਿਆ ਹੈ।

ਸ੍ਰੀ ਬੋਨੀ ਨੇ ਆਖਿਆ ਕਿ ਆਈਜੀ ਵੱਲੋਂ ਭਰੋਸਾ ਦਿੱਤਾ ਗਿਆ ਹੈ ਕਿ ਇਸ ਮਾਮਲੇ ਵਿਚ ਨਿਆਂ ਕੀਤਾ ਜਾਵੇਗਾ ਅਤੇ ਲੋੜ ਮੁਤਾਬਕ ਕਿਸੇ ਵੀ ਵਿਅਕਤੀ ਕੋਲੋਂ ਪੁੱਛਗਿਛ ਕੀਤੀ ਜਾ ਸਕਦੀ ਹੈ। ਦੱਸਣਯੋਗ ਹੈ ਕਿ ਜਾਂਚ ਟੀਮ ਵੱਲੋਂ ਇਸੇ ਮਾਮਲੇ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਉਘੇ ਕਲਾਕਾਰ ਅਕਸ਼ੈ ਕੁਮਾਰ ਕੋਲੋਂ ਵੀ ਪੁੱਛਗਿੱਛ ਕੀਤੀ ਜਾ ਚੁੱਕੀ ਹੈ। ਪੰਜਾਬ ਸਰਕਾਰ ਵੱਲੋਂ ਇਹ ਵਿਸ਼ੇਸ਼ ਜਾਂਚ ਟੀਮ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਤੋਂ ਬਾਅਦ ਬਣਾਈ ਗਈ ਹੈ। ਸਾਬਕਾ ਅਕਾਲੀ ਵਿਧਾਇਕ ਵਲੋਂ ਦਿੱਤੇ ਗਏ ਪੱਤਰ ਵਿਚ ਉਨ੍ਹਾਂ ਕਿਹਾ ਕਿ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਤੰਬਰ 2015 ਵਿਚ ਮੁਆਫ਼ੀ ਦਿੱਤੇ ਜਾਣ ਨਾਲ ਹੀ ਇਹ ਸਾਰਾ ਮਾਮਲਾ ਜੁੜਿਆ ਹੋਇਆ ਹੈ। ਉਸ ਵਕਤ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਨ। ਉਨ੍ਹਾਂ ਦੋਸ਼ ਲਾਇਆ ਕਿ ਉਸ ਵੇਲੇ ਉਨ੍ਹਾਂ ਪੰਥਕ ਪ੍ਰੰਪਰਾਵਾਂ ਨੂੰ ਅੱਖੋਂ ਪਰੋਖੇ ਕਰਦੇ ਹੋਏ ਡੇਰਾ ਮੁਖੀ ਨੂੰ ਮੁਆਫੀ ਦਿੱਤੀ ਸੀ। ਸਿੱਖ ਸੰਗਤ ਦੇ ਵਿਰੋਧ ਕਾਰਨ ਹੀ ਮੁਆਫੀ ਦਾ ਫੈਸਲਾ ਵਾਪਸ ਲੈਣਾ ਪਿਆ ਸੀ।

ਇਹ ਫੈਸਲਾ ਹੀ ਸਾਰੀਆਂ ਘਟਨਾਵਾਂ ਲਈ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਇਹ ਪਤਾ ਲਾਉਣ ਦੀ ਲੋੜ ਹੈ ਕਿ ਮੁਆਫੀ ਦੇਣ ਦੇ ਫੈਸਲੇ ਪਿੱਛੇ ਕਿਹੜੀਆਂ ਪੰਥ ਦੋਖੀ ਤਾਕਤਾਂ ਕੰਮ ਕਰ ਰਹੀਆਂ ਸਨ। ਉਨ੍ਹਾਂ ਕਿਹਾ ਕਿ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੋਂ ਇਲਾਵਾ ਬਾਕੀ ਤਖਤਾਂ ਦੇ ਜਥੇਦਾਰਾਂ ਦਾ ਇਸ ਮਾਮਲੇ ਵਿਚ ਕੀ ਰੋਲ ਸੀ, ਇਹ ਵੀ ਜਾਂਚ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਇਹ ਸਾਰੀ ਪ੍ਰਕਿਰਿਆ ਨੂੰ ਬਹਿਬਲ ਕਲਾਂ ਗੋਲੀ ਕਾਂਡ ਨਾਲ ਜੋੜ ਕੇ ਇਸ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਇਸ ਨਾਲ ਇਹ ਪਤਾ ਲੱਗੇਗਾ ਕਿ ਉਚ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਦੇ ਗੈਰ ਜ਼ਿੰਮੇਵਾਰ ਫੈਸਲਿਆਂ ਨਾਲ ਕਿੰਨਾ ਵੱਡਾ ਕੌਮੀ ਨੁਕਸਾਨ ਹੋਇਆ ਹੈ। ਇਸ ਤੋਂ ਇਲਾਵਾ ਇਹ ਗੱਲ ਵੀ ਸਾਫ ਹੋ ਜਾਵੇਗੀ ਕਿ ਕੌਣ ਕਸੂਰਵਾਰ ਹੈ।

ਉਨ੍ਹਾਂ ਜਾਂਚ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਸਾਬਕਾ ਜਥੇਦਾਰ ਅਤੇ ਇਸ ਮਾਮਲੇ ਨਾਲ ਜੁੜੇ ਬਾਕੀ ਜਥੇਦਾਰ ਜਿਨ੍ਹਾਂ ਵੱਲੋਂ ਮੁਆਫ਼ੀ ਦਿੱਤੀ ਗਈ ਸੀ, ਨੂੰ ਵੀ ਜਾਂਚ ਮਾਮਲੇ ਵਿਚ ਸ਼ਾਮਲ ਕੀਤਾ ਜਾਵੇ।

## Matrimonials

**ਲੜਕੀ ਦੀ ਲੋੜ**

27 ਸਾਲਾ ਸਾਊਦੀ ਅਰਬ ਗਏ ਹੋਏ ਲੜਕੇ ਲਈ ਵਿਦੇਸ਼ ਵਿਚ ਸੈਟਲ ਲੜਕੀ ਦੀ ਲੋੜ ਹੈ। ਲੜਕੇ ਦਾ ਗੋਤ ਵੜੈਚ, ਪਿੰਡ ਅਮਲੋਹ, ਕੱਦ 6 ਫੁੱਟ, ਸੋਹਣਾ ਸੁਨੱਖਾ ਵੈਸ਼ਨੋ ਹੈ।
ਚਾਹਵਾਨ ਸੰਪਰਕ ਕਰਨ ਜਸਵੀਰ ਰਾਣਾ 91-98156-59220

---------------------

**ਲੜਕੀ ਦੀ ਲੋੜ**

ਵਾਲਮੀਕ ਭਾਈਚਾਰੇ ਨਾਲ ਸਬੰਧਤ 26 ਸਾਲਾ ਸਾਫਟਵੇਅਰ ਇੰਜੀਨੀਅਰ ਲੜਕੇ ਲਈ ਕੈਨੇਡਾ ਜਾਂ ਅਮਰੀਕਾ ਤੋਂ ਪੜ੍ਹੀ-ਲਿਖੀ, ਸੁਸ਼ੀਲ ਲੜਕੀ ਦੀ ਲੋੜ ਹੈ। ਲੜਕੇ ਦੇ ਚਾਚਾ ਜੀ ਅਮਰੀਕਾ ਵਿਚ ਰਹਿ ਰਹੇ ਹਨ। ਹੋਰ ਜਾਣਕਾਰੀ ਲਈ ਚਾਹਵਾਨ ਸੰਪਰਕ ਕਰੋ: 209 242 3642

-------------------------

Suitable Match Required For RAVIDASIA
Beautiful & Smart Girl 03-11-90 Ht.5'-4"
M.Sc. Biotechnology. (IELTS 6 BAND)
Presently on Teaching job in Pvt.Inst. Contact NRI only.
Minimum Degree (Med/Non-Med/Engg.)
Doaba Area Preffered
Family Detail: Father: Civil Engineer, Mother: House Wife
2 Brothers: (Civil Engineers)
Cell: +91-9877505351, WhatsApp: +91-8054208733

* ਦੇਸ਼ ਦੁਆਬਾ ਵਿਚ ਹੁਣ ਤੱਕ ਛਾਪੇ ਜਾਂਦੇ ਰਹੇ ਮੈਟਰੀਮੋਨੀਅਲ, ਸਾਰੇ ਮੁਫਤ ਛਾਪੇ ਗਏ ਅਤੇ ਇਹ ਸਹੂਲਤ ਇਸ ਸਾਲ ਦੇ ਅਖੀਰ ਤੱਕ ਜਾਰੀ ਰਹੇਗੀ।
* ਸਬੰਧਤ ਧਿਰਾਂ ਵੱਲੋਂ ਦਿੱਤੀ ਜਾਂਦੀ ਜਾਣਕਾਰੀ ਲਈ ਉਹ ਖੁਦ ਜ਼ਿੰਮੇਵਾਰ ਹੋਣਗੀਆਂ, ਅਦਾਰਾ 'ਦੇਸ਼ ਦੁਆਬਾ' ਦੇ ਸਬੰਧਤ ਬੋਰਡ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price

Prop: Jasbir Singh Takhar
510-755-2132
Free Estimates
Free Towing
510- 733- 2222
1421 Industrial PKWY West#F Hayward, CA 94544

Harmandeep Singh

# ਗੁਰਦੁਆਰਾ ਪੰਜਾ ਸਾਹਿਬ ਵਿਚ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਮਨਾਇਆ

**ਇਸਲਾਮਾਬਾਦ–** ਪਾਕਿਸਤਾਨ ਦੇ ਪੰਜਾਬ ਵਿਚ ਸਥਿਤ ਗੁਰ-ਦੁਆਰਾ ਪੰਜਾ ਸਾਹਿਬ ਵਿਖੇ ਵਿਸ਼ਵ ਭਰ ਤੋਂ ਪੁੱਜੀਆਂ ਸੰਗਤਾਂ ਨੇ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ 549ਵਾਂ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ। ਜਾਣਕਾਰੀ ਮੁਤਾਬਕ ਭਾਰਤ ਤੋਂ 3800 ਤੋਂ ਵੱਧ ਸਿੱਖ ਸ਼ਰਧਾਲੂ, ਯੂਕੇ ਤੋਂ 148, ਸਾਊਦੀ ਅਰਬ ਤੋਂ ਸੱਤ ਅਤੇ ਪਾਕਿਸਤਾਨ ਦੇ ਵੱਖ ਵੱਖ ਹਿੱਸਿਆਂ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੂ ਤੇ ਸਿੱਖ ਸ਼ਰਧਾਲੂ ਸਿੱਖ ਧਰਮ ਦੇ ਤੀਜੇ ਸਭ ਤੋਂ ਅਹਿਮ ਅਸਥਾਨ ਮੰਨੇ ਜਾਣ ਵਾਲੇ ਗੁਰਦੁਆਰਾ ਸਾਹਿਬ ਵਿਖੇ ਪੁੱਜੇ ਅਤੇ ਆਪਣੀ ਅਕੀਦਤ ਭੇਟ ਕੀਤੀ। ਇਸ ਮੌਕੇ ਸਰਕਾਰ ਵੱਲੋਂ ਵੱਡੇ ਪੱਧਰ ’ਤੇ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਭਾਰਤੀ ਸ਼ਰਧਾਲੂਆਂ ਦੇ ਮੁਖੀ ਮਰਜੀਤ ਸਿੰਘ ਨੇ ਇਸ ਮੌਕੇ



ਪਾਕਿਸਤਾਨ ਸਰਕਾਰ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਸਬੰਧੀ ਨਿਭਾਈ ਭੂਮਿਕਾ ਦੀ ਸ਼ਲਾਘਾ ਕੀਤੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਰਮਿੰਦਰ ਸਿੰਘ ਨੇ ਕਿਹਾ ਕਿ ਦੋਵਾਂ ਮੁਲਕਾਂ ਵਿਚ ਅਜਿਹੇ ਹੋਰ ਲਾਂਘੇ ਵੀ ਖੋਲ੍ਹੇ ਜਾਣੇ ਚਾਹੀਦੇ ਹਨ। ਔਰਤਾਂ ਦੇ ਜਥੇ ਦੀ ਅਗਵਾਈ ਕਰ ਰਹੀ ਮਨਮੋਹਨ ਕੌਰ ਨੇ ਰੇਲਵੇ ਵਿਭਾਗ ਦੇ ਪ੍ਰਬੰਧਾਂ ’ਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਦੱਸਿਆ ਕਿ ਵਿਭਾਗ ਦੀ ਅਣਗਹਿਲੀ ਕਾਰਨ ਨਨਕਾਣਾ ਸਾਹਿਬ ਵਿਖੇ 113 ਸ਼ਰਧਾਲੂ ਛੁੱਟ ਗਏ ਹਨ। ਦੂਜੇ ਪਾਸੇ, ਮੀਡੀਆ ਨਾਲ ਗੱਲਬਾਤ ਕਰਦਿਆਂ ਈਟੀਪੀਬੀ ਦੇ ਉਪ ਸਕੱਤਰ ਇਮਰਾਨ ਗੋਂਡਲ ਨੇ ਕਿਹਾ ਕਿ ਰੇਲਵੇ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਅਜਿਹਾ ਹੋਇਆ ਹੈ ਜਿਨ੍ਹਾਂ ਨੂੰ ਸ਼ਰਧਾਲੂਆਂ ਦੀ ਨਾਰਾਜ਼ਗੀ ਬਾਰੇ ਦੱਸ ਦਿੱਤਾ ਗਿਆ ਹੈ।

# ਉਪ ਰਾਸ਼ਟਰਪਤੀ ਨੇ ਮੁੱਖ ਮੰਤਰੀ ਕੈਪਟਨ ਸਮੇਤ ਕੇਂਦਰੀ ਤੇ ਸੂਬਾਈ ਮੰਤਰੀਆਂ ਦੀ ਹਾਜ਼ਰੀ ਵਿਚ ਲਾਂਘੇ ਲਈ ਨੀਹ ਪੱਥਰ ਰੱਖਿਆ

**ਡੇਰਾ ਬਾਬਾ ਨਾਨਕ–** ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਦੇ ਲਾਂਘੇ ਨੂੰ ਖੋਲ੍ਹਣ ਲਈ ਅੱਜ ਕਸਬਾ ਡੇਰਾ ਬਾਬਾ ਨਾਨਕ ਵਿਖੇ ਉਪ ਰਾਸ਼ਟਰਪਤੀ ਐਮ ਵੈਂਕੱਈਆ ਨਾਇਡੂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਕੇਂਦਰੀ ਤੇ ਸੂਬਾਈ ਮੰਤਰੀਆਂ ਦੀ ਹਾਜ਼ਰੀ ਵਿਚ ਇਸ ਲਾਂਘੇ ਲਈ ਨੀਂਹ ਪੱਥਰ ਰੱਖਿਆ। ਨੀਂਹ ਪੱਥਰ ਰੱਖਣ ਸਮੇਂ ਹਰਿਮੰਦਰ ਸਾਹਿਬ ਤੋਂ ਅੰਮ੍ਰਿਤਸਰ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਵੱਲੋਂ ਲਿਆਂਦਾ ਪਵਿੱਤਰ ਜਲ ਛਿੜਕਾਇਆ ਗਿਆ। ਪਾਕਿਸਤਾਨ ਵਾਲੇ ਪਾਸੇ ਇਸ ਲਾਂਘੇ ਦਾ ਨੀਂਹ ਪੱਥਰ 28 ਨਵੰਬਰ ਨੂੰ ਰੱਖਿਆ ਜਾਵੇਗਾ। ਸਮਾਗਮ ਵਿਚ ਗੁਆਂਢੀ ਮੁਲਕ ਪਾਕਿਸਤਾਨ ਨੂੰ ਸਦਭਾਵਨਾ ਤੇ ਭਾਈਚਾਰਕ ਸਾਂਝ ਮਜ਼ਬੂਤ ਕਰਨ ਦਾ ਸੁਨੇਹਾ ਤਾਂ ਦਿੱਤਾ ਗਿਆ ਪਰ ਇਹ ਸੰਦੇਸ਼ ਪੰਡਾਲ ਵਿਚ ਹਾਜ਼ਰ ਕਾਂਗਰਸੀਆਂ ਅਤੇ ਅਕਾਲੀ ਆਗੂਆਂ ’ਤੇ ਲਾਗੂ ਨਾ ਹੋ ਸਕਿਆ। ਇਸ ਕਾਰਨ ਸਮਾਗਮ ਵਿਚ ਆਪਸੀ ਸਦਭਾਵਨਾ ਦੀ ਥਾਂ ਸਿਆਸਤ ਵਧੇਰੇ ਭਾਰੂ ਰਹੀ।

ਕਸਬੇ ਦੇ ਪਿੰਡ ਮਾਨ ਵਿਖੇ ਕੌਮੀ ਪੱਧਰੀ ਸਮਾਗਮ ਵਿਚ ਉਪ ਰਾਸ਼ਟਰਪਤੀ ਵੈਂਕੱਈਆ ਨਾਇਡੂ ਨੇ ਸ਼ਮੂਲੀਅਤ ਕਰਦਿਆਂ ਇਸ ਪ੍ਰਸਤਾਵਿਤ ਲਾਂਘੇ ਨੂੰ ਦੋਵਾਂ ਦੇਸ਼ਾਂ ਵਿਚਾਲੇ ਅਮਨ ਸ਼ਾਂਤੀ ਕਾਇਮ ਕਰਨ, ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਅਤੇ ਨਵੀਆਂ ਸਾਂਝਾਂ ਨੂੰ ਉਤਸ਼ਾਹਿਤ ਕਰਨ ਵਾਲਾ ਪੁਲ ਦੱਸਿਆ। ਆਪਣੇ ਭਾਸ਼ਣ ਦੀ ਸ਼ੁਰੂਆਤ ’ਚ ਪੰਜਾਬੀ ਬੋਲਣ ਦੀ ਕੋਸ਼ਿਸ਼ ਕਰਦਿਆਂ ਉਨ੍ਹਾਂ ਪੰਡਾਲ ਵਿਚ ਹਾਜ਼ਰ ਲੋਕਾਂ ਨੂੰ ’ਸਤਿ ਸ੍ਰੀ ਅਕਾਲ’ ਆਖੀ। ਮਗਰੋਂ ਉਨ੍ਹਾਂ ਆਪਣਾ ਭਾਸ਼ਣ ਅੰਗਰੇਜ਼ੀ ਅਤੇ ਹਿੰਦੀ ਵਿਚ ਦਿੱਤਾ, ਜਿਸ ਦਾ ਉਲਥਾ ਨਾਲ ਨਾਲ ਪੰਜਾਬੀ ਵਿਚ ਕੀਤਾ ਗਿਆ। ਉਨ੍ਹਾਂ ਆਖਿਆ ਕਿ ਅੱਜ ਦਾ ਦਿਨ ਸੰਭਾਵਿਤ ਤਬਦੀਲੀ ਵਾਲਾ ਹੈ ਅਤੇ ਇਹ ਭਾਰਤ ਸਰਕਾਰ ਵੱਲੋਂ ਲਾਂਘਾ ਬਣਾਉਣ ਦੇ ਫ਼ੈਸਲੇ ਨਾਲ ਹੀ ਸੰਭਵ ਹੋ ਸਕਿਆ ਹੈ। ਗੁਆਂਢੀ ਮੁਲਕ ਪਾਕਿਸਤਾਨ ਨੂੰ ਉਨ੍ਹਾਂ ਆਖਿਆ ਕਿ ਉਹ ਵੀ ਸਿੱਖਾਂ ਦੀਆਂ ਭਾਵਨਾਵਾਂ ਦਾ ਧਿਆਨ ਰੱਖਦਿਆਂ ਉਸੇ ਭਾਵਨਾ ਨਾਲ ਇਹ ਲਾਂਘਾ ਉਸਾਰੇ। ਸ੍ਰੀ ਨਾਇਡੂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ 18 ਸਾਲ ਕਰਤਾਰਪੁਰ



ਦੀ ਧਰਤੀ ’ਤੇ ਬਿਤਾਏ ਸਨ ਅਤੇ ਉਨ੍ਹਾਂ ਸਮੁੱਚੀ ਮਾਨਵਤਾ ਨੂੰ ਅਮਨ ਸ਼ਾਂਤੀ, ਆਪਸੀ ਪ੍ਰੇਮ ਅਤੇ ਭਾਈਚਾਰਕ ਸਾਂਝ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਨੂੰ ਗੁਰੂ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਮੁੜ ਚੰਗਾ ਮੌਕਾ ਮਿਲਿਆ ਹੈ ਅਤੇ ਇਹ ਲਾਂਘਾ ਦੋਵਾਂ ਮੁਲਕਾਂ ਤੇ ਅਵਾਮ ਵਿਚਾਲੇ ਪੁਲ ਦਾ ਕੰਮ ਕਰੇਗਾ। ’ਇਹ ਲਾਂਘਾ ਪੁਰਾਣੀਆਂ ਦਰਾਰਾਂ ਨੂੰ ਭਰੇਗਾ ਅਤੇ ਨਵੀਆਂ ਸਾਂਝਾਂ ਨੂੰ ਉਤਸ਼ਾਹਿਤ ਕਰੇਗਾ।’

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਪਾਕਿਸਤਾਨੀ ਫ਼ੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੂੰ ਵਧੇਰੇ ਨਿਸ਼ਾਨਾ ਬਣਾਇਆ ਅਤੇ ਦੋਸ਼ ਲਾਇਆ ਕਿ ਪਾਕਿਸਤਾਨੀ ਫ਼ੌਜ ਦੇ ਇਸ਼ਾਰੇ ’ਤੇ ਆਈ ਐਸ ਆਈ ਭਾਰਤ ਵਿਚ ਖ਼ੂਨ ਖ਼ਰਾਬਾ ਕਰਵਾ ਰਹੀ ਹੈ। ਕੈਪਟਨ ਨੇ ਕਿਹਾ ਕਿ ਉਨ੍ਹਾਂ ਪਾਕਿਸਤਾਨ ਦੇ ਸੱਦੇ ਨੂੰ ਇਸ ਲਈ ਠੁਕਰਾਇਆ ਕਿਉਂਕਿ ਪਾਕਿਸਤਾਨੀ ਫ਼ੌਜ ਸਰਹੱਦ ’ਤੇ ਲੁਕਵੇਂ ਹਮਲੇ ਕਰਕੇ ਭਾਰਤੀ ਫ਼ੌਜੀਆਂ ਨੂੰ ਮਾਰ ਰਹੀ ਹੈ। ਉਨ੍ਹਾਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਸੁਝਾਅ ਦਿੱਤਾ ਕਿ ਉਹ ਫ਼ੌਜ ਦੀ ਲਗਾਮ ਕੱਸਣ ਅਤੇ ਲੋਕਾਂ ਵਿਰੁੱਧ ਅਤਿਵਾਦ ਨੂੰ ਤੁਰੰਤ ਖ਼ਤਮ ਕਰਨ। ਅਜਿਹਾ ਨਾ ਹੋਣ ਦੀ ਸੂਰਤ ਵਿਚ ਭਾਰਤ ਵੀ ਸਖ਼ਤ ਪ੍ਰਤੀਕਿਰਿਆ ਕਰ ਸਕਦਾ ਹੈ। ਗ੍ਰਨੇਡ ਹਮਲੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕਾਂ ਦੀ ਰੱਖਿਆ ਕਰਨਾ ਉਨ੍ਹਾਂ ਦਾ ਮੁੱਢਲਾ ਧਰਮ ਹੈ ਅਤੇ ਉਹ ਇਸ ਨੂੰ ਪੂਰੀ ਤਰ੍ਹਾਂ ਨਿਭਾਉਣਗੇ। ਉਂਜ ਉਨ੍ਹਾਂ ਕਿਹਾ ਕਿ ਉਹ ਲਾਂਘੇ ਰਾਹੀਂ ਕਰਤਾਰਪੁਰ ਜਾਣ ਵਾਲੇ ਪਹਿਲੇ ਜਥੇ ਵਿਚ ਸ਼ਾਮਲ ਹੋਣਗੇ। ਮੁੱਖ ਮੰਤਰੀ ਨੇ ਆਖਿਆ ਕਿ ਲਾਂਘੇ ਰਾਹੀਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਜਾਣ ਵਾਲੇ ਸ਼ਰਧਾਲੂਆਂ ਲਈ ਐਮ ਵੀਜ਼ਾ ਲਾਗੂ ਕੀਤਾ ਜਾਵੇ, ਜਿਸ ਤਹਿਤ ਨਾ ਪਾਸਪੋਰਟ ਅਤੇ ਨਾ ਹੀ ਵੀਜ਼ਾ ਲੈਣ ਦੀ ਲੋੜ ਪਵੇ। ਉਨ੍ਹਾਂ ਸੁਝਾਅ ਰੱਖਿਆ ਕਿ ਪੰਜਾਬ ਸਰਕਾਰ ਸਰਹੱਦ ’ਤੇ ਵਿਸ਼ਾਲ ਗੇਟ ਉਸਾਰੇਗੀ, ਜਿਸ ਨੂੰ ’ਕਰਤਾਰਪੁਰ ਦਵਾਰ’ ਦਾ ਨਾਂ ਦਿੱਤਾ ਜਾਵੇਗਾ। ਉਨ੍ਹਾਂ ਕਸਬਾ ਕਰਤਾਰਪੁਰ ਦੇ ਵਿਕਾਸ ਲਈ ਕਰੋੜਾਂ ਰੁਪਏ ਦੇ ਪ੍ਰੋਜੈਕਟਾਂ ਦਾ ਵੀ ਐਲਾਨ ਕੀਤਾ।

ਉਨ੍ਹਾਂ ਕਰਤਾਰਪੁਰ ਸਾਹਿਬ ਨਾਲ ਆਪਣੇ ਪੁਰਖਿਆਂ ਦੀ ਸਾਂਝ ਦਾ ਵੀ ਜ਼ਿਕਰ ਕੀਤਾ।

ਸੜਕ ਆਵਾਜਾਈ ਅਤੇ ਰਾਜਮਾਰਗਾਂ ਬਾਰੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਆਖਿਆ ਕਿ ਇਹ ਲਾਂਘਾ ਉਨ੍ਹਾਂ ਦੇ ਵਿਭਾਗ ਵੱਲੋਂ ਸਾਢੇ ਚਾਰ ਮਹੀਨੇ ਦੇ ਸਮੇਂ ਵਿਚ ਮੁਕੰਮਲ ਕਰ ਦਿੱਤਾ ਜਾਵੇਗਾ, ਜਿਸ ਤਹਿਤ ਚਾਰ ਮਾਰਗੀ ਸੜਕ ਦੀ ਉਸਾਰੀ ਕੀਤੀ ਜਾਵੇਗੀ।

ਕੇਂਦਰੀ ਵਜ਼ੀਰ ਹਰਸਿਮਰਤ ਕੌਰ ਬਾਦਲ ਨੇ ਆਪਣੇ ਸੰਬੋਧਨ ’ਚ ਨਾਮ ਲਏ ਬਿਨ੍ਹਾਂ ਕੇਂਦਰ ਦੀਆਂ ਪਿਛਲੀਆਂ ਕਾਂਗਰਸੀ ਸਰਕਾਰਾਂ ਨੂੰ ਸਿੱਖ ਵਿਰੋਧੀ ਦੱਸਦਿਆਂ ਨਿਸ਼ਾਨਾ ਬਣਾਇਆ। ਉਨ੍ਹਾਂ ਆਖਿਆ ਕਿ ਗੁਰੂ ਸਾਹਿਬ ਨੇ ਕਰਤਾਰਪੁਰ ਲਾਂਘੇ ਦੀ ਸੇਵਾ ਦਾ ਮੌਕਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੌਂਪਿਆ ਹੈ। ਉਨ੍ਹਾਂ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦਾ ਵੀ ਸ਼ੁਕਰਾਨਾ ਕੀਤਾ, ਜੋ ਦੋ ਦਿਨ ਬਾਅਦ ਇਸ ਲਾਂਘੇ ਲਈ ਨੀਂਹ ਪੱਥਰ ਰੱਖ ਰਹੇ ਹਨ। ਉਨ੍ਹਾਂ ਆਪਸੀ ਕੁੜੱਤਣ ਦੂਰ ਕਰਕੇ ਅਤੇ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਇਸ ਲਾਂਘੇ ਲਈ ਯਤਨ ਕਰਨ ਵਾਸਤੇ ਆਖਿਆ।

ਸਮਾਗਮ ਨੂੰ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਸੰਸਦ ਮੈਂਬਰ ਸੁਨੀਲ ਜਾਖੜ ਨੇ ਵੀ ਸੰਬੋਧਨ ਕੀਤਾ। ਮੰਚ ’ਤੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਵਿਜੈ ਸਾਂਪਲਾ, ਪੰਜਾਬ ਦੇ ਰਾਜਪਾਲ ਵੀ ਪੀ ਸਿੰਘ ਬਦਨੌਰ, ਸਿੱਖਿਆ ਮੰਤਰੀ ਓ ਪੀ ਸੋਨੀ, ਰਾਣਾ ਗੁਰਮੀਤ ਸਿੰਘ ਸੋਢੀ, ਵਿਜੈ ਇੰਦਰ ਸਿੰਗਲਾ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਾਜ਼ਰ ਸਨ। ਵੱਖਰੇ ਮੰਚ ’ਤੇ ਧਾਰਮਿਕ ਸ਼ਖ਼ਸੀਅਤਾਂ ਹਾਜ਼ਰ ਸਨ, ਜਿਨ੍ਹਾਂ ਵਿਚ ਸੰਤ ਸਮਾਜ ਦੇ ਬਾਬਾ ਸਰਬਜੋਤ ਸਿੰਘ ਬੇਦੀ ਆਦਿ ਸ਼ਾਮਲ ਸਨ।

# ਕੇਂਦਰ ਸਰਕਾਰ ਦਾ ਕਰਤਾਰਪੁਰ ਲਾਂਘੇ ਸਬੰਧੀ ਉਪਰਾਲਾ ਇੱਕ ਚੰਗਾ ਕਦਮ

## ਅਮਰੀਕਾ ਦੇ ਸਿੱਖਾਂ ਦਾ ਕਰਤਾਰਪੁਰ ਲਾਂਘੇ ਨੂੰ ਖੁਲਵਾਉਣ ਵਿੱਚ ਅਹਿਮ ਰੋਲ

**ਵਾਸ਼ਿੰਗਟਨ ਡੀ. ਸੀ. (ਰਾਜ ਗੋਗਨਾ)–** ਕਰਤਾਰਪੁਰ ਸਾਹਿਬ ਸਿੱਖਾਂ ਦਾ ਮੱਕਾ ਹੈ। ਗੁਰੂ ਨਾਨਕ ਸਾਹਿਬ ਸਰਬ-ਸਾਂਝੀਵਾਲਤਾ ਦਾ ਮੁਜੱਸਮਾ ਹਨ।ਸਾਂਝੇ ਗੁਰੂ ਦੀਆਂ ਸਿੱਖਿਆਵਾਂ ਮਾਨਵਤਾ ਲਈ ਪ੍ਰੇਰਨਾਸ੍ਰੋਤ ਹਨ। ਜਦੋਂ ਚਾਦਰ ਵੰਡੀ ਗਈ ਸੀ, ਉਸੇ ਦਿਨ ਤੋਂ ਦੋ ਟੁਕੜਿਆਂ ਵਿੱਚ ਭਾਰਤ ਵੰਡਿਆ ਗਿਆ ਸੀ। ਕਿਸੇ ਨੇ ਨਹੀਂ ਸੋਚਿਆ ਸੀ ਕਿ ਸਿੱਖਾਂ ਦੇ ਨੌਂ ਗੁਰੂਆਂ ਦੇ ਅਸਥਾਨ ਪਾਕਿਸਤਾਨ ਵਿੱਚ ਚਲੇ ਜਾਣਗੇ। ਪਰ ਜਦੋਂ ਵੰਡ ਹੋ ਗਈ ਤਾਂ ਖਿਆਲ ਆਇਆ ਕਿ ਸਾਨੂੰ ਸਾਡੇ ਤੀਰਥ ਅਸਥਾਨਾਂ ਦੇ ਖੁਲ੍ਹੇ ਦਰਸ਼ਨ ਦੀਦਾਰੇ ਅਤੇ ਸੇਵਾ ਸੰਭਾਲ ਮਿਲਣੀ ਚਾਹੀਦੀ ਹੈ। ਜਿਸ ਲਈ ਜੱਦੋ ਜਹਿਦ ਹੁੰਦੀ ਰਹੀ। ਪਹਿਲਾ ਗੁਰਦੁਆਰਾ ਪ੍ਰਬੰਧ ਕਮੇਟੀ ਪਾਕਿਸਤਾਨ ਹੋਂਦ ਵਿੱਚ ਸਵਰਗਵਾਸੀ ਗੰਗਾ ਸਿੰਘ ਢਿਲੋ ਨੇ ਹੋਂਦ ਵਿੱਚ ਲਿਆਂਦੀ।ਉਪਰੰਤ ਵੀਜ਼ੇ ਰਾਹੀਂ ਗੁਰਪੁਰਬ ਮਨਾਉਣ ਦਾ ਉਪਰਾਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਫਿਰ ਕਰਤਾਰਪੁਰ ਸਾਹਿਬ ਲਾਂਘੇ ਲਈ ਡੇਰਾ ਬਾਬਾ ਨਾਨਕ ਅਰਦਾਸਾਂ ਦਾ ਸਿਲਸਿਲਾ ਸ਼ੁਰੂ ਹੋਇਆ ਜੋ ਕੁਲਦੀਪ ਸਿੰਘ ਵਡਾਲਾ ਵਲੋਂ ਅਰੰਭਿਆ ਗਿਆ ਸੀ। ਅਜੇ ਵੀ ਇਹ ਅਰਦਾਸ ਕਰਨੀ ਜਾਰੀ ਹੈ। ਜਿਸ ਵਿੱਚ ਯੁਨਾਈਟਡ ਨੇਸ਼ਨ ਦੇ ਅੰਬੈਸਡਰ ਜਾਨ ਮੈਕਡੋਨਲ ਵੀ ਸ਼ਾਮਲ ਹੋਏ। ਜਾਣਕਾਰੀ ਪ੍ਰਾਪਤ ਕਰਨ ਉਪਰੰਤ ਭਾਰਤ ਸੀਮਾ ਦਾ ਦੌਰਾ ਕਰਕੇ ਇਸ ਲਾਂਘੇ ਨੂੰ ਖੋਲ੍ਹਣ ਦੀ ਸ਼ੁਰੂਆਤ ਕੀਤੀ ਸੀ।

ਜ਼ਿਕਰਯੋਗ ਹੈ ਯੁਨਾਈਟਡ ਸਿੱਖ ਮਿਸ਼ਨ ਨੇ ਜਾਨ ਮੈਕਡੋਨਲਡ ਨਾਲ 2009 ਵਿੱਚ ਸੰਧੀ ਕਰਕੇ ਇਸ ਕਰਤਾਰ ਪੁਰ ਲਾਂਘੇ ਦਾ ਕਿਤਾਬਚਾ ਤਿਆਰ ਕਰਵਾਇਆ। ਜਿਸ ਦਾ ਸਾਰਾ ਖਰਚਾ ਰਛਪਾਲ ਸਿੰਘ ਢੀਂਡਸਾ ਮੁੱਖ ਸੇਵਾਦਾਰ ਯੁਨਾਈਟਡ ਸਿੱਖ ਮਿਸ਼ਨ ਨੇ ਕੀਤਾ। ਪਰ ਇਸ ਕਿਤਾਬਚੇ ਨੂੰ ਨੇਪਰੇ ਚਾੜ੍ਹਨ ਲਈ ਪੰਜ ਮੈਂਬਰੀ ਕਮੇਟੀ ਵਾਸ਼ਿੰਗਟਨ ਮੈਟਰੋ ਪੁਲਿਟਨ ਦਾ ਅਹਿਮ ਰੋਲ ਸੀ। ਜਿਨ੍ਹਾਂ ਵਿੱਚ ਡਾ. ਸੁਰਿੰਦਰ ਸਿੰਘ ਗਿੱਲ, ਗੁਰਚਰਨ ਸਿੰਘ ਵਰਲਡ ਬੈਂਕ, ਆਤਮਾ ਸਿੰਘ, ਸੁਰਿੰਦਰ ਸਿੰਘ ਇੰਜੀਨੀਅਰ, ਅਮਰ ਮੱਲੀ ਆਦਿ ਸ਼ਾਮਲ ਹਨ। ਇਸ ਨਾਲ ਸਹਿਯੋਗ ਵਿੱਚ ਹਰਵਿੰਦਰ ਰਿਆੜ ਟੀਵੀ ਐਂਕਰ, ਅਵਤਾਰ ਸਿੰਘ ਪੰਨੂ ਦਾ ਵੀ ਸਹਿਯੋਗ ਰਿਹਾ ਹੈ।

ਉਪਰੰਤ ਪੰਜਾਬ ਸਰਕਾਰ ਤੋਂ ਮਤਾ ਪਾਸ ਕਰਵਾਉਣ ਵਿੱਚ ਨਿਰਮਲ ਸਿੰਘ ਕਾਹਲੋ ਸਾਬਕਾ ਸਪੀਕਰ ਅਤੇ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਤੋਂ ਪ੍ਰਵਾਨਤ ਕਰਵਾ ਕੇਂਦਰ ਤੱਕ ਪਹੁੰਚਾਉਣ ਦਾ ਕੰਮ ਵੀ ਇਸੇ ਕਮੇਟੀ ਨੇ ਕੀਤਾ, ਜਿਸ ਵਿੱਚ ਨਿਰਮਲ ਸਿੰਘ ਕਾਹਲੋਂ, ਮਨਜੀਤ ਸਿੰਘ ਜੀ. ਕੇ., ਅਵਤਾਰ ਸਿੰਘ ਦਾ ਅਥਾਹ ਯੋਗਦਾਨ ਰਿਹਾ। ਪਰ ਯੁਨਾਈਟਡ ਸਿੱਖ ਮਿਸ਼ਨ ਵਲੋਂ ਲਗਾਤਾਰ ਲਿਖਤੀ ਚਿੱਠੀਆਂ ਅਤੇ ਕਿਤਾਬਚੇ ਰਿਪੋਰਟ ਨੂੰ ਹਰੇਕ ਸਰਕਾਰੀ ਨੁਮਾਇੰਦੇ ਹੱਥ ਪਹੁੰਚਾਉਣ ਦਾ ਪੂਰਾ ਯੋਗਦਾਨ ਪਾਇਆ।

ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜਸਦੀਪ ਸਿੰਘ ਜਸੀ ਵਲੋਂ ਹਰੇਕ ਪਾਕਿਸਤਾਨ ਦੇ ਨੁਮਾਇੰਦੇ ਅਤੇ ਪਾਕਿਸਤਾਨ ਅੰਬੈਸੀ ਨਾਲ ਲਗਾਤਾਰ ਰਾਬਤਾ ਬਣਾਈ ਰੱਖਿਆ ਅਤੇ ਇਸ ਪ੍ਰੋਜੈਕਟ ਨੂੰ ਜੀਵਤ ਰੱਖਿਆ। ਜਿਸ ਸਦਕਾ ਭਾਰਤੀ ਨੁਮਾਇੰਦੇ ਵੀ ਕੇਂਦਰ ਵਿੱਚ ਸਮੇਂ ਸਮੇਂ ਮੰਗ ਉਠਾਉਂਦੇ ਰਹੇ, ਜਿਸ ਵਿੱਚ ਪ੍ਰਤਾਪ ਸਿੰਘ ਬਾਜਵਾ ਸਾਬਕਾ ਪ੍ਰਧਾਨ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਦਾ ਅਹਿਮ ਰੋਲ ਰਿਹਾ।

ਜਿਉਂ ਹੀ ਨਵਜੋਤ ਸਿੰਘ ਸਿੱਧੂ ਪਾਕਿਸਤਾਨ ਇਮਰਾਨ ਖਾਨ ਵਜ਼ੀਰੇ ਆਜ਼ਮ ਦੀ ਸਹੁੰ ਚੁੱਕ ਸਮਾਗਮ ਵਿੱਚ ਗਏ ਤਾਂ ਜਨਰਲ ਬਾਜਵਾ ਵਲੋਂ ਕਰਤਾਰ-ਪੁਰ ਲਾਂਘੇ ਨੂੰ ਖੋਲ੍ਹਣ ਦੀ ਤਜਵੀਜ਼ ਨੂੰ ਸਾਂਝਿਆ ਕੀਤਾ।ਜੋ ਹਰ ਸਿੱਖ ਲਈ ਅਹਿਮ ਕਦਮ ਮਹਿਸੂਸ ਹੋਣ ਲੱਗੀ। ਜਿਸ ਕਰਕੇ ਸਾਰੀਆਂ ਜਥੇਬੰਦੀਆਂ ਆਪੋ ਆਪਣੇ ਵਸੀਲਿਆਂ ਰਾਹੀਂ ਜਾਗਰੂਕ ਹੋ, ਕੇਂਦਰ ਤੇ ਹੋਰ ਜ਼ੋਰ ਪਾਉਣ ਲੱਗੇ। ਜਿਸ ਦੇ ਇਵਜਾਨੇ ਯੁਨਾਈਟਡ ਸਿੱਖ ਮਿਸ਼ਨ ਨੇ ਹਰੇਕ ਦਾ ਸਹਿਯੋਗ ਲੈਂਦੇ ਹੋਏ ਸਿੱਖਸ ਆਫ ਅਮਰੀਕਾ ਦੀ ਹਮਾਇਤ ਨਾਲ ਮੀਡੀਆ ਰਾਹੀਂ ਇਸ ਮੰਗ ਨੂੰ ਸੰਸਾਰਕ ਸਿੱਖ ਮੰਗ ਬਣਾ ਦਿੱਤਾ।




ਮੁੱਢਲੇ ਦੌਰ ਵਿੱਚ ਸਿੱਖਸ ਆਫ ਅਮਰੀਕਾ, ਅੰਤਰ-ਰਾਸ਼ਟਰੀ ਸਿੱਖ ਕੌਂਸਲ ਨੇ ਹਮਾਇਤ ਕਰਕੇ ਓਵਰਸੀਜ਼ ਬੀ. ਜੇ. ਪੀ. ਦੇ ਮੁੱਖ ਨੇਤਾ ਡਾ. ਅਡੱਪਾ ਪ੍ਰਸਾਦ ਅਤੇ ਕੰਵਲਜੀਤ ਸਿੰਘ ਸੋਨੀ ਸਿੱਖ ਅਫੇਅਰ ਕਮੇਟੀ ਅਤੇ ਸਮੂਹ ਸਿੱਖ ਸੰਸਥਾਵਾਂ ਰਾਹੀਂ ਮਸਲਾ ਕੇਂਦਰ ਸਰਕਾਰ ਤੱਕ ਪਹੁੰਚਾਉਣ ਦੀ ਗੱਲ ਕੀਤੀ। ਜਿਸ ਨੂੰ ਡਾ. ਅਡੱਪਾ ਪ੍ਰਸਾਦ ਨੇ ਬਹੁਤ ਹੀ ਵਧੀਆ ਢੰਗ ਨਾਲ ਪੇਸ਼ ਕੀਤਾ। ਜਿਸ ਦੇ ਨਤੀਜੇ ਵਜੋਂ ਕੇਂਦਰ ਸਰਕਾਰ ਦੀ ਕੈਬਨਿਟ ਮੀਟਿੰਗ ਵਿੱਚ ਕਰਤਾਰਪੁਰ ਕੋਰੀਡੋਰ ਨੂੰ ਆਪਣੇ ਪਾਸੇ ਸ਼ੁਰੂਆਤ ਵਿਕਾਸ ਦੇ ਰੂਪ ਵਿੱਚ ਕਰਨ ਦਾ ਫੈਸਲਾ ਲਿਆ ਹੈ। ਜੋ ਵਧੀਆ ਉਪਰਾਲਾ ਹੈ। ਅਜੇ ਇਸ ਨੂੰ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਨਾਮ ਨਹੀਂ ਦੇ ਸਕਦੇ। ਸਿਰਫ ਪਹਿਲ ਕਦਮੀ ਦਾ ਇੱਕ ਕਦਮ ਕਹਿ ਸਕਦੇ ਹਾਂ।

ਭਾਵੇਂ ਪਾਕਿਸਤਾਨ ਆਪਣੇ ਪਾਸੇ ਵੀ ਅਜਿਹੇ ਕਦਮ ਚੁੱਕ ਰਿਹਾ ਹੈ ਜੋ ਦੋਹਾਂ ਮੁਲਕਾਂ ਵਲੋਂ ਇੱਕ ਸ਼ੁਰੂਆਤ ਹੈ। ਲੋੜ ਹੈ ਮਿਲ ਬੈਠ ਕੇ ਅਗਲੀ ਕਾਰਵਾਈ ਕਰਨ ਦੀ, ਜਿਸ ਲਈ ਕਾਫੀ ਕੁਝ ਕਰਨਾ ਬਾਕੀ ਹੈ। ਜਿਸ ਵਿੱਚ ਮੌਕੇ ਤੇ ਵੀਜ਼ਾ ਪ੍ਰਦਾਨ ਕਰਨਾ, ਸਫਾਰਥਖਾਨਾ ਬਾਰਡਰ ਤੇ ਸਥਿਤ ਕਰਨਾ, ਦੋਹਾਂ ਮੁਲਕਾਂ ਦੀਆਂ ਆਪਸੀ ਸੁਰਤਾ ਤੇ ਸਕਿਓਰਿਟੀ ਨੂੰ ਤੈਅ ਕਰਨਾ ਹੈ। ਜਿਸ ਲਈ ਦੁਵੱਲੀ ਮੀਟਿੰਗ ਦਾ ਹੋਣਾ ਲਾਜ਼ਮੀ ਹੈ। ਪਰ ਹਾਲ ਦੀ ਘੜੀ ਪਹਿਲ ਕਦਮੀ ਵਾਲਾ ਉਪਰਾਲਾ ਲੋਕਹਿਤ ਅਤੇ ਸ਼ੁਰੂਆਤ ਲਈ ਅੱਛਾ ਹੈ।

ਇੱਥੇ ਇਕ ਗੱਲ ਦੱਸਣੀ ਜ਼ਰੂਰੀ ਹੈ ਕਿ 1990 ਵਿੱਚ ਇਸ ਦੇ ਵਿਕਾਸ ਲਈ ਉਪਰਾਲਾ ਸਾਜਿਦ ਤਰਾਰ ਵੱਲੋਂ ਕੀਤਾ ਗਿਆ ਸੀ। ਜਿਸ ਦੇ ਇਵਜ਼ਾਨੇ ਇੱਥੋਂ ਦਾ ਗੁਰਦੁਆਰਾ ਦਰਸ਼ਨਾਂ ਦੇ ਯੋਗ ਹੋ ਸਕਿਆਂ ਸੀ ਜਿਸ ਵਿੱਚ ਨਿਊਜਰਸੀ ਦੇ ਇਕ ਪ੍ਰੀਵਾਰ ਦਾ ਅਹਿਮ ਯੋਗਦਾਨ ਸੀ। ਜਿਸ ਸਦਕਾ ਸਾਜਿਦ ਤਰਾਰ ਅਪਨੇ ਆਪ ਨੂੰ ਪ੍ਰਫਲਤ ਤੇ ਸਮਰੱਥ ਹੋ ਅਮਰੀਕਾ ਵਿੱਚ ਵਿਚਰ ਰਹੇ ਹਨ।ਆਸ ਹੈ ਕਿ ਉਹ ਨੀਂਹ ਪੱਥਰ ਰੱਖਣ ਸਮੇਂ ਹਾਜ਼ਰ ਵੀ ਹੋਣਗੇ।

ਪਰ ਪਤਾ ਨਹੀਂ ਹਰੇਕ ਰੋਟੀਆਂ ਸੇਕਣ ਤੇ ਆਪੋ ਆਪਣੇ ਖੇਮੇ ਨੂੰ ਤਰਜੀਹ ਦੇ ਰਿਹਾ ਹੈ। ਆਸ ਹੈ ਕਿ ਸੁਚਾਰੂ ਕਦਮ ਅਤੇ ਦੁਵੱਲੀ ਗੱਲਬਾਤ ਲਈ ਮਾਹੌਲ ਤਿਆਰ ਕਰਕੇ, ਵਧੀਆ ਸਬੰਧਾਂ ਨੂੰ ਅੰਜ਼ਾਮ ਦਿੱਤਾ ਜਾਵੇ ।ਤਾਂ ਜੋ ਦੋਵੇਂ ਮੁਲਕ ਗੁਆਂਢੀ ਹੋਣ ਦੇ ਨਾਤੇ ਵਧੀਆ ਮਹੌਲ ਸਿਰਜ ਕੇ ਇਤਿਹਾਸ ਦੇ ਪੰਨਿਆਂ ਨੂੰ ਮੁੜ ਸੁਰਜੀਤ ਕਰਨ। ਗੁਰੂ ਨਾਨਕ ਨਾਮ ਲੇਵਾ ਸੰਗਤਾਂ ਅਰਦਾਸ ਕਰਨ ਕਿ ਇਹ ਕਰਤਾਰਪੁਰ ਲਾਂਘਾ ਖੁਲ੍ਹ ਜਾਵੇ ।ਦੋਹਾਂ ਮੁਲਕਾਂ ਦਾ ਪਿਆਰ ਮੁੜ ਪੈ ਜਾਵੇ ਜੋ ਆਰਥਿਕਤਾ ਵਿੱਚ ਮਜ਼ਬੂਤੀ ,ਰੋਜ਼ਗਾਰ ਵਸੀਲਿਆਂ ਵਿੱਚ ਵਾਧਾ ਅਤੇ ਸਬੰਧਾਂ ਦੀ ਮਜ਼ਬੂਤੀ ਦਾ ਇੱਕ ਆਮਲ ਸਿੱਧ ਹੋ ਜਾਵੇ।

ਅਮਰੀਕੀ ਸਿੱਖਾਂ ਦੇ ਉਪਰਾਲੇ ਸਦਕਾ ਕਰਤਾਰ-ਪੁਰ ਕੋਰੀਡੋਰ ਦਾ ਕੇਂਦਰ ਭਾਵੇਂ ਸਿੱਖਾਂ ਵਲੋਂ ਨਿੱਤ ਅਰਦਾਸ ਕੀਤੀਆਂ ਜਾਂਦੀਆਂ ਹਨ ਕਿ ਉਨ੍ਹਾਂ ਨੂੰ ਗੁਰਧਾਮਾਂ ਦੇ ਖੁਲ੍ਹੇ ਦਰਸ਼ਨ ਦੀਦਾਰੇ ਤੇ ਸੇਵਾ ਸੰਭਾਲ ਖਾਲਸੇ ਨੂੰ ਬਖਸ਼ੇ ਜਾਣ, ਪਰ ਅਮਰੀਕਾ ਦੇ ਸਿੱਖਾਂ ਵਲੋਂ ਆਪਣੇ ਮੱਕੇ ਕਰਤਾਰਪੁਰ ਲਾਂਘੇ ਨੂੰ ਖੁਲ੍ਹਵਾਉਣ ਲਈ ਵਿਉਂਤਬੰਦੀ ਨਾਲ ਉਪਰਾਲੇ ਕੀਤੇ ਜਾ ਰਹੇ ਹਨ। ਜਿੱਥੇ ਪਹਿਲਾਂ ਇਸ ਕਰਤਾਰਪੁਰ ਲਾਂਘੇ ਲਈ ਦੋਹਾਂ ਪਾਸੇ ਦਾ ਸਰਵੇ ਕਰਵਾਕੇ ਇੱਕ ਪ੍ਰੋਜੈਕਟ ਤਿਆਰ ਕੀਤਾ ਗਿਆ, ਜਿਸ ਨੂੰ ਜਾਨ ਮੈਕਡੋਨਲ ਅਤੇ ਯੁਨਾਈਟਡ ਸਿੱਖ ਮਿਸ਼ਨ ਟੀਮ ਦੇ ਸਾਂਝੇ ਉੱਦਮਾਂ ਸਦਕਾ ਮੁਮਕਿਨ ਹੋਇਆ।

ਸਿੱਖਸ ਆਫ ਅਮਰੀਕਾ ਦੀ ਸਮੁੱਚੀ ਟੀਮ ਜਸਦੀਪ ਸਿੰਘ ਜੱਸੀ ਦੀ ਅਗਵਾਈ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪਲੇਟੀ ਮੀਟਿੰਗ ਨਿਊਯਾਰਕ ਵਿੱਚ ਇਸ ਮੰਗ ਨੂੰ ਸਾਂਝਿਆ ਕੀਤਾ ਅਤੇ ਕਰਤਾਰਪੁਰ ਕੋਰੀਡੋਰ ਦੇ ਪ੍ਰੋਜੈਕਟ ਨੂੰ ਮੈਮੋਰੰਡਮ ਸਮੇਤ ਸੌਂਪਿਆ ਗਿਆ ਸੀ। ਉਪਰੰਤ ਨਿਊਜਰਸੀ ਵਿਖੇ ਸੁਸ਼ਮਾ ਸਵਰਾਜ ਵਿਦੇਸ਼ ਮੰਤਰੀ ਦੀ ਝੋਲੀ ਵਿੱਚ ਵੀ ਸਿੱਖਸ ਆਫ ਅਮਰੀਕਾ ਦੀ ਟੀਮ ਨੇ ਇਸ ਪ੍ਰੋਜੈਕਟ ਨੂੰ ਪਾਇਆ। ਜਿਸ ਨੂੰ ਸੁਸ਼ਮਾ ਸਵਰਾਜ ਨੇ ਬਾਰੀਕੀ ਨਾਲ ਪੜ੍ਹਿਆ ਤੇ ਵਿਚਾਰਿਆ। ਜਿੱਥੇ ਭਾਰਤੀ ਅਤੇ ਪਾਕਿਸਤਾਨ ਅੰਬੈਸੀ ਨੂੰ ਪਾਵਰ ਪੁਆਇੰਟ ਰਾਹੀਂ ਇਸ ਪ੍ਰੋਜੈਕਟ ਦੀ ਜਾਣਕਾਰੀ ਦਿੱਤੀ, ਉੱਥੇ ਨਨਕਾਣਾ ਸਾਹਿਬ ਦੀ ਐੱਮ. ਐੱਲ. ਏ. ਨੂੰ ਵੀ ਇਸ ਪ੍ਰੋਜੈਕਟ ਸਬੰਧੀ ਸਿੱਖਸ ਆਫ ਅਮਰੀਕਾ ਨੇ ਅਵਗਤ ਕਰਵਾਇਆ।

ਸਮੇਂ ਦੇ ਨਾਲ ਨਾਲ ਗੁਰੂ ਨਾਨਕ ਦੀ ਕ੍ਰਿਪਾ ਸਦਕਾ ਇਹ ਪ੍ਰੋਜੈਕਟ ਆਪਣੀਆਂ ਮੰਜ਼ਿਲਾਂ ਨੂੰ ਸਰ ਕਰਦਾ ਹੋਇਆ ਪਾਕਿਸਤਾਨ ਦੀ ਪਹਿਲ ਕਦਮੀ ਸਦਕਾ ਹੋਰ ਜ਼ੋਰ ਫੜ੍ਹ ਗਿਆ ਅਤੇ ਦਿਨ ਰਾਤ ਪ੍ਰਧਾਨ ਮੰਤਰੀ ਮੋਦੀ ਨੂੰ ਹਲੂਣਦਾ ਰਿਹਾ। ਗੁਰੂ ਨਾਨਕ ਪਾਤਸ਼ਾਹ ਵਲੋਂ ਇਸ ਰਸਤੇ ਨੂੰ ਖੋਲ੍ਹਣ ਲਈ ਉਪਰਾਲੇ ਦੀ ਅਪਾਰ ਕ੍ਰਿਪਾ ਬਖਸ਼ੀ ਅਤੇ ਇਸ ਦੀ ਸ਼ੁਰੂਆਤ ਦੋਹਾਂ ਪਾਸਿਆਂ ਤੋਂ ਆਪਣੇ ਆਪਣੇ ਖਿੱਤੇ ਨੂੰ ਵਿਕਾਸ ਦੇ ਤਹਿਤ ਕਰਨ ਲਈ ਤਿਆਰੀਆਂ ਅਰੰਭੀਆਂ ਗਈਆਂ ਹਨ ।ਜੋ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਲਈ ਅਥਾਹ ਸ਼ਰਧਾ ਦਾ ਪ੍ਰਤੀਕ ਬਣਿਆ ਹੈ।ਕਰਤਾਰਪੁਰ ਲਾਂਘਾਂ ਆਪਣੀ ਮੰਜ਼ਿਲ ਪ੍ਰਾਪਤ ਕਰਦਾ ਨਜ਼ਰ ਆ ਰਿਹਾ ਹੈ।

ਪਰ ਇਸ ਸਬੰਧੀ ਜਿੰਨਾ ਜਿੰਨਾ ਵੀ ਜਿਸਦਾ ਯੋਗਦਾਨ ਹੈ ਉਸਦੀ ਤਫਸੀਰ ਅਤੇ ਤਸਵੀਰ ਇੰਝ ਨਜ਼ਰੇ ਪਈ ਹੈ, ਜਿਸ ਦੇ ਪਹਿਲੂਆਂ ਤੇ ਚਾਨਣਾ ਪਾਇਆ ਗਿਆ ਹੈ। ਸੋ ਦੋਵੇਂ ਸਰਕਾਰਾਂ (ਭਾਰਤ ਤੇ ਪਾਕਿਸਤਾਨ) ਧੰਨਵਾਦ ਦੀਆਂ ਪਾਤਰ ਹਨ।

ਦੇਸ਼ ਦੁਆਬਾ

# ਕਰਤਾਰਪੁਰ ਸਾਹਿਬ ਦਾ ਲਾਂਘਾ

ਅੰਗਰੇਜ਼ ਅਧਿਕਾਰੀ ਸਰ ਰੈਡਕਲਿਫ ਦੀ ਅਗਵਾਈ ਵਿਚ ਜਦੋਂ ਭਾਰਤ ਅਤੇ ਪਾਕਿਸਤਾਨ ਦੀ ਸਰਹੱਦ ਮਿੱਥੀ ਗਈ, ਉਸ ਵਕਤ ਭਾਰਤੀ ਪੰਜਾਬ ਦੇ ਦੋ ਹਿੱਸੇ ਹੋਏ। ਇਕ ਹਿੱਸਾ ਪਾਕਿਸਤਾਨ ਵਿਚ ਚਲਿਆ ਗਿਆ ਅਤੇ ਇਕ ਭਾਰਤ ਵਿਚ। ਬਾਅਦ ਵਿਚ ਭਾਰਤੀ ਪੰਜਾਬ ਦੇ ਤਿੰਨ ਹਿੱਸੇ ਹੋ ਗਏ ਅਤੇ ਹੁਣ ਦਾ ਪੰਜਾਬ ਪਾਕਿਸਤਾਨੀ ਪੰਜਾਬ ਤੋਂ ਬਹੁਤ ਛੋਟਾ ਰਹਿ ਗਿਆ। ਉਸ ਵਕਤ ਪੰਜਾਬ ਦੇ ਕਿਸੇ ਪ੍ਰਤੀਨਿਧੀ ਤੋਂ ਪੰਜਾਬ ਦੀ ਵੰਡ ਵੇਲੇ ਸਲਾਹ ਨਹੀਂ ਲਈ ਗਈ। ਜਦੋਂ ਸਰਹੱਦ ਮਿੱਥੀ ਗਈ ਤਾਂ ਸ੍ਰੀ ਕਰਤਾਰਪੁਰ ਸਾਹਿਬ ਦੀ ਉਹ ਪਵਿੱਤਰ ਧਰਤੀ ਪਾਕਿਸਤਾਨ ਵੱਲ ਚਲੀ ਗਈ, ਜਿੱਥੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ 1561 ਸੰਮਤ ਵਿਚ ਕਰਤਾਰਪੁਰ ਸਾਹਿਬ ਵਸਾਇਆ ਸੀ। ਇੱਥੇ ਹੀ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਅੰਤਿਮ ਲੱਗਭੱਗ 18 ਸਾਲ ਬਿਤਾਏ ਸਨ, ਅਤੀ ਉਪਜਾਊ ਇਸ ਧਰਤੀ ਉਤੇ ਬਾਬਾ ਨਾਨਕ ਨੇ ਖੁਦ ਹਲ ਚਲਾਇਆ ਅਤੇ ਫਸਲਾਂ ਪੈਦਾ ਕੀਤੀਆਂ ਅਤੇ ਸਾਰੀ ਦੁਨੀਆਂ ਨੂੰ ਕਿਰਤ ਦੀ ਮਹੱਤਤਾ ਸਮਝਾਈ।

1947 ਦੀ ਵੰਡ ਵੇਲੇ ਕਿਉਂਕਿ ਭਾਰਤ ਅਤੇ ਪਾਕਿਸਤਾਨ ਦੀ ਸਰਹੱਦ ਦੇ ਦੋਵੇਂ ਪਾਸੇ ਫਿਰਕੂ ਹਿੰਸਾ ਫੈਲ ਗਈ, ਇਸ ਕਰਕੇ ਸਾਰਾ ਧਿਆਨ ਹਿੰਸਾ ਰੋਕਣ ਵੱਲ ਹੀ ਲੱਗਾ ਰਿਹਾ ਅਤੇ ਅਜਿਹੇ ਧਾਰਮਿਕ ਅਸਥਾਨ, ਜਿਹੜੇ ਆਸਾਨੀ ਨਾਲ ਭਾਰਤੀ ਪੰਜਾਬ ਨੂੰ ਮਿਲ ਸਕਦੇ ਸਨ, ਵੱਲ ਕਿਸੇ ਨੇ ਤਵੱਜੋਂ ਨਹੀਂ ਦਿੱਤੀ। ਇਸ ਤੋਂ ਬਾਅਦ 1965 ਦੀ ਜੰਗ ਹੋ ਗਈ ਅਤੇ ਫਿਰ ਤਾਂ ਲਗਾਤਾਰ ਹੀ ਪਾਕਿਸਤਾਨ ਨਾਲ ਭਾਰਤ ਦਾ ਤਣਾਅ ਚਲਦਾ ਰਿਹਾ, ਪਰ ਇਸ ਵਿਚਕਾਰ ਹੀ ਸ੍ਰੀ ਕਰਤਾਰਪੁਰ ਸਾਹਿਬ ਦੀ ਪਵਿੱਤਰ ਧਰਤੀ ਦੇ ਦਰਸ਼ਨ ਦੀਦਾਰਿਆਂ ਦੇ ਲਈ ਭਾਰਤ ਅਤੇ ਪਾਕਿਸਤਾਨ ਨੇ ਇਕ ਸਮਝੌਤਾ ਕੀਤਾ ਅਤੇ ਸ੍ਰੀ ਕਰਤਾਰਪੁਰ ਸਾਹਿਬ ਦੇ ਗੁਰੂ ਘਰ ਤੱਕ ਲਾਂਘਾ ਖੋਲ੍ਹ ਦਿੱਤਾ ਗਿਆ। ਇਹ ਅਸਥਾਨ ਭਾਰਤੀ ਸਰਹੱਦ ਤੋਂ ਸਿਰਫ 4 ਕੁ ਕਿਲੋਮੀਟਰ ਦੂਰ ਹੈ ਅਤੇ ਭਾਰਤੀ ਪੰਜਾਬ ਤੋਂ ਆਸਾਨੀ ਨਾਲ ਦਿੱਸਦਾ ਹੈ। ਪਰ ਇਸ ਦਰਮਿਆਨ ਤਣਾਤਣੀ ਵਿਚ ਪਾਕਿਸਤਾਨ ਨੇ ਇਹ ਲਾਂਘਾ ਬੰਦ ਕਰ ਦਿੱਤਾ। ਇਸ ਤੋਂ ਬਾਅਦ ਇਸ ਨੂੰ ਖੋਲ੍ਹਣ ਦੀ ਗੱਲ ਲਗਾਤਾਰ ਚਲਦੀ ਰਹੀ ਪਰ ਇਹ ਨੇਪਰੇ ਨਾ ਚੜ੍ਹ ਸਕੀ। ਹੁਣ ਪਾਕਿਸਤਾਨ ਨੇ ਹੀ ਪਹਿਲਕਦਮੀ ਕਰਕੇ ਇਹ ਲਾਂਘਾ ਖੋਲ੍ਹਣ ਦੀ ਪੇਸ਼ਕਸ਼ ਕੀਤੀ ਹੈ ਪਰ ਭਾਰਤ ਸਰਕਾਰ ਨੂੰ ਚਿੰਤਾ ਇਹ ਸੀ ਕਿ ਪਾਕਿਸਤਾਨ ਇਸ ਬਦਲੇ ਕੋਈ ਬਾਰਗੇਨਿੰਗ ਨਾ ਕਰੇ। ਜਦੋਂ ਅਜਿਹਾ ਨਾ ਹੋਇਆ ਤਾਂ ਭਾਰਤ ਸਰਕਾਰ ਸਹਿਮਤ ਹੋ ਗਈ ਅਤੇ ਆਖਿਰ 26 ਦਸੰਬਰ ਨੂੰ ਇਸ ਲਾਂਘੇ ਦਾ ਨੀਂਹ ਪੱਥਰ ਰੱਖ ਦਿੱਤਾ ਗਿਆ। ਇਹ ਲਾਂਘਾ ਸਿੱਖ ਭਾਈਚਾਰੇ ਲਈ ਬਹੁਤ ਅਹਿਮ ਸਥਾਨ ਰੱਖਦਾ ਹੈ। ਇਕ ਤਾਂ ਇਹ ਬਾਰਡਰ ਦੇ ਨੇੜੇ ਹੈ ਅਤੇ ਦੂਜਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੀਦਾਰੇ ਇਸ ਲਾਂਘੇ ਰਾਹੀਂ ਆਸਾਨੀ ਨਾਲ ਹੋ ਸਕਦੇ ਹਨ। ਇਸ ਤੋਂ ਪਹਿਲਾਂ ਸਿੱਖ ਸ਼ਰਧਾਲੂ ਪਹਿਲਾਂ ਲਾਹੌਰ ਜਾਂ ਹੋਰ ਸ਼ਹਿਰ ਜਾਂਦੇ ਸਨ, ਫਿਰ ਉਥੋਂ ਕਰਤਾਰਪੁਰ ਸਾਹਿਬ ਆਉਂਦੇ ਸਨ। ਭਾਰਤ ਅਤੇ ਪਾਕਿਸਤਾਨ ਨੇ ਜੇਕਰ ਅਮਨ ਨੂੰ ਕਾਇਮ ਰੱਖਣਾ ਹੈ ਅਤੇ ਆਪਣੇ ਮਸਲੇ ਨਿਬੇੜਨੇ ਹਨ ਤਾਂ ਅਜਿਹੀ ਹੀ ਦਰਿਆਦਿਲੀ ਦਿਖਾਉਣੀ ਹੋਵੇਗੀ ਕਿਉਂਕਿ ਪਿਛਲੇ 70 ਸਾਲਾਂ ਤੋਂ ਦੋਵੇਂ ਮੁਲਕਾਂ ਨੇ ਆਪਸੀ ਕਸ਼ੀਦਗੀ ਵਿਚ ਬਹੁਤ ਕੁਝ ਗੁਆਇਆ ਹੈ ਪਰ ਕਸ਼ੀਦਗੀ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ, ਬਲਕਿ ਆਪਸੀ ਸਮਝ ਨਾਲ ਹੀ ਇਹ ਦੋਵੇਂ ਮੁਲਕ ਸ਼ਾਂਤੀ ਨਾਲ ਰਹਿ ਸਕਦੇ ਹਨ।

ਸਿੱਖ ਸਮਾਜ ਲਈ ਜਿੱਥੇ ਇਹ ਬਹੁਤ ਵੱਡੀ ਖੁਸ਼ੀ ਦੀ ਗੱਲ ਹੈ, ਉਥੇ ਹੀ ਭਾਰਤ-ਪਾਕਿਸਤਾਨ ਦਰਮਿਆਨ ਘਟਦੀਆਂ ਦੂਰੀਆਂ ਵੱਲ ਇਕ ਕਦਮ ਕਿਹਾ ਜਾ ਸਕਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-88

## ਖਟ ਕਰਮ ਅਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

ਬ੍ਰਾਹਮਣੀ ਮੱਤ ਅਨੁਸਾਰ ਖਟ ਕਰਮ-ਯੱਗ ਕਰਨਾ ਤੇ ਕਰਾਉਣਾ, ਵਿਦਿਆ ਪੜ੍ਹਨਾ ਤੇ ਪੜ੍ਹਾਉਣਾ, ਦਾਨ ਦੇਣਾ ਤੇ ਲੈਣਾ। ਯਥਾ-ਬਰਤ ਨੇਮ ਕਰਮਖਟ ਕੀਨੇ ਬਾਹਰਿ ਭੇਖ ਦਿਖਾਵਾ॥ (ਮਾਰੂ ਮ:੫-੧੦੦੩)

(ਹਠ ਯੋਗ ਦੇ ਖਟ ਕਰਮ) ਧੋਤੀ-ਇਸ ਕਰਮ ਨਾਲ ਕੰਠ, ਅੰਨ ਵਾਲੀ ਆਂਦਰ ਅਤੇ ਪੇਟ ਨੂੰ ਸਾਫ ਕੀਤਾ ਜਾਂਦਾ ਅਤੇ ਇਸ ਵਾਸਤੇ ਚਾਰ ਉਂਗਲ ਚੌੜੀ ਅਤੇ ਪੰਦਰਾਂ ਹੱਥ ਲੰਮੀ ਬਰੀਕ ਕਪੜੇ ਦੀ ਪੱਟੀ ਨੂੰ ਹਲਕੇ ਗਰਮ ਪਾਣੀ 'ਚ ਭਿਉਂ ਕੇ, ਹੌਲੀ ਹੌਲੀ ਨਿਗਲਿਆ ਅਤੇ ਸਹਿਜ ਢੰਗ ਨਾਲ ਬਾਹਰ ਖਿਚਿਆ ਜਾਂਦਾ ਹੈ। ਬਸਤੀ-ਇਸ ਕ੍ਰਿਆ ਵਿਚ ਬਾਂਸ ਦੀ ਇੱਕ ਉਂਗਲ ਮੋਟੀ ਤੇ ਲੰਬੀ ਨਾਲੀ ਲੈ ਕੇ ਗੁਦਾ ਰਾਹੀਂ ਜਲ ਚੜ੍ਹਾ ਕੇ ਜਲ ਸਾਫ ਕੀਤਾ ਜਾਂਦਾ ਹੈ। ਨੇਤੀ-ਇਕ ਗਿੱਠ ਲੰਬੀ ਸੂਤਰ ਦੀ ਮੁਲਾਇਮ ਡੋਰੀ ਨੂੰ ਨੱਕ ਰਾਹੀਂ ਕੰਠ ਚੋਂ ਕੱਢਣਾ ਤੇ ਹੌਲੀ ਹੌਲੀ ਖਿੱਚ ਕੇ ਨੱਕ ਤੇ ਕੰਠ ਦੀ ਸਫਾਈ ਕਰਨਾ। ਤ੍ਰਾਟਕ-ਕਿਸੇ ਬਿੰਦੂ ਤੇ ਤਦ ਤੱਕ ਦ੍ਰਿਸ਼ਟਿ ਟਿਕਾਉਣੀ ਜਦ ਤੱਕ ਅੱਖਾਂ ਥੱਕ ਜਾਣ ਤੇ ਜਲ ਵਗ ਪਏ। ਨਿਉਲੀ-ਪੇਟ ਨੂੰ ਸੱਜੇ ਖੱਬੇ ਘੁਮਾ ਕੇ, ਪੇਟ ਵਿਕਾਰ ਦੂਰ ਕਰਨੇ। ਕਪਾਲ ਭਾਤੀ-ਇਸ ਦਾ ਸਬੰਧ ਪ੍ਰਾਣਾਯਾਮ ਨਾਲ ਹੈ। ਲੁਹਾਰ ਦੀ ਧੌਂਕਣੀ ਵਾਂਗ ਰੇਚਕ ਤੇ ਪੂਰਕ ਦੇ ਅਭਿਆਸ ਨਾਲ ਪ੍ਰਾਣ ਚੜ੍ਹਾਉਣੇ-ਉਤਾਰਣੇ। ਯਥਾ-ਨਿਉਲੀ ਕਰਮ ਖਟ ਕਰਮ ਕਰੀਜੈ॥ (੯੦੫)

ਵੈਸ਼ਨਵ ਧਰਮ ਦੇ ਖਟ ਕਰਮ-ਇਸ਼ਨਾਨ ਸੰਧਿਆ, ਜਪ, ਹੋਮ, ਅਥਿਤੀ ਪੂਜਾ ਅਤੇ ਦੇਵ ਪੂਜਾ। ਯਥਾ-ਖਟ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ॥(੧੧੨੪) ਅਤੇ ਕਰ ਕਿਰਿਆ ਖਟੁ ਕਰਮ ਕਰੰਤਾ॥ (੧੧)

ਗੁਰਮਤਿ ਦਾ ਅਨਮੱਤਾਂ ਦੇ ਛੇ (ਖਟ) ਕਰਮਾਂ ਨਾਲ ਕੋਈ ਸਬੰਧ ਨਹੀਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਚ ਇਨ੍ਹਾਂ ਦਾ ਜ਼ਿਕਰ ਕੇਵਲ ਲੋਕਾਂ 'ਚ ਜਾਣੀ ਜਾਂਦੀ ਰਸਮ ਦਾ ਹਵਾਲਾ ਦੇਣਾ ਨਾ ਕਿ ਇਸ ਫਲਸਫੇ ਨੂੰ ਮੰਨਣਾ ਹੈ। ਗੁਰਮਤਿ ਇਨ੍ਹਾਂ ਖਟ ਕਰਮਾਂ ਨੂੰ ਭਵ ਸਾਗਰ ਤੋਂ ਪਾਰ ਹੋਣ ਦਾ ਸਾਧਨ ਨਹੀਂ ਮੰਨਦੀ-ਖਟੁ ਕਰਮਾ ਅਰੁ ਆਸਣੁ ਧੋਤੀ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ॥ ਮਾਲਾ ਫੇਰੈ ਮੰਗੈ ਬਿਭੂਤ॥ ਇਹ ਬਿਧਿ ਕੋਇ ਨ ਤਰਿਓ ਮੀਤ॥ (੮੮੮) ਨਿਵਲੀ ਕਰਮ ਭੁਅੰਗਮ ਭਾਠੀ ਰੇਚਕ, ਪੂਰਕ, ਕੁੰਭ ਕਰੈ॥ ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ॥ ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ॥ ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ॥੧॥ (੧੩੪੩) ਇਨਾਂ ਹਠ ਕਰਮਾਂ ਦੇ ਚੱਕਰ 'ਚ ਵਿਕਾਰਾਂ ਤੇ ਅਵਗੁਣਾਂ ਦੀ ਮੈਲ ਨਾਲ ਲਿਬੜਿਆ ਫੋਕਟ ਕਰਮੀ ਸੱਚੇ ਗੁਰੂ ਦੇ ਗਿਆਨ ਬਗੈਰ ਭਰਮਾਂ 'ਚ ਹੀ ਭਟਕਦਾ ਰਹਿੰਦਾ ਹੈ। ਨਾਮ (ਪ੍ਰਭੂ ਨਿਯਮ) ਧਾਰੇ ਬਗੈਰ ਵਿਸ਼ੇ ਵਿਕਾਰਾਂ ਦੀ ਮੈਲ ਨਹੀਂ ਲੱਥਦੀ।

ਗੁਰਮਤਿ ਗਿਣਤੀ ਮਿਣਤੀ ਦੇ ਕਰਮਾ 'ਚ ਨਹੀਂ ਪੈਂਦੀ ਸਗੋਂ ਚੰਗੇ ਕਰਮ ਕਰਨ ਦਾ ਉਪਦੇਸ਼ ਦਿੰਦੀ ਅਤੇ ਉਨ੍ਹਾਂ ਦਾ ਫਲ ਵੀ ਚੰਗਾ ਹੁੰਦਾ ਹੈ ਪਰ ਅੰਧਵਿਸ਼ਵਾਸ਼ੀ ਤੇ ਕਰਮਕਾਂਡੀ ਲੋਕ ਥੋਥੇ ਕਰਮਕਾਂਡਾਂ 'ਚ ਉਲਝ, ਘਰ ਬਾਰ ਦਾ ਤਿਆਗ ਕਰ ਖਟ ਕਰਮ ਸਰੀਰ ਨੂੰ ਕਸ਼ਟ ਦਿੰਦੇ ਹੰਕਾਰੀ ਹੋ ਜਾਂਦੇ ਅਤੇ ਇਨ੍ਹਾਂ 'ਚ ਉਲਝ ਕੇ ਉਦਾਸ ਤੇ ਉਪਰਾਮ ਹੋ, ਨਿਰਾਸਾਵਾਦੀ ਹੋ ਜਾਂਦੇ ਹਨ।

# ਸਮਾਜ ਸੁਧਾਰਕ ਸਤਿਗੁਰੂ ਨਾਮਦੇਵ ਜੀ

ਭਗਤੀ ਲਹਿਰ ਵਿਚੋਂ ਉਭਰੇ ਭਗਤ ਨਾਮਦੇਵ ਜੀ ਪਹਿਲੇ [2]ਸ਼੍ਰੋਮਣੀ ਭਗਤ ਹੋਏ, ਜਿਹਨਾਂ ਦੀ ਰਚੀ ਬਾਣੀ ਦੇ 61 ਸ਼ਬਦਾਂ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ਼ ਹੋਣ ਦਾ ਮਾਣ ਪ੍ਰਾਪਤ ਹੈ। ਭਗਤ ਨਾਮਦੇਵ ਜੀ ਦਾ ਜਨਮ 1270 ਈ. ਨੂੰ ਛੀਪਾ (ਛੀਂਬਾ) ਜਾਤ ਦੇ ਪਰਿਵਾਰ ਵਿਚ ਹੋਇਆ। ਆਪ ਜੀ ਦੇ ਬਜੁਰਗ ਨਰਸੀ ਬਾਮਣੀ ਦੇ ਪੱਕੇ



ਵਸਨੀਕ ਸਨ। ਪਰ ਆਪ ਜੀ ਦਾ ਬਚਪਨ ਦਾ ਸਮਾਂ ਪੰਡਰਪੁਰ ਵਿਖੇ ਬਤੀਤ ਹੋਇਆ। ਆਪ ਦੇ ਬਜ਼ੁਰਗ ਕੱਪੜੇ ਰੰਗਣ (ਛਾਪੇਖਾਨਾ) ਅਤੇ ਕੱਪੜੇ ਸਿਉਣ ਦਾ ਕੰਮ ਕਰਦੇ ਸਨ। ਆਪ ਨੇ ਬਚਪਨ ਤੋਂ ਹੀ ਪ੍ਰਭੂ ਭਗਤੀ ਵੱਲ ਲਗਨ ਲਾ ਲਈ ਅਤੇ ਆਪਣਾ ਕਾਰੋਬਾਰ ਵੀ ਨਾਲੋ-ਨਾਲ ਕਰਦੇ ਰਹੇ।

ਭਗਤ ਨਾਮਦੇਵ ਜੀ ਨੇ, ਇਕ ਉੱਚ ਕੋਟੀ ਦੇ ਸਾਹਿਤਕਾਰ, ਕਵੀ, ਬ੍ਰਹਮ-ਗਿਆਨੀ ਹੋਣ ਦੇ ਨਾਤੇ, ਭਗਤ-ਬਾਣੀ ਦੇ ਨਾਲ ਨਾਲ ਰਜਨੀਤਿਕ ਜ਼ੁਲਮਾਂ, ਸਮਾਜਿਕ ਗਿਰਾਵਟਾਂ ਦੇ ਖਿਲਾਫ ਵੀ ਆਵਾਜ਼ ਉਠਾਈ।

ਉਨ੍ਹਾਂ ਆਪਣੀ ਕ੍ਰਾਂਤੀਕਾਰੀ ਅਤੇ ਸਮਾਜ ਸੁਧਾਰਕ ਸਾਹਿਤਕ ਰਚਨਾ ਰਾਹੀਂ ਲੋਕਾਂ ਲਈ ਮਾਰਗ ਦਰਸ਼ਨ ਦਾ ਕੰਮ ਕੀਤਾ। ਭਗਤ ਨਾਮਦੇਵ ਜੀ ਨੇ ਇਸਤਰੀ ਦਾ ਸਤਿਕਾਰ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਦਾ ਰਾਹ ਸੱਚ, ਪ੍ਰੇਮ, ਸ਼ਰਧਾ ਅਤੇ ਪਿਆਰ ਦਾ ਰਾਹ ਸੀ। ਵਹਿਮਾਂ-ਭਰਮਾਂ ਦੇ ਤਿਆਗ ਨੂੰ ਭਗਤ ਜੀ ਨੇ ਬਾਣੀ ਅੰਦਰ ਇਸਤਰੀ ਨੂੰ ਘਰ ਵਿਚ ਯੋਗ ਥਾਂ ਦੇਣ ਲਈ ਭਗਤ ਨਾਮਦੇਵ ਜੀ ਨੇ ਬਾਣੀ ਵਿਚ ਇੰਝ ਫਰਮਾਇਆ ਹੈ:

''ਘਰ ਕੀ ਨਾਰ ਤਿਆਗੈ ਅੰਧਾ।।
ਪਰ ਨਾਰੀ ਸਿਉ ਘਾਲੈ ਧੰਧਾ।।
ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ।।
ਅੰਤ ਕੀ ਬਾਰ ਮੂਆ ਲਪਟਾਨਾ।।੧।। (ਅੰਗ ੧੧੬੪-੧੧੬੫)

ਉਹਨਾਂ ਦੀ ਬਾਣੀ ਵਿਚ ਕਿਰਤ ਕਰਨ, ਵੰਡ ਕੇ ਛਕਣ, ਨਾਮ ਜਪਣ ਦਾ ਉਪਦੇਸ਼ ਮਿਲਦਾ ਹੈ। ਕਿਰਤ ਕਰਨ ਦੇ ਨਾਲ ਨਾਲ ਸਿਮਰਨ ਨੂੰ ਵੀ ਆਪਸੀ ਸੁਮੇਲ ਕਰਨ 'ਤੇ ਜ਼ੋਰ ਦਿੱਤਾ।

ਰਾਂਗਨਿ ਰਾਂਗਉ ਸੀਵਨ ਸੀਵਉ।।
ਰਾਮ ਨਾਮ ਬਿਨ ਘਰੀਅ ਨ ਜੀਵਉ।। (ਅੰਗ ੪੮੫)

ਭਗਤ ਨਾਮਦੇਵ ਜੀ ਦੀ ਬਾਣੀ ਵਿਸ਼ਾ-ਵਸਤੂ ਅਤੇ ਸ਼ੈਲੀ ਦੇ ਪੱਖੋਂ ਉੱਤਮ ਪ੍ਰਤੀਕ ਹੁੰਦੀ ਹੈ। ਉਨ੍ਹਾਂ ਅਨੁਸਾਰ ਪ੍ਰਮਾਤਮਾ ਇਕ ਹੈ। ਉਹਨਾਂ ਨੇ ਨਾਂ ਕਿਸੇ ਦੇਹਧਾਰੀ ਗੁਰੂ ਦੇ ਰੂਪ ਵਿਚ, ਨਾ ਹੀ ਕਿਸੇ ਵਿਸ਼ੇਸ਼ ਧਰਮ ਨਾਲ ਜੁੜ ਕੇ ਪੂਜਾ ਕਰਨ ਦੀ ਗੱਲ ਕੀਤੀ ਹੈ, ਸਗੋਂ ਉਹਨਾਂ ਨੇ ਤਾਂ ਉਸ 'ਏਕੰਕਾਰ' ਦੀ ਹੀ ਗੱਲ ਕੀਤੀ ਹੈ ਜੋ ਕਿ ਸਰਬ ਵਿਆਪਕ ਹੈ।

ਹਿੰਦੂ ਪੂਜੇ ਦੇਹੁਰਾ ਮੁਸਲਮਾਣੁ ਮਸੀਤਿ।।
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ।। (ਅੰਗ ੮੭੫)

ਭਗਤ ਨਾਮਦੇਵ ਜੀ ਨੇ ਮਨੁੱਖ ਨੂੰ ਹੰਕਾਰ, ਲੋਭ ਅਤੇ ਹਉਮੈ ਤੋਂ ਸੁਚੇਤ ਹੋਣ ਲਈ ਬਾਣੀ ਵਿਚ ਸਪੱਸ਼ਟ ਕਿਹਾ ਹੈ। ਇਸ ਮਨੁੱਖੀ-ਦੇਹੀ ਨੂੰ ਨਾਸ਼ਵਾਨ ਹੋਣ ਦਾ ਅਨੁਭਵ ਵੀ ਹਰ ਇਕ ਨੂੰ ਪਹਿਲਾਂ ਹੀ ਹੋਣਾ ਚਾਹੀਦਾ ਹੈ। ਇਸ ਲਈ ਕੋਈ ਵੀ ਮਨੁੱਖ ਇਸ ਧਰਤੀ ਉਪਰ ਸਦਾ ਰਹਿਣ ਦੀ ਖਾਹਿਸ਼ ਨਾ ਰੱਖੇ। ਪਰ ਮਨੁੱਖ ਇਹ ਸਭ ਕੁਝ ਭੁੱਲ ਜਾਂਦਾ ਹੈ ਉਹ ਆਪਣੇ ਕਾਰੋਬਾਰਾਂ ਵਿਚ ਇੰਨਾ ਰੁਲ ਜਾਂਦਾ ਹੈ ਕਿ ਪ੍ਰਮਾਤਮਾ ਨੂੰ ਭੁੱਲ ਹੀ ਜਾਂਦਾ ਹੈ। ਭਗਤ ਨਾਮਦੇਵ ਜੀ ਨੇ ਇਸ ਦੁਨੀਆਂ ਨੂੰ ਪਦਾਰਥਵਾਦੀ ਦੱਸਿਆ ਹੈ।

ਕਾਹੇ ਰੇ ਨਰ ਗਰਬੁ ਕਰਤ ਹਹੁ
ਬਿਨਸਿ ਜਾਇ ਝੂਠੀ ਦੇਹੀ।। (ਅੰਗ ੬੯੨)

ਭਗਤ ਨਾਮਦੇਵ ਜੀ ਰਚਨਾਤਮਕ ਵਿਚਾਰਧਾਰਾ ਦੇ ਸੰਤ ਕਵੀ ਸਨ। ਉਹ ਇਨਕਲਾਬੀ ਵਿਚਾਰਧਾਰਾ ਦੇ ਹਾਮੀ ਸਨ। ਰੂੜੀਵਾਦ ਤੋਂ ਉਪਰ ਉਠਣ ਦੀ ਉਹਨਾਂ ਆਵਾਜ਼ ਉਠਾਈ, ਜਾਤ-ਪਾਤ ਦੀਆਂ ਵੰਡੀਆਂ ਜੋ ਬ੍ਰਾਹਮਣਵਾਦ ਦੀਆਂ ਪਾਈਆਂ ਹੋਈਆਂ ਸਨ, ਦੇ ਖਿਲਾਫ ਆਪਣੀ ਕਾਵਿ ਰਚਨਾ ਅੰਦਰ ਆਵਾਜ਼ ਉਠਾਈ ਉਨ੍ਹਾਂ ਸਮਕਾਲੀ ਸਾਸ਼ਕਾਂ ਦੀਆਂ ਲੋਕ ਵਿਰੋਧੀ ਨੀਤੀਆਂ ਪ੍ਰਤੀ ਵੀ ਰੋਸ ਪ੍ਰਗਟ ਕੀਤਾ। ਭਾਰਤ ਵਿਚ ਉਸ ਸਮੇਂ, ਅਜਿਹੇ ਲੋਕ ਸਨ ਜਿਹੜੇ ਧਰਮ ਦੇ ਕੰਮਾਂ ਅਤੇ ਮਿਹਨਤ ਮਜ਼ਦੂਰੀ ਵਾਲੇ ਕੰਮਾਂ ਨੂੰ ਵੱਖੋ-ਵੱਖਰੇ ਹੋਣ 'ਚ ਵਿਸ਼ਵਾਸ਼ ਸਮਝਦੇ ਸਨ।

ਨਾਮਦੇਵ ਜੀ ਨੇ ਧਰਮ ਤੇ ਕਿਰਤ ਨੂੰ ਅੱਡ ਅੱਡ ਕਿੱਤੇ ਸਮਝਣ ਦੀ ਧਾਰਨਾ ਦਾ ਵਿਰੋਧ ਕੀਤਾ। ਉਨ੍ਹਾਂ ਅਨੁਸਾਰ ਧਰਮ ਦਾ ਮਨੁੱਖ ਦੇ ਅੰਦਰ ਨਾਲ ਅਤੇ ਕਿਰਤ ਦਾ ਸੰਬੰਧ ਮਨੁੱਖ ਦੇ ਬਾਹਰ ਨਾਲ ਹੈ। ਇਸ ਲਈ ਮਨੁੱਖ ਨੂੰ ਆਪਣਾ ਕੰਮ ਕਾਰ ਕਰਦੇ ਸਮੇਂ ਪ੍ਰਮਾਤਮਾ ਨੂੰ ਆਪਣੇ ਮਨ ਅੰਦਰ ਜੋੜ ਕੇ ਰੱਖਿਆ ਜਾ ਸਕਦਾ ਹੈ। ਕਬੀਰ ਜੀ ਨੇ ਆਪਣੀ ਬਾਣੀ ਵਿਚ ਜ਼ਿਕਰ ਕੀਤਾ ਹੈ:

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮ ਸੰਮਾਲਿ।।
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ।।(ਅੰਗ ੧੩੭੫-੭੬)

ਆਪਣੇ ਜੀਵਨ ਦੇ ਅੰਤਮ ਦਿਨ ਨਾਮਦੇਵ ਜੀ ਨੇ ਪੰਜਾਬ ਵਿਚ ਆ ਕੇ ਬਤੀਤ ਕੀਤੇ। ਘੁਮਾਣ ਸਾਹਿਬ (ਗੁਰਦਾਸਪੁਰ) ਵਿਖੇ ਆਪ 80 ਸਾਲ ਦੀ ਆਯੂ ਭੋਗ ਕੇ 1350 ਈਸਵੀ ਵਿਚ ਪ੍ਰਲੋਕ ਸੁਧਾਰ ਗਏ। ਇਥੇ ਹਰ ਸਾਲ ਲੋਹੜੀ ਵਾਲੇ ਦਿਨ ਤੋਂ ਦੇਸ਼ ਪ੍ਰਦੇਸ਼ਾਂ ਤੋਂ ਸ਼ਰਧਾਲੂ ਆਪਣੀਆਂ ਹਾਜ਼ਰੀਆਂ ਭਰਨ ਲਈ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਭਗਤ ਨਾਮਦੇਵ ਜੀ ਦੀ ਵਰਸੋਈ ਨਗਰੀ ਦੀ ਧਰਤੀ ਨੂੰ ਨਤਮਸਤਕ ਕਰਦੇ ਹਨ।



ਮੇਜਰ ਸਿੰਘ ਨਾਭਾ
91-94635-53962


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਬਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ 'ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਗ਼ਦਰ ਪਾਰਟੀ ਸਥਾਪਨਾ ਦਿਨ ਅਤੇ 28ਵਾਂ ਗ਼ਦਰੀ ਮੇਲਾ ਜੱਲ੍ਹਿਆਂਵਾਲਾ ਬਾਗ਼ ਕਾਂਡ ਦੀ ਪਹਿਲੀ ਸ਼ਤਾਬਦੀ ਨੂੰ ਸਮਰਪਤ ਹੋਏਗਾ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੀ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ ਬੋਰਡ ਆਫ਼ ਟਰਸੱਟ ਦੀ ਮੀਟਿੰਗ 'ਚ ਫੈਸਲਾ ਕੀਤਾ ਗਿਆ ਕਿ ਅਗਲੇ ਵਰ੍ਹੇ 21 ਅਪ੍ਰੈਲ ਨੂੰ ਗ਼ਦਰ ਪਾਰਟੀ ਦਾ ਸਲਾਨਾ ਸਥਾਪਨਾ ਦਿਹਾੜਾ ਅਤੇ 1 ਨਵੰਬਰ ਨੂੰ ਸਿਖਰਾਂ ਛੋਹਣ ਵਾਲਾ ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ, ਜੱਲ੍ਹਿਆਂਵਾਲਾ ਬਾਗ਼ ਖ਼ੂਨੀ ਕਾਂਡ ਦੀ ਪਹਿਲੀ ਸ਼ਤਾਬਦੀ (1919-2019) ਨੂੰ ਸਮਰਪਤ ਕੀਤਾ ਜਾਏਗਾ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਦੀ ਪ੍ਰਧਾਨਗੀ 'ਚ ਹੋਈ ਮੀਟਿੰਗ 'ਚ ਲਏ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਮੁਲਕ ਦੇ ਆਜ਼ਾਦੀ ਸੰਗਰਾਮ ਵਿੱਚ ਇਤਿਹਾਸਕ ਇਨਕਲਾਬੀ ਮੋੜ ਸਿਰਜਣ ਵਾਲੇ ਜੱਲ੍ਹਿਆਂਵਾਲਾ ਖ਼ੂਨੀ ਕਾਂਡ ਅਤੇ ਉਸਦੀ ਲਹੂ ਰੱਤੀ ਮਿੱਟੀ ਨੂੰ ਮਸਤਕ ਨਾਲ ਲਗਾ ਕੇ ਆਜ਼ਾਦੀ, ਜਮਹੂਰੀਅਤ, ਸਾਂਝੀਵਾਲਤਾ, ਨਿਆਂ ਅਤੇ ਲੋਕਾਂ ਦੀ ਪੁੱਗਤ ਵਾਲੇ ਨਿਜ਼ਾਮ ਦੀ ਉਸਾਰੀ ਕਰਨ ਲਈ ਅਗੇਰੇ ਪੁਲਾਂਘਾ ਪੁੱਟਣ ਵਾਲੀਆਂ ਲਹਿਰਾਂ ਅਤੇ ਨਾਇਕਾਂ ਦੀ ਭੂਮਿਕਾ, ਸਾਡੇ ਸਮਿਆਂ ਲਈ ਹੋਰ ਵੀ ਪ੍ਰਸੰਗਕਤਾ ਅਤੇ ਮਹੱਤਤਾ ਰੱਖਦੀ ਹੈ। ਇਸ ਇਤਿਹਾਸਕ ਧਰੋਹਰ ਤੋਂ ਪ੍ਰੇਰਨਾ ਲੈ ਕੇ, ਅਜੋਕੀ ਲੋਕ-ਦੋਖੀ ਵਿਵਸਥਾ ਬਦਲਣ ਲਈ ਨੌਜਵਾਨ ਪੀੜ੍ਹੀ ਨੂੰ ਵਿਸ਼ੇਸ਼ ਕਰਕੇ ਅਗਲੀਆਂ ਕਤਾਰਾਂ ਵਿੱਚ ਲਿਆਉਣ ਅਤੇ ਮਿਹਨਤਕਸ਼ ਵਰਗ ਦੀ ਮੁਕਤੀ ਦਾ ਸੁਨੇਹਾ ਦੇਣ ਲਈ 2019 ਦਾ ਪੂਰਾ ਵਰ੍ਹਾ, "ਜੱਲ੍ਹਿਆਂਵਾਲਾ ਬਾਗ਼ ਦਾ ਪੈਗ਼ਾਮ: ਜਾਰੀ ਰੱਖਣਾ ਹੈ ਸੰਗਰਾਮ" ਦੀ ਸੋਚ ਨੂੰ ਬੁਲੰਦ ਕਰਨ ਲਈ ਕਮੇਟੀ ਸਮਾਗਮਾਂ ਦੀ ਲੜੀ ਤੋਰੇਗੀ। ਇਸ ਲੜੀ ਦੀ ਹੀ ਕੜੀ ਹੋਏਗਾ ਸਥਾਪਨਾ ਦਿਵਸ ਸਮਾਗਮ ਅਤੇ ਮੇਲਾ ਗ਼ਦਰੀ ਬਾਬਿਆਂ ਦਾ।

ਮੀਟਿੰਗ 'ਚ ਬੀਤੀ ਇੱਕ ਨਵੰਬਰ ਨੂੰ ਹੋਏ 27ਵੇਂ ਮੇਲੇ ਉਪਰ ਪੜਚੋਲਵੀਂ ਨਜ਼ਰਸਾਨੀ ਕਰਕੇ, ਮੇਲੇ ਦੀਆਂ ਸ਼ਾਨਦਾਰ ਪ੍ਰਾਪਤੀਆਂ ਨੂੰ ਲੜ ਬੰਨ੍ਹਣ, ਊਣਤਾਈਆਂ ਅਤੇ ਸੀਮਤਾਈਆਂ ਨੂੰ ਅੰਤਰ-ਝਾਤ ਮਾਰਦਿਆਂ ਸਮੂਹਿਕ ਉੱਦਮ ਜੁਟਾ ਕੇ ਪੂਰਨ ਦਾ ਫੈਸਲਾ ਲਿਆ ਗਿਆ। ਮੇਲੇ 'ਚ ਸਹਿਯੋਗ ਦੇਣ ਲਈ ਸੰਸਥਾਵਾਂ ਵਿਅਕਤੀਆਂ ਦਾ ਧੰਨਵਾਦ ਕੀਤਾ ਗਿਆ।

ਫ਼ਿਰਕੂ ਜੱਥੇਬੰਦੀਆਂ ਦੇ ਲੋਕ-ਵਿਰੋਧੀ ਅਨਸਰਾਂ ਵੱਲੋਂ ਨਾਮਵਰ ਲੇਖਕਾ ਗੌਰੀ ਲੰਕੇਸ਼ ਦੇ ਕਤਲ ਉਪਰੰਤ ਉੱਘੇ ਨਾਟਕਕਾਰ ਡਾ. ਆਤਮਜੀਤ, ਪ੍ਰੋ. ਚਮਨ ਲਾਲ ਸਮੇਤ ਦਰਜ਼ਣਾਂ ਬੁੱਧੀਜੀਵੀਆਂ ਨੂੰ ਜਾਨੋਂ ਮਾਰਨ ਦੀਆਂ ਸਕੀਮਾਂ ਘੜਨ, ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਹੱਲਾ ਬੋਲਣ ਵਾਲਿਆਂ ਖਿਲਾਫ਼ ਲੋਕ-ਆਵਾਜ਼ ਉਠਾਉਣ ਅਤੇ ਅਧਿਆਪਕਾਂ ਦੇ ਹੱਕੀ ਘੋਲ ਦੀ ਹਮਾਇਤ ਅਤੇ ਮੰਗਾਂ ਪ੍ਰਵਾਨ ਦੇ ਮਤੇ ਪਾਸ ਕੀਤੇ ਗਏ। ਬੋਰਡ਼ ਆਫ਼ ਟਰੱਸਟ ਦੀ ਮੀਟਿੰਗ ਉਪਰੰਤ ਮੇਲੇ ਦੀਆਂ ਪ੍ਰਬੰਧਕੀ ਟੀਮਾਂ ਦੀ ਹੋਈ ਮੀਟਿੰਗ 'ਚ ਵੀ ਮੇਲੇ ਉਪਰ ਉਸਾਰੂ-ਪੜਚੋਲਵੀਂ ਝਾਤ ਮਾਰੀ ਗਈ। ਜਿਸ ਵਿੱਚ ਦੇਸ ਰਾਜ ਕਾਲੀ, ਭਗਵੰਤ ਰਸੂਲਪੁਰੀ, ਸਤੀਸ਼ ਪੰਡੋਰੀ, ਪਰਮਜੀਤ ਸਿੰਘ, ਡਾ. ਸੈਲੇਸ਼, ਸੁਮਨ ਲਤਾ, ਕੇਸਰ, ਕਸ਼ਮੀਰ ਘੁੱਗਸ਼ੋਰ ਨੇ ਮੇਲੇ 'ਚ ਨਵੇਂ ਰੰਗ ਭਰਨ ਲਈ ਅਤੇ ਹਰ ਪੱਖੋਂ ਸਫ਼ਲ ਕਰਨ ਲਈ ਸੁਝਾਅ ਰੱਖੇ। ਜਿਨ੍ਹਾਂ ਉਪਰ ਗੰਭੀਰਤਾ ਨਾਲ ਗੌਰ ਕਰਨ ਦਾ ਵਿਚਾਰ ਬਣਿਆ। ਮੀਟਿੰਗ 'ਚ ਕਮੇਟੀ ਤਰਫ਼ੋਂ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਸੀਤਲ ਸਿੰਘ ਸੰਘਾ, ਹਰਵਿੰਦਰ ਭੰਡਾਲ, ਚਰੰਜੀ ਲਾਲ ਕੰਗਣੀਵਾਲ, ਪ੍ਰਗਟ ਸਿੰਘ ਜਾਮਾਰਾਏ, ਸੁਰਿੰਦਰ ਕੁਮਾਰੀ ਕੋਛੜ, ਬਲਬੀਰ ਕੌਰ ਬੁੰਡਾਲਾ ਨੇ ਵੀ ਵਿਚਾਰ ਰੱਖੇ। ਕਮੇਟੀ ਵੱਲੋਂ ਰੱਖੇ ਮਤਿਆਂ ਨੂੰ ਇਸ ਮੀਟਿੰਗ ਵੱਲੋਂ ਵੀ ਹੱਥ ਖੜ੍ਹੇ ਕਰਕੇ ਹਮਾਇਤੀ ਹੁੰਗਾਰਾ ਭਰਿਆ ਗਿਆ।

# ਨੈਸ਼ਨਲ ਪੱਧਰ ਤੇ ਜਿੱਤਿਆ ਗੋਲਡ ਮੈਡਲ ਜੇਤੂ ਖਿਡਾਰੀਆਂ ਸਨਮਾਨ

**ਬਟਾਲਾ (ਬਰਨਾਲ)–** ਸਿਖਿਆ ਦੇ ਖੇਤਰ ਵਿਚ ਇਕ ਨਾਮ ਵਰ ਸੰਸਥਾ ਦੇ ਤੌਰ ਪੰਜਾਬ ਭਰ ਦੇ ਸਕੂਲਾਂ ਤੇ ਖੇਡ ਪ੍ਰੇਮੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਿਆਲਗੜ ਨੂੰ ਜਾਣਦੇ ਹਨ, ਆਏ ਦਿਨ ਇਨਾਮ ਪ੍ਰਾਪਤ ਕਰਨੇ ਇਕ ਪ੍ਰੰਪਰਾ ਹੈ। ਸਕੂਲ ਦੇ ਪ੍ਰਿੰਸੀਪਲ ਸ੍ਰੀ ਮਤੀ ਕਮਲੇਸ਼ ਕੌਰ ਤੇ ਸਮੂਚੇ ਸਟਾਫ ਤੇ ਪਿੰਡ ਵਾਸੀਆਂ ਵੱਲੋ ਜਿਲਾ ਟੂਰਨਾਮੈਂਟ ਕਮੇਟੀ ਵੱਲੋ ਕਰਵਾਈਆਂ ਖੇਡਾ ਵਿਚ ਫੁਟਬਾਲ ਖੇਡਾਂ ਵਿਚ ਦਿਆਲਗੜ ਦੇ ਵਿਦਿਆਰਥੀਆਂ ਨੇ ਨੈਸਨਲ ਪੱਧਰ ਤੇ ਗੋਲਡ ਮੈਡਲ ਜਿੱਤਿਆ ਹੈ। ਇਸ ਮੇਕੇ ਸਕੂਲ ਵਿਚ ਕਰਵਾਏ ਗਏ ਪ੍ਰਭਾਵਸਾਲੀ ਸਮਾਗਮ ਵਿਚ ਨਾਮਵਰ ਸਖਸੀਅਤਾਂ ਨੇ ਪਹੁੰਚੀਆਂ ਤੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਕੋਚ ਸ ਹਰਪਾਲ ਸਿੰਘ ਦੀ ਕੋਸਿਸ ਤੇ ਦਿਨ ਰਾਤ ਦੀ ਮਿਹਨਤ ਸਦਕਾ ਇਲਾਕੇ ਦਾ ਨਾਮ ਚਮਕਿਆ ਹੈ। ਪ੍ਰਿੰਸੀਪਲ ਤੇ ਕੋਚ ਹਰਪਾਲ ਸਿੰਘ ਨੂੰ ਸਹੀਦ ਭਗਤ ਸਿੰਘ ਕਲੱਬ ਦਿਆਲਗੜ ਵੱਲੋ ਸਨਮਾਨਿਤ ਕੀਤਾ ਗਿਆ। ਪ੍ਰਧਾਨ ਗੱਜਣ ਸਿੰਘ ਇਸ ਸਮਾਰੋਹ ਤੇ ਵਿਸ਼ੇਸ ਤੌਰ ਪਹੁੰਚੇ। ਇਸ ਮੌਕੇ ਸਲਵਿੰਦਰ ਸਿੰਘ ਬਿੱਟੂ, ਰਜਿੰਦਰ ਸਿੰਘ, ਗੁਰਸ਼ਰਨ ਸਿੰਘ, ਡਾਕਟਰ ਜਸਵੰਤ ਸਿੰਘ , ਸਾਬਕਾ ਸਰਪੰਚ ਰਵੇਲ ਸਿੰਘ, ਤਰਸੇਮ ਸਿੰਘ, ਕੈਪਟਨ ਮਹਿੰਦਰ ਸਿੰਘ, ਕੈਪਟਨ ਸਮਸੇਰ ਸਿੰਘ , ਪ੍ਰੀਤਮ ਸਿੰਘ ਸੰਨੀ ਹੋਟਲ, ਅਵਤਾਰ ਸਿੰਘ, ਮਾਸਟਰ ਜਗੀਰ ਸਿੰਘ, ਗੁਰਦੇਵ ਸਿੰਘ, ਵਿਕਰਾਂਤ ਸੰਨੀ, ਤੋ ਇਲਾਵਾ ਵਿਦਿਆਰਥੀ ਕਰਨਵੀਰ ਸਿੰਘ, ਦੀਪਕਜੋਤ ਸਿੰਘ, ਤੇ ਸਟਾਫ ਮੈਬਰ ਹਰਪਾਲ ਸਿੰਘ ਕੋਚ, ਅੰਮ੍ਰਿਤਪਾਲ ਸਿੰਘ, ਚੰਨਣ ਸਿੰਘ, ਬਾਬਾ ਸੁਖਵੰਤ ਸਿੰਘ, ਕਾਂਤਾ, ਸੂਬਾ ਸਿੰਘ ਠੀਕਰੀਵਾਲ, ਸੁਖਵੰਤ ਸਿੰਘ, ਜਤਿੰਦਰਬੀਰ ਸਿੰਘ, ਜਗਦੀਸ਼ ਸਿੰਘ, ਸ੍ਰੀ ਪ੍ਰਵੇਸ਼ ਕੁਮਾਰ, ਸਮਿੰਦਰਬੀਰ ਕੌਰ, ਇੰਦਰਜੀਤ ਕੌਰ, ਅਮਨ ਖੋਖਰ, ਅਮਨਪ੍ਰੀਤ ਕੌਰ, ਰੁਪਿੰਦਰ ਕੌਰ ਆਦਿ ਹਾਜਰ ਸਨ, ਸਟੇਜ ਸਕੱਤਰ ਦੀ ਭੂਮਿਕਾ ਸੁਖਵੰਤ ਸਿੰਘ ਨੇ ਬਾਖੂਬੀ ਨਾਲ ਨਿਭਾਈ। ਸਕੂਲ ਪ੍ਰਿੰਸੀਪਲ ਵੱਲੋ ਸਨਮਾਨ ਕੀਤੇ ਵਿਦਿਆਰਥੀਆਂ , ਕੋਚ ਤੇ ਵਿਸ਼ੇਸ ਤੌਰ ਤੇ ਪਹੁੰਚੇ ਇਲਾਕ ਨਿਵਾਸੀਆਂ ਦਾ ਤਹਿਦਿਲੋ ਧਨਵਾਦ ਕੀਤਾ।






## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਦਸੰਬਰ ਮਹੀਨੇ ਦੇ ਪ੍ਰੋਗਰਾਮ

ਪ੍ਰਕਾਸ਼ ਉਤਸਵ ਸਤਿਗੁਰੂ ਨਾਮਦੇਵ ਮਹਾਰਾਜ ਜੀ ਮਿਤੀ 30 ਨਵੰਬਰ, 1, 2 ਦਸੰਬਰ ਦਿਨ ਸ਼ੁੱਕਰਵਾਰ, ਸਨਿਚਰਵਾਰ, ਐਤਵਾਰ।

**30 ਨਵੰਬਰ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
**2 ਦਸੰਬਰ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।**

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਿਜਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।

ਪ੍ਰਕਾਸ਼ ਉਤਸਵ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਮਿਤੀ 7, 8,9 ਦਸੰਬਰ ਦਿਨ ਸ਼ੁੱਕਰਵਾਰ, ਸਨਿਚਰਵਾਰ, ਐਤਵਾਰ

**7 ਦਸੰਬਰ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
**9 ਦਸੰਬਰ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।**

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਿਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ। ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ:

ਗੁਰੂ ਘਰ 530-674-2564
ਸ੍ਰੀ ਦਲਵਿੰਦਰ ਰੱਲ੍ਹ, ਪ੍ਰਧਾਨ ਗੁਰੂ ਘਰ 530-933-3938
ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ, ਜਨਰਲ ਸਕੱਤਰ 530-713-1823
ਸ੍ਰੀ ਰਾਮ ਸੇਵਕ ਭਾਟੀਆ, ਹੈੱਡ ਕੈਸ਼ੀਅਰ 530-701-4370

# ਲੰਡਨ ਵਸਦੇ ਪੰਜਾਬੀ ਕਿਰਤੀਆਂ ਨੇ ਚੈਰਿਟੀ ਸੰਸਥਾਵਾਂ ਲਈ ਦਾਨ ਇਕੱਠਾ ਕਰ ਕੇ ਮਨਾਇਆ ਗੁਰਪੁਰਬ

## ਖਾਲਸਾ ਏਡ ਤੇ ਚੜ੍ਹਦੀ ਕਲਾ ਸੰਸਥਾ ਲਈ ਇਕੱਤਰ ਕੀਤੀ ਦਾਨ ਰਾਸ਼ੀ

**ਲੰਡਨ (ਮਨਦੀਪ ਖੁਰਮੀ)** ਲੰਡਨ ਦੀ ਲੈਂਗ ਓ ਰੌਰਕੀ ਕੰਪਨੀ 'ਚ ਕੰਮ ਕਰਦੇ ਪੰਜਾਬੀ ਨੌਜਵਾਨਾਂ ਨੇ ਵਿਲੱਖਣ ਅੰਦਾਜ਼ 'ਚ ਗੁਰਪੁਰਬ ਮਨਾਇਆ। ਪੰਜਾਬੀ ਨੌਜਵਾਨਾਂ ਵੱਲੋਂ ਗੁਰਤੇਜ ਸਿੰਘ ਪੰਨੂੰ ਦੀ ਅਗਵਾਈ ਵਿੱਚ ਇੱਕ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਯੂਰੋਪ ਦੇ ਸਭ ਤੋਂ ਵੱਡੇ ਗੁਰੂਘਰ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਸਮੇਂ ਬੋਲਦਿਆਂ ਹਰਜੀਤ ਸਿੰਘ ਸਰਪੰਚ ਅਤੇ ਗੁਰਤੇਜ ਸਿੰਘ ਪੰਨੂੰ ਨੇ ਆਪਣੇ ਕਿਰਤੀ ਸਾਥੀਆਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਕਿਰਤ ਨੂੰ ਵਡਿਆਉਣ ਦੀ ਸਿੱਖਿਆ ਸੰਬੰਧੀ ਤਕਰੀਰ ਦੌਰਾਨ ਚਾਨਣਾ ਪਾਇਆ ਗਿਆ। ਇਸ ਸਮੇਂ ਗੈਰ ਪੰਜਾਬੀ ਅਤੇ ਗੈਰ ਭਾਰਤੀ ਕਾਮਿਆਂ ਵੱਲੋਂ ਵੀ ਜਿੱਥੇ ਗੁਰੂ ਜੀ ਦੀਆਂ ਸਿੱਖਿਆਵਾਂ ਦੀ ਜਾਣਕਾਰੀ ਲਈ ਉੱਥੇ ਆਪਣੇ ਦਸਵੰਧ ਵਿੱਚੋਂ ਭੇਟਾ ਵੀ ਦਿੱਤੀ ਗਈ। ਇਸ ਸਮੇਂ ਇਕੱਤਰ ਹੋਈ ਖ਼ੂਨ ਪਸੀਨੇ ਦੀ ਕਮਾਈ ਵਿੱਚੋਂ 1723 ਪੌਂਡ ਖਾਲਸਾ ਏਡ ਅਤੇ 500 ਪੌਂਡ ਗ੍ਰੇਵਜੈਂਡ ਸਥਿਤ ਚੜ੍ਹਦੀ ਕਲਾ ਸਿੱਖ ਆਰਗੇਨਾਈਜੇਸ਼ਨ ਨੂੰ ਭੇਟ ਕੀਤੀ ਗਈ। ਇਸ ਸਮੇਂ ਅਮਨਦੀਪ ਸਿੰਘ ਢਿੱਲੋਂ, ਪ੍ਰਦੀਪ ਸਿੰਘ ਰਾਏ ਮੋਰਾਂਵਾਲੀ, ਨਵਦੀਪ ਸਿੰਘ, ਸੰਤੋਖ ਸਿੰਘ ਚੱਠਾ ਸਾਊਥਾਲ, ਤਲਜਿੰਦਰ ਸਿੰਘ ਭਾਊ, ਹਰਜੀਤ ਸਿੰਘ ਮਾਨ, ਭਲਵੀਰ ਸਿੰਘ ਭਰੋਲੀ, ਅਮਰੀਕ ਸਿੰਘ, ਰਘਵੀਰ ਸਿੰਘ, ਸੁਲੱਖਣ ਸਿੰਘ, ਸ਼ਕੀਲ ਅਹਿਮਦ, ਇਲਿਆਸ ਮੁਹੰਮਦ, ਕਰਨਜੀਤ ਸਿੰਘ ਉੱਪਲ, ਸ਼ੇਰ ਸਿੰਘ, ਦਲਵੀਰ ਸਿੰਘ ਢੰਡਾ, ਕੁਲਵੰਤ ਸਿੰਘ, ਰਾਮ ਸਿੰਘ, ਸੰਸਾਰ ਸਿੰਘ ਸਿੰਪਲੇ, ਗੁਰਮੀਤ ਸਿੰਘ ਚੱਠਾ, ਅਮਨਦੀਪ ਸਿੰਘ ਰਾਠੌਰ, ਦਵਿੰਦਰ ਸਿੰਘ ਨਾਗਰਾ, ਗੁਰਦਾਵਰ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।




# ਕਰਤਾਰਪੁਰ 'ਚ ਸਿੱਖ ਸ਼ਰਧਾਲੂਆਂ ਲਈ ਬਣੇਗਾ ਰੇਲਵੇ ਸਟੇਸ਼ਨ

**(ਸਫਾ 1 ਦੀ ਬਾਕੀ)**

ਮੁਲਕਾਂ ਦਰਮਿਆਨ ਅਮਨ ਤੇ ਸ਼ਾਂਤੀ ਵਧਾਏਗਾ, ਉਥੇ ਇਸ ਨਵੀਂ ਪਹਿਲਕਦਮੀ ਨਾਲ ਕ੍ਰਿਕਟ ਸਬੰਧਾਂ ਦੀ ਬਹਾਲੀ ਵੀ ਹੋਵੇਗੀ। ਭਾਰਤੀ ਪੱਤਰਕਾਰਾਂ ਦੇ ਸਮੂਹ ਨਾਲ ਅਟਾਰੀ-ਵਾਹਗਾ ਸਰਹੱਦ ਰਸਤੇ ਲਾਹੌਰ ਪੁੱਜੇ ਸ੍ਰੀ ਸਿੱਧੂ ਨੇ ਇਹ ਪ੍ਰਗਟਾਵਾ ਇਥੇ ਪਾਕਿਸਤਾਨੀ ਪੱਤਰਕਾਰਾਂ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਦਿੰਦਿਆਂ ਕੀਤਾ। ਸ੍ਰੀ ਸਿੱਧੂ ਲਾਹੌਰ ਤੋਂ 120 ਕਿਲੋਮੀਟਰ ਦੂਰ ਨਾਰੋਵਾਲ ਵਿਖੇ ਭਲਕੇ ਕਰਤਾਰਪੁਰ ਲਾਂਘੇ ਲਈ ਰੱਖੇ ਜਾਣ ਵਾਲੇ ਨੀਂਹ ਪੱਥਰ ਸਮਾਗਮ ਲਈ ਮਿਲੇ ਵਿਸ਼ੇਸ਼ ਸੱਦੇ ਤਹਿਤ ਇਥੇ ਪੁੱਜੇ ਹਨ। ਚਾਰ ਕਿਲੋਮੀਟਰ ਲੰਮਾ ਇਹ ਲਾਂਘਾ ਭਾਰਤ ਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਡੇਰਾ ਬਾਬਾ ਨਾਨਕ ਨੂੰ ਪਾਕਿਸਤਾਨ ਦੇ ਨਾਰੋਵਾਲ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਨਾਲ ਜੋੜੇਗਾ। ਇਸ ਲਾਂਘੇ ਰਾਹੀਂ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਗੁਰਦੁਆਰੇ ਤਕ ਵੀਜ਼ਾ ਮੁਕਤ ਰਸਾਈ ਮਿਲੇਗੀ। ਸ੍ਰੀ ਸਿੱਧੂ ਨੇ ਲਾਂਘੇ ਲਈ ਇਮਰਾਨ ਖ਼ਾਨ ਦਾ ਸ਼ੁਕਰੀਆ ਅਦਾ ਕਰਦਿਆਂ ਕਿਹਾ ਕਿ ਇਸ ਨਾਲ ਦੋਵਾਂ ਮੁਲਕਾਂ ਵਿਚਲੀ ਦੁਸ਼ਮਣੀ ਮਿਟੇਗੀ। ਉਨ੍ਹਾਂ ਪੱਤਰਕਾਰਾਂ ਨੂੰ ਕਿਹਾ, 'ਇਮਰਾਨ ਖ਼ਾਨ ਨੇ ਤਿੰਨ ਮਹੀਨੇ ਪਹਿਲਾਂ ਜਿਹੜਾ ਬੀਜ ਬੀਜਿਆ ਸੀ, ਉਹ ਹੁਣ ਪੌਦਾ ਬਣ ਗਿਆ ਹੈ। ਸਿੱਖ ਭਾਈਚਾਰੇ ਲਈ ਇਹ ਖ਼ੁਸ਼ੀ ਦਾ ਮੌਕਾ ਹੈ ਕਿ ਉਨ੍ਹਾਂ ਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਕਰਤਾਰਪੁਰ ਪੁੱਜ ਕੇ ਬਾਬਾ ਗੁਰੂ ਨਾਨਕ ਦੇਵ ਦਾ ਅਸ਼ੀਰਵਾਦ ਹਾਸਲ ਕਰਨ ਲਈ ਲਾਂਘਾ ਮਿਲ ਰਿਹਾ ਹੈ। ਲਾਂਘਾ ਖੁੱਲ੍ਹਣ ਨਾਲ 73 ਸਾਲਾਂ ਦੀ ਉਡੀਕ ਖ਼ਤਮ ਹੋ ਜਾਵੇਗੀ।

ਉਨ੍ਹਾਂ ਕਿਹਾ ਕਿ ਕ੍ਰਿਕਟ ਸਬੰਧਾਂ ਦੀ ਬਹਾਲੀ ਸਮੇਤ ਇਸ ਲਾਂਘੇ 'ਚ ਅਸੀਮ ਸੰਭਾਵਨਾਵਾਂ ਹਨ ਤੇ ਅਜਿਹੀ ਪਹਿਲਕਦਮੀ ਨਾਲ ਦੋਵਾਂ ਮੁਲਕਾਂ 'ਚ ਅਮਨ ਸ਼ਾਂਤੀ ਵਧੇਗੀ। ਕ੍ਰਿਕਟਰ ਤੋਂ ਸਿਆਸਤਦਾਨ ਬਣੇ ਸਿੱਧੂ ਨੇ ਕਿਹਾ ਕਿ ਧਰਮ ਨੂੰ ਸਿਆਸਤ ਦੇ ਚਸ਼ਮੇ 'ਚੋਂ ਨਾ ਵੇਖਿਆ ਜਾਵੇ। ਉਨ੍ਹਾਂ ਕਿਹਾ ਕਿ ਵਿਸ਼ਵ ਵਿੱਚ ਅਜਿਹਾ ਕੋਈ ਨੇਮ ਨਹੀਂ ਹੈ ਜੋ ਧਾਰਮਿਕ ਸ਼ਰਧਾਲੂਆਂ ਨੂੰ ਇਬਾਦਤ ਵਾਲੀ ਥਾਂ ਦੇ ਦਰਸ਼ਨ ਕਰਨ ਤੋਂ ਰੋਕਦਾ ਹੋਵੇ। ਸਿੱਧੂ ਨੇ ਕਿਹਾ ਕਿ ਉਹ ਨਿੱਕੇ ਹੁੰਦਿਆਂ ਤੋਂ ਇਮਰਾਨ ਖ਼ਾਨ ਦੇ ਪ੍ਰਸ਼ੰਸਕ ਹਨ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

www.deshdoaba.com www.ambedkartimes.com

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਬੇਅ ਏਰੀਆ ਦੀ ਸਾਹਿਤਕ ਮਿਲਣੀ ਵਿਚ'ਕਵਿਤਾ ਦੇ ਤੱਤਾਂ' ਤੇ ਭਖਵੀਂ ਬਹਿਸ ਹੋਈ

## ਸੁਰਿੰਦਰ ਸਿੰਘ ਸੀਰਤ ਸਰਬਸੰਮਤੀ ਨਾਲ ਅਗਲੇ ਦੋ ਸਾਲਾਂ ਲਈ ਅਕਾਦਮੀ ਦੇ ਪ੍ਰਧਾਨ ਚੁਣੇ ਗਏ

**ਫ਼ਰੀਮਾਂਟ:** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਵਲੋਂ ਨਿਊਵਾਰਕ ਦੇ ਮਹਿਰਾਨ ਰੈਸਟੋਰੈਂਟ ਵਿਖੇ ਪ੍ਰੋ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਮਾਸਿਕ ਸਾਹਿਤਕ ਮਿਲਣੀ ਆਯੋਜਿਤ ਕੀਤੀ ਗਈ। ਇਸ ਮਿਲਣੀ ਦੇ ਸ਼ੁਰੂ ਵਿਚ ਜਨਰਲ ਸਕੱਤਰ ਕੁਲਵਿੰਦਰ ਨੇ ਸਮੂਹ ਮੈਂਬਰਾਂ ਨੂੰ ਕਾਨਫ਼ਰੰਸ ਬਾਰੇ ਪ੍ਰਤੀਕਰਮ ਦੇਣ ਲਈ ਗੁਜ਼ਾਰਿਸ਼ ਕੀਤੀ। ਸਮੂਹ ਮੈਂਬਰਾਂ ਨੇ ਵਾਰੀ ਸਿਰ ਬੜੀ ਸੁਹਿਰਦਤਾ ਨਾਲ ਆਪਣੇ ਵਿਚਾਰ ਪੇਸ਼ ਕੀਤੇ। ਇਸ ਉਪਰੰਤ ਕਵਿਤਾ ਦੇ ਤੱਤਾਂ ਬਾਰੇ ਭਖਵੀਂ ਬਹਿਸ ਹੋਈ। ਇਸ ਵਾਦ- ਵਿਵਾਦ ਨੂੰ ਤੋਰਨ ਲਈ ਕੁਲਵਿੰਦਰ ਨੇ 'ਅਨ ਛਅਰਲ 'ਅਨਦਬੁਰਗ ਦੇ ਕਥਨ ਦਾ ਹਵਾਲਾ ਦਿੰਦਿਆਂ ਕਿਹਾ, "Poetry is an echo asking a shadow to dance." ਪ੍ਰੋ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਕਵਿਤਾ ਕਿ ਕਵਿਤਾ ਵਿਚ ਸੰਗੀਤਮਈ ਨਿਭਾਅ ਹੋਣਾ ਅਤਿ ਜ਼ਰੂਰੀ ਹੈ। ਕਵਿਤਾਵਾਂ ਭਾਵਾਂ ਦੀ ਅਭੀ ਵਿਅਕਤੀ ਹੈ। ਬਿੰਬ ਅਤੇ ਅਲੰਕਾਰ ਇਸਨੂੰ ਰੂਪਮਾਨ ਕਰਨ ਵਿਚਅਹਿਮ ਭੂਮਿਕਾ ਨਿਭਾਉਂਦੇ ਹਨ। ਤਾਰਾ ਸਿੰਘ ਸਾਗਰ ਨੇ ਕਿਹਾ ਕਿ ਕਵਿਤਾ ਫੁੱਲਾਂ ਵਾਂਗ ਸੁੰਦਰ ਅਤੇ ਕਲੀਆਂ ਵਾਂਗ ਕੋਮਲ ਹੁੰਦੀ ਹੈ। ਇਸਦਾ ਘੇਰਾ ਸਾਗਰ ਦੀ ਤਰ੍ਹਾਂ ਵਿਸ਼ਾਲ ਵੀ ਹੁੰਦਾ ਹੈ ਅਤੇ ਗਹਿਰਾ ਵੀ। ਇਹ ਨੂਰੀਆਂ ਰਾਤਾਂ ਵਿਚ ਤਾਰਿਆਂ ਵਾਂਗ ਟਿਮਟਮਾਉਂਦੀ ਹੈ। ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਭਾਰਤੀ ਕਵਿਤਾ ਛੰਦ ਬੱਧ ਕਵਿਤਾ ਹੈ ਅਤੇ ਖੁੱਲ੍ਹੀ ਕਵਿਤਾ ਇਸਦੀ ਨਕਲ ਹੈ। ਹਰ ਕਵਿਤਾ ਆਪਣਾ ਰੂਪ ਆਪ ਲੈ ਕੇ ਆਉਂਦੀ ਹੈ ਅਤੇ ਹਰ ਸਤਰ ਦਾ ਆਪਣਾ ਨਿਯਮ ਹੈ। ਗੁਲਸ਼ਨ ਦਿਆਲ ਨੇ ਕਿਹਾ ਕਿ ਕਵਿਤਾ ਉਹ ਰਚਨਾ ਹੈ, ਜੋਮਨੁੱਖੀ ਮਨ ਨੂੰ ਟੁੰਬਦੀ ਹੈ। ਜਗਜੀਤ ਨੌਸ਼ਿਰਵੀ ਨੇ ਕਿਹਾ ਕਿ ਕਵਿਤਾ ਇਸ ਤੋਂ ਵੀ ਅੱਗੇ ਹੈ ਅਤੇ ਅਸਲੀ ਕਵਿਤਾ ਉਹ ਹੈ ਜੋ ਮਨੁੱਖੀ ਆਤਮਾ ਨੂੰ ਝਿੰਜੋੜਨ ਦੇ ਸਮਰੱਥ ਹੈ ਅਤੇ ਚਿੰਤਨ ਪੈਦਾ ਕਰਦੀ ਹੈ। ਸਤੀਸ਼ ਗੁਲਾਟੀ ਨੇ ਕਿਹਾ ਕਿ ਕਵਿਤਾ ਚਾਹੇ ਛੰਦ ਬੱਧ ਹੈ ਜਾਂ ਖੁੱਲ੍ਹੀ ਕਵਿਤਾ ਹੈ,



ਇਸ ਵਿਚ ਸੰਗੀਤਕ ਵਹਾਅ ਦਾ ਹੋਣਾ ਬਹੁਤ ਜ਼ਰੂਰੀ ਹੈ ਅਤੇ ਇਸ ਲਈ ਗੁਰੂਮੇਲ ਸਿੱਧੂ ਦੀ ਪੁਸਤਕ 'ਖੁੱਲ੍ਹੀ ਕਵਿਤਾ ਦੇ ਮਾਪ ਦੰਡ' ਜ਼ਿਕਰਯੋਗ ਹੈ। ਸੁਖਪਾਲ ਸੰਘੇੜਾ ਨੇ ਕਿਹਾ ਕਿ ਕਵਿਤਾ ਇਕ ਵਿਚਾਰ ਹੈ, ਇਕ ਸੂਖ਼ਮ ਭਾਵਨਾ ਹੈ, ਜਿਸਦਾ ਪ੍ਰਗਟਾਵਾ ਕਰਨ ਲਈ ਸਿੰਬਲੀ, ਅਲੰਕਾਰ, ਬਿੰਬ, ਮਾਨਵੀਕਰਨ, ਕਲਪਨਾ, ਵਿਅੰਜਨਾ ਆਦਿ ਤੱਤ ਆਪਣੀ ਅਹਿਮ ਭੂਮਿਕਾ ਨਿਭਾਉਂਦੇ ਹਨ। ਮੇਜਰ ਭੁਪਿੰਦਰ ਦਲੇਰ ਨੇ ਕਿਹਾ ਕਿ ਕਵਿਤਾ ਛੰਦਬੱਧ ਹੈ ਅਤੇ ਇਹ ਮਨੁੱਖੀ ਮਨਾਂ ਉੱਪਰ ਜਾਦੂਮਈ ਪ੍ਰਭਾਵ ਛੱਡਦੀ ਹੈ। ਨੀਲਮ ਸੈਣੀ ਨੇ ਕਿਹਾ ਕਿ ਸੁਰਜੀਤ ਪਾਤਰ ਨੇ ਇਕ ਵਾਰੀ ਸ਼ਾਇਰ ਯੇਟਸ ਦੇ ਕਥਨ ਦੇ ਹਵਾਲੇ ਨਾਲ ਕਿਹਾ ਸੀ ਕਿ ਦੂਜਿਆਂ ਨਾਲ ਲੜਾਈ ਵਿਚੋਂ ਪ੍ਰਭਾਵਸ਼ਾਲੀ ਭਾਸ਼ਣ ਪੈਦਾ ਹੁੰਦੇ ਹਨ ਅਤੇ ਆਪਣੇ ਆਪ ਨਾਲ ਲੜਾਈ ਵਿਚੋਂ ਕਵਿਤਾ...

ਇਸ ਮੌਕੇ ਪ੍ਰਿੰਸੀਪਲ ਪ੍ਰੇਮ ਸਾਹਿਲ ਦਾ ਕਾਵਿ ਸੰਗ੍ਰਿਹ 'ਨਿੱਕੇ ਵੱਡੇ ਚਿਹਰੇ' ਲੋਕ ਅਰਪਿਤ ਕੀਤਾ ਗਿਆ।

ਇਸ ਪੁਸਤਕ ਦੀ ਜਾਣ-ਪਛਾਣ ਕਰਵਾਉਂਦੇ ਸਤੀਸ਼ ਗੁਲਾਟੀ ਚੇਤਨਾ ਪ੍ਰਕਾਸ਼ਨ ਨੇ ਕਿਹਾ ਕਿ ਪ੍ਰੇਮ ਸਾਹਿਲ ਦੇਹਰਾਦੂਨ ਤੋਂ ਸੇਵਾ ਮੁਕਤ ਪ੍ਰਿੰਸੀਪਲ ਹਨ। ਉਹ ਸਾਹਿਤ ਅਕੈਡਮੀ ਲੁਧਿਆਣਾ ਦੀ ਕਾਰਜਕਾਰਨੀ ਵਿਚ ਸ਼ਾਮਿਲ ਹਨ। ਇਸ ਸੰਗ੍ਰਿਹ ਵਿਚ ਉਨ੍ਹਾਂ ਗ਼ਜ਼ਲ, ਕਵਿਤਾਵਾਂ ਅਤੇ ਟੱਪਿਆਂ ਰਾਹੀ ਆਪਣੇ ਮਨ ਦੇ ਵਲਵਲੇ ਪੇਸ਼ ਕੀਤੇ ਹਨ। ਇਕ ਨਮੂਨਾ ਪੇਸ਼ ਕਰਦੇ ਹਾਂ: ਤੌੜੀ ਚੁੱਲ੍ਹੇ ਉੱਤੇ ਚਾੜ੍ਹੀ ਨਾ
ਨੀਂਦ ਵੀ ਤਾਂ ਟਿੱਚਰਾਂ ਕਰੇ
ਜਦੋਂ ਲੱਗਦੀ ਦਿਹਾੜੀ ਨਾ

ਪ੍ਰੋ. ਕੰਬੋਜ ਨੇ ਕਿਹਾ ਕਿ ਪ੍ਰੇਮ ਸਾਹਿਲ ਨੇ ਆਪਣੀ ਸ਼ਾਇਰੀ ਵਿਚ ਸਮਾਜ ਦੇ ਵੱਖਰੇ ਰੰਗਾਂ ਨੂੰ ਪੇਸ਼ ਕੀਤਾ ਹੈ। ਦਰਦ ਦਾ ਰੰਗ ਬਹੁਤ ਗੂੜ੍ਹਾ ਹੈ ਅਤੇ ਇਸ ਪੁਸਤਕ ਵਿਚਲੀ ਸਮੁੱਚੀ ਸ਼ਾਇਰੀ ਦਰਦ ਅਤੇ ਫ਼ਿਕਰ ਦੀ ਸ਼ਾਇਰੀ ਹੈ। ਇਸ ਮਿਲਣੀ ਦੇ ਅਖ਼ੀਰ ਵਿਚ ਪ੍ਰੋ. ਸੁਖਵਿੰਦਰ ਕੰਬੋਜ ਨੇ ਆਪਣੀ ਕਾਰਜਕਾਰਨੀ ਦਾ ਹਰ ਸਹਿਯੋਗ ਲਈ ਧੰਨਵਾਦ ਕਰਦੇ ਹੋਏ ਅਗਲੇ ਪ੍ਰਧਾਨ ਦੀ ਚੋਣ ਕਰਨ ਲਈ ਸੱਦਾ ਦਿੱਤਾ। ਅਕਾਦਮੀ ਦੇ ਸਮੂਹ ਮੈਂਬਰਾਂ ਹਰਭਜਨ ਢਿੱਲੋਂ, ਮੇਜਰ ਭੁਪਿੰਦਰ ਦਲੇਰ, ਗੁਲਸ਼ਨ ਦਿਆਲ, ਸੁਖਪਾਲ ਸੰਘੇੜਾ, ਜਗਜੀਤ ਨੌਸ਼ਿਹਰਵੀ, ਤਾਰਾ ਸਿੰਘ ਸਾਗਰ, ਪ੍ਰਿੰਸੀਪਲ ਦਰਸ਼ਨ ਸਿੰਘ ਨੱਤ,ਕੁਲਵਿੰਦਰ, ਸੁਖਵਿੰਦਰ ਕੰਬੋਜ, ਸੁਖਦੇਵ ਸਾਹਿਲ ਅਤੇ ਨੀਲਮ ਸੈਣੀ ਨੇ ਸਰਬਸੰਮਤੀ ਨਾਲ ਪ੍ਰੋ. ਸੁਰਿੰਦਰ ਸਿੰਘ ਸੀਰਤ ਨੂੰ ਅਗਲੇ ਦੋ ਸਾਲਾਂ ਲਈ ਪ੍ਰਧਾਨ ਨਿਯੁਕਤ ਕੀਤਾ। ਸੁਰਿੰਦਰ ਸਿੰਘ ਸੀਰਤ ਆਪਣੀ ਕਾਰਜਕਾਰਨੀ ਦੀ ਚੋਣ ਆਪ ਕਰਨਗੇ ਅਤੇ ਜਨਵਰੀ 2019 ਤੋਂ ਅਕਾਦਮੀ ਦਾ ਕਾਜ-ਭਾਰ ਸੰਭਾਲਣਗੇ। ਇਸ ਸਾਲ ਦੀ ਅੰਤਿਮ ਮਾਸਿਕ ਮਿਲਣੀ ਪ੍ਰੋ. ਕੰਬੋਜ ਦੀ ਪ੍ਰਧਾਨਗੀ ਹੇਠ 16 ਦਸੰਬਰ 2018 ਨੂੰ ਹੋਵੇਗੀ। ਅਕਾਦਮੀ ਵਿਚ ਅਨੁਸ਼ਾਸਨ ਬਣਾਈ ਰੱਖਣ ਲਈ ਆਰਗੇਨਾਈਜ਼ਰ ਹਰਭਜਨ ਸਿੰਘ ਢਿੱਲੋਂ ਦੇ ਪ੍ਰਸਤਾਵ 'ਅਕਾਦਮੀ ਵਿਚ ਗਾਲ਼ੀ-ਗਲੋਚ ਜਾਂ ਅਪ ਸ਼ਬਦ ਬੋਲਣ ਵਾਲੇ- ਪ੍ਰਧਾਨ, ਅਹੁਦੇਦਾਰ ਜਾਂ ਮੈਂਬਰ ਆਪਣੇ ਆਪ ਹੀ 6ਮਹੀਨੇ ਲਈ ਬਰਖ਼ਾਸਤ ਹੋ ਜਾਵੇਗਾ' ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਪ੍ਰਸਤਾਵ ਨੂੰ ਹਾਜ਼ਰ ਮੈਂਬਰਾਂ ਨੇ ਬਹੁਸੰਮਤੀ ਨਾਲ ਸਵੀਕਾਰ ਕਰਦੇ ਹੋਏ, ਸੰਵਿਧਾਨ ਦੀ ਧਾਰਾ 8 'ਤਰਮੀਮ' ਦੇ ਅਧੀਨ ਸੰਵਿਧਾਨ ਵਿਚ 'ਤਰਮੀਮ' ਕਰਨ ਲਈ ਮਨਜ਼ੂਰ ਕਰ ਦਿੱਤਾ ਗਿਆ।

## ਬਾਈ ਲਈ ਭਵਿੱਖਬਾਣੀ?

ਕੁਰਸੀ ਵਾਸਤੇ ਧਰਮ ਨੂੰ ਵਰਤਣੇ ਦਾ
ਚੰਗੇ ਹਾਕਮਾਂ ਵਾਲਾ ਕਿਰਦਾਰ ਨਾਹੀਂ।

ਫਲ ਭੁਗਤਦੇ 'ਕਾਲੀ' ਬੇਅਦਬੀਆਂ ਦਾ
ਏਨੀ ਕਿਸੇ ਨੂੰ ਪਈ ਫਿਟਕਾਰ ਨਾਹੀਂ।

ਬੱਝੀ ਆਸ ਹੈ 'ਕੁਝ' ਪੰਜਾਬੀਆਂ ਨੂੰ
ਸ਼ਾਇਦ ਰਾਜਾ ਜੀ ਕਰਨ ਲਾਚਾਰ ਨਾਹੀਂ।

ਪਾਣੀ ਵਿਚ ਮਧਾਣੀ ਜੇ ਪਾਈ ਜਾਣੀ
ਕੈਪਟਨ ਸਾਬ੍ਹ ਲਈ ਸਹੀ ਵਿਹਾਰ ਨਾਹੀਂ।

ਸਿੱਟਾ ਕੱਢ ਕੇ 'ਸਿਟ' ਨੇ ਸਿੱਟਿਆ ਨਾ
ਜੇਲ੍ਹ ਵਿਚ ਜੇ ਕੋਈ ਗੁਨਾਹਗਾਰ ਨਾਹੀਂ।

ਦੇਖ ਲੈਣਾ ਫਿਰ 'ਬਾਈ' ਦੀ ਚੋਣ ਵੇਲੇ
ਰਹਿਣੀ ਮੋਤੀਆਂ ਵਾਲੀ ਸਰਕਾਰ ਨਾਹੀਂ!



ਤਰਲੋਚਨ ਸਿੰਘ ਦੁਪਾਲਪੁਰ
001-408-915-1268



ਹਿਤੇਸ ਸਾਰੰਗਲ ਸਪੁਤਰ ਤਿਲਕ ਰਾਜ ਸਾਰੰਗਲ ਵਾਸੀ ਗੁਰਦਾਸਪੁਰ ਦਾ ਵਿਆਹ ਦੀਪਿਕਾ ਪੁਤਰੀ ਵਿਨੋਦ ਕੁਮਾਰ ਵਾਸੀ ਬਟਾਲਾ ਨਾਲ਼ ਹੋਇਆ।
ਫੋਟੋ ਤੇ ਵੇਰਵਾ- ਬਰਨਾਲ

## ਲੰਡਨ 'ਚ ਹੋਇਆ 'ਮੇਰੀ ਮੁਹੱਬਤ' ਦਾ ਪ੍ਰੀਮੀਅਰ ਸ਼ੋਅ

**ਲੰਡਨ (ਮਨਦੀਪ ਖੁਰਮੀ)** ਬੀਤੇ ਦਿਨੀਂ ਰਿੰਪੀ ਰੂਪਾਰਾਏ ਦੁਆਰਾ ਨਿਰਦੇਸ਼ਿਤ ਅਤੇ ਪਰਵਿੰਦਰ ਨੰਦਰਾ ਦੀ ਕਹਾਣੀ 'ਤੇ ਆਧਾਰਿਤ ਫ਼ਿਲਮ "ਮੇਰੀ ਮੁਹੱਬਤ" ਦਾ ਪ੍ਰੀਮੀਅਰ ਸ਼ੋਅ ਲੰਡਨ ਵਿਖੇ ਦਿਖਾਇਆ ਗਿਆ। ਇਸ ਲਘੂ ਫ਼ਿਲਮ ਪਰਵਿੰਦਰ ਨੰਦਰਾ, ਸੋਨੀਆ ਗੋਸਵਾਮੀ, ਅਬਦੁਲ ਜ਼ਫ਼ਰ, ਜੈਨੇਟ ਢਿੱਲੋਂ, ਬ੍ਰਿਜਮੋਹਨ ਥਥਲ, ਸ਼ਾਜ਼ੀਆ ਭੱਟੀ ਅਤੇ ਅਤੁੱਲ ਸ਼ਰਮਾ ਆਦਿ ਲੰਡਨ ਦੇ ਵਸਨੀਕ ਕਲਾਕਾਰਾਂ ਨੇ ਹੀ ਕਿਰਦਾਰ ਨਿਭਾਏ ਹਨ। ਇਸ ਪ੍ਰੀਮੀਅਰ ਸ਼ੋਅ ਦੌਰਾਨ ਇੰਗਲੈਂਡ ਦੀਆਂ ਨਾਮੀ ਹਸਤੀਆਂ ਨੇ ਸ਼ਿਰਕਤ ਕੀਤੀ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਪਹੁੰਚੇ ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਨੇ ਫਿਲਮ ਦੇਖਣ ਉਪਰੰਤ ਆਪਣਾ ਅਨੁਭਵ ਸਾਂਝਾ ਕਰਦਿਆਂ ਦੱਸਿਆ ਕਿ "ਮੇਰੀ ਮੁਹੱਬਤ" ਫ਼ਿਲਮ ਮਿਲਾਪ ਅਤੇ ਵਿਛੋੜੇ ਨੂੰ ਨਿਵੇਕਲੇ ਅੰਦਾਜ਼ 'ਚ ਪੇਸ਼ ਕਰਦੀ ਹੈ। ਜਿਸਮਾਨੀ ਪਿਆਰ ਅਖ਼ੀਰ ਵਿੱਚ ਆਪਣੀ ਹਾਰ ਮੰਨ ਕੇ ਰੂਹਾਨੀ ਇਸ਼ਕ ਅੱਗੇ ਗੋਡੇ ਟੇਕ ਕੇ ਆਪਣੀ ਹਾਰ ਮੰਨ ਲੈਂਦਾ ਹੈ। ਉਹਨਾਂ ਫਿਲਮ ਟੀਮ ਨੂੰ ਇਸ ਸੁਚੱਜੇ ਕਾਰਜ ਦੀ ਹਾਰਦਿਕ ਵਧਾਈ ਪੇਸ਼ ਕੀਤੀ।






# 20 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਕਠਾਰ 'ਚ ਹੋਏ ਸਮੂਹਿਕ ਅਨੰਦ ਕਾਰਜ

**ਸ਼ਾਮਚੁਰਾਸੀ (ਚੁੰਬਰ)–** ਡੇਰਾ ਸੱਚ ਖੰਡ ਬੱਲਾਂ ਦੇ ਗੱਦੀ ਨਸ਼ੀਨ ਸੰਤ ਨਿਰੰਜਣ ਦਾਸ ਜੀ ਦੇ ਆਸ਼ੀਰਵਾਦ ਨਾਲ ਸੰਤ ਹਰੀ ਦਾਸ ਉਦਾਸੀਨ ਆਸ਼ਰਮ ਕੂਪਰ-ਢੇਪੁਰ ਅੱਡਾ ਕਠਾਰ ਦੇ ਸੰਚਾਲਕ ਸੰਤ ਸੁਰਿੰਦਰ ਦਾਸ ਅਤੇ ਸੰਤ ਗੁਰਬਚਨ ਦਾਸ ਜੀ ਚੱਕ ਲਾਦੀਆਂ ਦੀ ਅਗਵਾਈ ਹੇਠ ਸਮੂਹਿਕ ਸ਼ਾਦੀ ਸਮਾਰੋਹ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ 20 ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਆਨੰਦ ਕਾਰਜ ਦਾਣਾ ਮੰਡੀ ਬਹੋਦੀਨਪੁਰ ਕਠਾਰ ਸ਼ਾਮਚੁਰਾਸੀ ਰੋਡ ਵਿਖੇ ਕਰਵਾਏ ਗਏ। ਸਮੂਹਿਕ ਵਿਆਹ ਵਾਲੇ ਲੜਕੇ ਲੜਕੀਆਂ ਨੂੰ ਵੱਖ-ਵੱਖ ਡੇਰਿਆਂ ਅਤੇ ਸੰਪ੍ਰਦਾਵਾਂ ਦੇ ਮਹਾਪੁਰਸ਼ਾਂ ਅਤੇ ਵੱਖ ਵੱਖ ਰਾਜਨੀਤਿਕ ਆਗੂਆਂ ਨੇ ਆਪਣਾ ਆਸ਼ੀਰਵਾਦ ਦਿੱਤਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਸੰਤ ਦਿਲਾਵਰ ਸਿੰਘ ਬ੍ਰਹਮ ਜੀ ਜੱਬੜ ਮਾਣਕੋ, ਸੰਤ ਭੋਲਾ ਦਾਸ ਭਾਰ ਸਿੰਘਪੁਰਾ, ਸੰਤ ਕੁਲਵੰਤ ਰਾਮ ਪ੍ਰਧਾਨ ਸਾਧੂ ਸਮਾਜ, ਸੰਤ ਜਸਪਾਲ ਸਿੰਘ ਓਡਰਾਂ, ਬਾਬਾ ਰਾਮ ਮੂਰਤੀ ਨਾਰਾ, ਸੰਤ ਹਰਮੀਤ ਸਿੰਘ ਬਾਹੋਵਾਲ, ਸੰਤ ਕਸ਼ਮੀਰ ਸਿੰਘ ਕੋਟ ਫਤੂਹੀ, ਸੰਤ ਪ੍ਰਦੀਪ ਦਾਸ ਕਠਾਰ, ਸੰਤ ਗੁਰਪਾਲ ਦਾਸ ਤਾਰਾਗੜ੍ਹ, ਬੀਬੀ ਮੀਨਾ ਜੀ ਜੇਜੋਂ, ਬਾਬਾ ਪ੍ਰਿਥੀ ਸਿੰਘ ਬਾਲੀ ਸ਼ਾਮ ਚੁਰਾਸੀ, ਸੰਤ ਹਰਚਰਨ ਦਾਸ ਸ਼ਾਮਚੁਰਾਸੀ, ਸੰਤ ਸੁਰਿੰਦਰ ਦਾਸ ਅਟਾਰੀ, ਸੰਤ ਜਸਵੰਤ ਸਿੰਘ ਠੱਕਰਵਾਲ, ਸੰਤ ਸ਼ੀਤਲ ਦਾਸ ਕਾਲੇਵਾਲ ਭਗਤਾਂ, ਬੀਬੀ ਕੁਲਦੀਪ ਕੌਰ ਮਹਿਨਾ ਸਮੇਤ ਕਈ ਹੋਰ ਮਹਾਪੁਰਸ਼ ਹਾਜ਼ਰ ਸਨ। ਇਸ ਮੌਕੇ ਰਾਜਨੀਤਿਕ ਆਗੂਆਂ ਵਿਚ ਕੇਂਦਰੀ ਮੰਤਰੀ ਵਿਜੇ ਕੁਮਾਰ ਸਾਂਪਲਾ, ਮੁੱਖ ਸੇਵਾਦਾਰ ਲਾਲ ਬਾਦਸ਼ਾਹ ਦਰਬਾਰ ਪਦਮ ਸ਼੍ਰੀ ਹੰਸ ਰਾਜ ਹੰਸ, ਮੈਂਬਰ ਪਾਰਲੀਮੈਂਟ ਚੌਧਰੀ ਸੰਤੋਖ ਸਿੰਘ, ਸਾਬਕਾ ਮੰਤਰੀ ਮਹਿੰਦਰ ਸਿੰਘ ਕੇ ਪੀ, ਮੈਂਬਰ ਰਾਜ ਸ਼ਭਾ ਸ਼ਮਸ਼ੇਰ ਸਿੰਘ ਦੂਲੋ, ਡਾ. ਹਰਪ੍ਰੀਤ ਕੈਂਥ, ਵਿਧਾਇਕ ਸ਼ੁਸ਼ੀਲ ਰਿੰਕੂ, ਸਾਬਕਾ ਵਿਧਾਇਕ ਜਥੇਦਾਰ ਦੇਸ ਰਾਜ ਸਿੰਘ ਧੁੱਗਾ, ਸ਼ੈਸ਼ਨ ਜੱਜ ਕਿਸ਼ੋਰ ਕੁਮਾਰ, ਤਹਿਸੀਲਦਾਰ ਮਨੋਹਰ ਲਾਲ, ਏ ਸੀ ਪੀ ਸਰਬਜੀਤ ਸਿੰਘ ਰਾਏ, ਐਸ ਪੀ ਕੁਲਵੰਤ ਸਿੰਘ ਹੀਰ, ਡਾ. ਰਾਮ ਲਾਲ ਜੱਸੀ, ਐਸ ਐਚ ਓ ਗੋਪਾਲ ਸਿੰਘ ਆਦਮਪੁਰ, ਡਾ. ਰਵੀ ਕੁਮਾਰ, ਸਮੇਤ ਹੋਰ ਰਾਜਨੀਤਿਕ ਤੇ ਪ੍ਰਸ਼ਾਸ਼ਨਿਕ ਅਧਿਕਾਰੀ ਆਪਣਾ ਅਸ਼ੀਰਵਾਦ ਦੇਣ ਪਹੁੰਚੇ। ਭਾਈ ਪਰਮਜੀਤ ਸਿੰਘ ਮਾਣਕਰਾਈ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਮਹਾਂਪੁਰਸ਼ਾ ਵਲੋਂ ਨਵੇਂ ਵਿਆਹੇ ਸਾਰੇ ਜੋੜਿਆਂ ਨੂੰ ਸੋਨੇ ਦੇ ਗਹਿਣੇ ਤੇ ਨਿੱਤ ਵਰਤੋਂ ਦਾ ਘਰੇਲੂ ਸਮਾਨ ਦਿੱਤਾ ਗਿਆ। ਸਟੇਜ ਸਕੱਤਰ ਦੀ ਸੇਵਾ ਕੁਲਦੀਪ ਚੁੰਬਰ ਨੇ ਨਿਭਾਈ। ਇਸ ਮੌਕੇ ਸ਼ਿਵ ਰਾਮ ਧੀਰ, ਰਮੇਸ਼ ਸੰਧੂ, ਜਸਵਿੰਦਰ ਸਿੰਘ, ਡਾ. ਅਜੀਤ ਸਿੰਘ, ਸੇਠ ਯੋਗ ਰਾਜ, ਐਡਵੋਕੇਟ ਹਰਜਿੰਦਰ ਸਿੰਘ, ਐਕਸੀਅਨ ਸਤਨਾਮ ਸਿੰਘ, ਡੀ ਸੀ ਭਾਟੀਆ, ਪ੍ਰਿੰ. ਸਤਪਾਲ ਜੱਸੀ, ਡਾ ਜਗਦੀਸ਼ ਕਠਾਰ, ਡਾ. ਮਿਨਾਕਸ਼ੀ ਚੰਦਰ, ਸੰਸਾਰ ਚੰਦ ਬਿਆਸ ਪਿੰਡ, ਰੋਸ਼ਨ ਲਾਲ ਸੋਧੀਂ, ਅਵਤਾਰ ਬਸਰਾ, ਰਣਜੀਤ ਸਿੰਘ ਰਾਣਾ, ਸਤਨਾਮ ਸਿੰਘ ਨਿੱਝਰ, ਕਮਲੇਸ਼ ਰਾਣੀ ਸਰਪੰਚ ਮਾਣਕੋ, ਚਮਨ ਲਾਲ, ਸਤਪਾਲ ਡੀ ਐਫ ਓ, ਸਤੀਸ਼ ਕੁਮਾਰ ਸ਼ਾਮ ਚੁਰਾਸੀ, ਜੋਗਿੰਦਰ ਪਾਲ, ਬਾਬੂ ਪਿਆਰੇ ਲਾਲ, ਨਰਿੰਦਰ ਨੰਦਾ, ਜੋਗਿੰਦਰ ਪਾਲ ਬੂਟਾ ਮੰਡੀ, ਜੱਸੀ ਤੱਲ੍ਹਣ, ਸੁੱਖੀ ਬੱਲਾਂ, ਸਤਨਾਮ ਸਿੰਘ ਆੜਤੀਆ, ਨੀਰੂ ਨੰਦਾ, ਸਮੇਤ ਹੋਰ ਬਹੁਤ ਸਾਰੇ ਇਲਾਕਾ ਨਿਵਾਸੀ ਅਤੇ ਪਿੰਡਾਂ ਦੀਆਂ ਪੰਚਾਇਤਾਂ ਹਾਜ਼ਰ ਸਨ।



# ਪੰਜਾਬੀ ਸਾਹਿਤ ਸਭਾ ਵਲੋਂ ਕਹਾਣੀ ਵਰਕਸ਼ਾਪ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ 17 ਨਵੰਬਰ ਨੂੰ ਲੈਥਰੋਪ ਵਿੱਚ ਪ੍ਰਿੰਸੀਪਲ ਹਰਨੇਕ ਸਿੰਘ ਦੇ ਗ੍ਰਹਿ ਵਿਖੇ ਇੱਕ ਕਹਾਣੀ ਵਰਕਸ਼ਾਪ ਕਰਵਾਈ ਗਈ। ਸਾਹਿਤ ਸਭਾ ਵਲੋਂ ਪਾਈ ਪਿਰਤ ਅਨੁਸਾਰ ਸਮੇਂ ਸਮੇਂ ਤੇ ਪਰਵਾਸੀ ਪੰਜਾਬੀ ਕਹਾਣੀ ਕਲਾ ਨੂੰ ਨਖ਼ੇਰਨ, ਪ੍ਰਫੁੱਲਤ ਕਰਨ ,ਅਤੇ ਉਭਰ ਰਹੇ ਕਹਾਣੀਕਾਰਾਂ ਨੂੰ ਉਤਸ਼ਾਹਤ ਕਰਨ ਦੇ ਮੰਤਵ ਹਿੱਤ ਕਹਾਣੀ ਵਰਕਸ਼ਾਪਾਂ ਦਾ ਅਯੋਜਨ ਕੀਤਾ ਜਾਂਦਾ ਹੈ। ਜਿਸ ਦਾ ਲੇਖਕਾਂ ਵਲੋਂ ਲਗਾਤਾਰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਇਸ ਸਿਲਸਲੇ ਵਿੱਚ ਹਰ ਅਜੇਹੀ ਮੀਟਿੰਗ ਦੌਰਾਨ ਇੱਕ ਜਾਂ ਦੋ ਨਵੀਆਂ ਲਿਖੀਆਂ ਕਹਾਣੀਆਂ ਨੂੰ ਵਿਚਾਰ ਚਰਚਾ ਦਾ ਅਧਾਰ ਬਣਾਇਆ ਜਾਂਦਾ ਹੈ। ਇਸ ਵਾਰ ਹਰਜਿੰਦਰ ਪੰਧੇਰ ਦੁਆਰਾ ਲਿਖੀ ਕਹਾਣੀ 'ਚਾਨਣ' ਅਤੇ ਨੀਲਮ ਸੈਣੀ ਵਲੋਂ ਨਵਿ-ਰਚਿੱਤ ਕਹਾਣੀ ਬਾਰੇ ਹਾਜ਼ਰ ਮੈਂਬਰਾਂ ਵਲੋਂ ਵਿਚਾਰ ਗੋਸ਼ਟੀ ਦੌਰਾਨ ਕਈ ਅਹਿਮ ਨੁਕਤੇ ਸਾਂਝੇ ਕੀਤੇ ਗਏ।। ਮੀਟਿੰਗ ਦੌਰਾਨ



ਮਨਜੀਤ ਕੌਰ ਸੇਖੋਂ ਨੇ ਕਹਾਣੀ 'ਭਰਮਜਾਲ' ਸਰੋਤਿਆਂ ਨਾਲ ਸਾਂਝੀ ਕੀਤੀ। ਪ੍ਰਿੰਸੀਪਲ ਹਰਨੇਕ ਸਿੰਘ ਨੇ ਮਿੰਨੀ ਕਹਾਣੀ 'ਖੁਸ਼ਬੋ' ਅਤੇ 'ਤਲਾਕ'। ਹਰਜੀਤ ਹਠੂਰ ਵਲੋਂ 'ਗੁਲਾਮ' ਸੁਣਾਈ ਗਈ।

ਇਸ ਮੀਟਿੰਗ ਦੌਰਾਨ ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਮੁਢਲੇ ਮੈਂਬਰ ਜਸ਼ਵੰਤ ਸਿੰਘ ਸ਼ਾਦ ਜਿਨ੍ਹਾਂ ਦਾ ਇਸ ਸਭਾ ਵਿੱਚ ਸੈਕਟਰੀ ਦੇ ਤੌਰ ਤੇ ਲੰਬਾ ਸਮਾਂ ਵਡਮੁੱਲਾ ਯੋਗਦਾਨ ਰਿਹਾ ਹੈ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਮੌਕੇ ਤੇ ਉਨ੍ਹਾਂ ਨਾਲ ਕਈ ਯਾਦਾਂ ਵੀ ਸਾਂਝੀਆਂ ਕੀਤੀਆਂ ਗਈਆਂ। ਬਾਅਦ ਵਿੱਚ ਹੋਏ ਕਵੀ ਦਰਬਾਰ ਵਿੱਚ ਤਾਰਾ ਸਿੰਘ ਸਾਗਰ, ਹਰਜੀਤ ਹਠੂਰ, ਦਲਜਿੰਦਰ ਸਹੋਤਾ, ਜਸਵੰਤ ਸ਼ਾਦ, ਨੀਲਮ ਸੈਣੀ, ਮਨਜੀਤ ਕੌਰ ਤੇ ਗੁਰਪੀਤ ਕੌਰ ਨੇ ਭਾਗ ਲਿਆ।

**ਰਿਪੋਰਟ: ਹਰਜਿੰਦਰ ਪੰਧੇਰ ;**
**ਫੋਨ-209-610- 5055**


# SRI GURU RAVIDASS SABHA PITTSBURG (CA)

## 2150 CRESTVIEW DRIVE, Pittsburg CA 94565 Tel: (925) 439-2355

### Programs at Sri Guru Ravidass Temple Pittsburg in November/December 2018

**December 2, 2018**
**Sri Sukhmani Sahib Path and Langar Sewa by Gurdyal Singh Rattu & Raj Rani Rattu**

Sri Sukhmani Sahib Path and Langar Sewa will be hosted by Gurdyal Singh Rattu and Raj Rani Rattu in celebration of their Son (Grandson of Bhai Gurnam Singh Rattu and Bibi Satyamati Rattu) Sahib Singh's 5th Birthday. May Waheguru bless Sahib Singh Rattu with happy healthy and long life

**December 9, 2018**
**Sri Sukhmani Sahib Path and Langar Sewa by Bhai Satnam Singh**

Sri Sukhmani Sahib Path and Langar Sewa will be hosted by Bhai Satnam Singh, Son Amandeep Singh & Bibi Prianka Sidhu for Sukh Shanti and Chardi Kala of their Family. May Waheguru keep family in Chardi Kala.



**December 23, 2018**
**Shaheedi Divas of Guru Gobind Singh Ji's Sahibzadey**

Sukhmani Sahib Path and Langar will be hosted by Gurughar on the occasion of Barsi of Shri Guru Gobind Singh Ji's four Sahibzadey: Baba Ajit Singh, Baba Jujhar Singh, Baba Zorawar Singh and Baba Fateh Singh. Guru Gobind Singh sacrificed his dear and brave sons, only to prove that when it comes to making sacrifices for the Sikh cause, he would not hesitate to offer his own sons to show the world that the Sikh ideals alone, and not his own sons, were dearer to him. Entire Sangat is humbly requested to participate and do the SEWA.

**December 30, 2018**
**Sukhmani Sahib Path and Langar Sewa by Gurughar***

**December 16, 2018**
**Akhand Path sewa by Bhai Santokh Madhar and Bibi Renu Madhar**

Akhand path will start on Friday 12/14/2018, at 10:00 AM and will be concluded with Bhog ceremony on Sunday morning 12/16/2018. Path and Langar Sewa will be hosted by Bhai Santokh Madhar and Bibi Renu Madhar to thank Waheguru ji for the health and happiness of their family. Jatha of Bahi Suveg Singh will do the Kirtan Sewa. May Waheguru keep Madhar family in Chardi Kala.

**December 31, 2018**
**Rain Sabai New Year's celebrations**

We are celebrating New Year's Eve at Gurughar in welcoming the 2019. Sukhmani Sahib Path and Langar Sewa will be hosted by Sangat. Let us start the New Year with a prayer for love, happiness and prosperity of our Sangat. Jathas of Giani Gurnam Singh/Ompal Singh will do the Shabad Kirtan. The entire Sangat is requested to participate whole heartedly.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |

# ਸੂਬਾ ਪੱਧਰ ਤੇ ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

## ਅਕਾਲ ਪੁਰਖ ਅਤੇ ਗੁਰੂ ਦੇ ਭਗਤ ਵਿੱਚ ਕੋਈ ਭੇਦ ਨਹੀ ਹੁੰਦਾ-ਜਥੇਦਾਰ ਗਿਆਨੀ ਹਰਪ੍ਰੀਤ ਸਿੰਘ

**ਬਠਿੰਡਾ (ਗੁਰਬਾਜ ਗਿੱਲ)–** ਆਲ ਇੰਡੀਆ ਕਸੱਤਰੀਆ ਟਾਂਕ ਪ੍ਰਤੀਨਿਧ ਸਭਾ ਰਜਿ ਦੇ ਕੋਮੀ ਪ੍ਰਧਾਨ ਨਿਰੰਜਣ ਸਿੰਘ ਰੱਖਰਾ ਸ੍ਰੀ ਮੁਕਤਸਰ ਸਾਹਿਬ ਦੀ ਯੋਗ ਅਗਵਾਈ ਹੇਠ ਟਾਂਕ ਕਸੱਤਰੀ ਸਭਾ ਕੋਟਕਪੂਰਾ ਦੇ ਕੀਤੇ ਪਰਬੰਧ ਅਨੁਸਾਰ ਪੰਜਾਬ ਦੇ ਸਮੂੰਹ ਭਾਈਚਾਰੇ ਦੇ ਸਹਿਯੋਗ ਨਾਲ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ 748 ਵਾਂ ਸੂਬਾ ਪੱਧਰ ਆਗਮਨ ਪੁਰਬ ਵੱਡੇ ਪੱਧਰ ਤੇ ਖੁੱਲੇ ਪੰਡਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਵਿਖੇ ਮਨਾਇਆ ਗਿਆ, ਸਮਾਗਮ ਦੌਰਾਨ ਪੰਜਾਬ ਦੇ ਕੋਨੇ-ਕੋਨੇ ਵਿੱਚੋ ਵੱਡੀ ਗਿਣਤੀ ਵਿੱਚ ਭਗਤ ਨਾਮਦੇਵ ਲੇਵਾ ਸੰਗਤਾਂ ਨੇ ਆਕੇ ਗੁਰੂ ਦੀ ਬਾਣੀ ਦਾ ਲਾਹਾ ਲਿਆ ਇਸ ਸਮੇ ਤੇ ਦੁਨੀਆ ਦੀ ਸੱਭ ਤੋ ਸਰਵ ਉਚ ਸੰਸਥਾ ਸ੍ਰੀ ਅਕਾਲ ਤੱਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਮੁੱਖ ਮਹਿਮਾਨ ਦੇ ਤੋਰ ਤੇ ਸ਼ਮੂਲੀਅਤ ਕੀਤੀ, ਜਦ ਕਿ ਬਲਦੇਵ ਸਿੰਘ ਐਮ ਐਲ ਏ ਜੈਤੋਂ, ਭਾਈ ਹਰਨਿਰਪਾਲ ਸਿੰਘ ਕੱਕੂ ਸਾਬਕਾ ਵਿਧਾਇਕ, ਮਨਤਾਰ ਸਿੰਘ ਬਰਾੜ ਸਾਬਕਾ ਵਿਧਾਇਕ ਕੋਟਕਪੂਰਾ, ਨਗਰ ਕੋਸ਼ਲ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਹਰਪਾਲ ਸਿੰਘ ਬੇਦੀ, ਨਗਰ ਕੌਂਸਲ ਕੋਟਕਪੂਰਾ ਦੇ ਪ੍ਰਧਾਨ ਮੋਹਨ ਸਿੰਘ ਮੱਤਾ, ਸਾਬਕਾ ਚੈਅਰਮੈਨ ਲਖਵੰਤ ਸਿੰਘ ਮਾਹਸ਼ਾ ਨੇ ਵਿਸ਼ੇਸ਼ ਤੌਰ ਹਾਜਰੀ ਲੁਵਾਈ, ਸਮਾਗਮ ਦੌਰਾਨ ਕੀਰਤਨੀ ਜਥਿਆ ਵਲੋ, ਜਿਹਨਾ ਵਿੱਚ ਗਿਆਨੀ ਗੁਰਮੀਤ ਸਿੰਘ ਹਜ਼ੂਰੀ ਰਾਗੀ ਗੁਰਦਵਾਰਾ ਬਾਬਾ ਨਾਮਦੇਵ ਬਰਨਾਲਾ ਅਤੇ ਇੰਟਰਨੈਸ਼ਨਲ ਜਥਾ ਰਬਾਬੀ ਭਾਈ ਇਕਬਾਲ ਸਿੰਘ ਜੀ ਲੋਪੋ ਵਾਲੇ ਮਰਦਾਨੇ ਕੇ ਨੇ ਭਗਤ ਨਾਮਦੇਵ ਜੀ ਦੀ ਬਾਣੀ ਦਾ ਰਸ਼ਭਿੰਨਾ ਕੀਰਤਨ ਕਰਦਿਆ, ਗੁਰੂ ਕੀਆ ਸੰਗਤਾ ਨੂੰ ਬਾਣੀ ਨਾਲ ਜੋੜਿਆ, ਇਸ ਸਮੇ ਤੇ ਬੋਲਦਿਆ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਸਮਾਗਮ ਦੌਰਾਨ ਜੁੜੀਆ ਸੰਗਤਾਂ ਨੂੰ ਭਗਤ ਨਾਮਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆ ਕਿਹਾ ਕਿ ਭਗਤ ਨਾਮਦੇਵ ਜੀ ਬਚਪਨ ਤੋ ਗੁਰੂ ਦੀ ਭਗਤੀ ਵਿੱਚ ਲੀਣ ਰਹਿੰਦੇ ਸਨ, ਇੱਕ ਦਿਨ ਭਗਤ ਨਾਮਦੇਵ ਮੌਜ ਵਿੱਚ ਆਏ, ਮਹਾਰਾਸ਼ਟਰ ਦੇ ਔਢਾਂ ਸ਼ੇਸ਼ਨਾਗ ਮੰਦਰ ਅੰਦਰ ਦਾਖਲ ਹੋ ਕੇ ਭਗਤੀ ਕਰਨ ਲੱਗ ਪਏ ਤਾ ਉਥੇ ਦੇ ਪੁਜਾਰੀਆ ਨੇ ਸੂਦਰ ਕਹਿ ਕੇ ਨਾਮਦੇਵ ਜੀ ਨੂੰ ਮੰਦਰ ਵਿੱਚੋ ਬਾਹਰ ਕਰ ਦਿੱਤਾ, ਤਾ ਉਸ ਵਕਤ ਭਗਤ ਜੀ ਨੇ ਪ੍ਰਮਾਤਮਾ ਨੂੰ ਕਿਹਾ ਕਿ ਅੱਜ ਜੋ ਕੁੱਝ ਵੀ ਪੁਜਾਰੀਆ ਨੇ ਕਿਹਾ, ਉਹ ਆਪ ਜੀ ਨੂੰ ਕਿਹਾ, ਉਸ ਵਕਤ ਪ੍ਰਮਾਤਮਾ ਦੀ ਐਸੀ ਕਿਰਪਾ ਹੋਈ ਕਿ ਮੰਦਰ ਘੁੰਮ ਗਿਆ ਅਤੇ ਉਸ ਮੰਦਰ ਦਾ ਬੂਹਾ ਭਗਤ ਨਾਮਦੇਵ ਜੀ ਵੱਲ ਹੋ ਗਿਆ, ਜਿਸ ਪਾਸੇ ਬਾਬਾ ਨਾਮਦੇਵ ਭਜਨ ਬੰਦਗੀ ਕਰ ਰਹੇ ਸਨ, ਇਸ ਸਮੇ ਤੇ ਵੱਖ-ਵੱਖ ਬੁਲਾਰਿਆਂ ਵਲੋ, ਜਿਹਨਾ ਵਿੱਚ ਸੰਤ ਨਾਮਦੇਵ ਫੈਡਰੇਸ਼ਨ ਪੰਜਾਬ ਦੇ ਜਰਨਲ ਸਕੱਤਰ ਸੀ ਐਲ ਲੱਕੀ ਜਲੰਧਰ ਅਤੇ ਡਾ. ਜਸਵੰਤ ਸਿੰਘ ਬਰਨਾਲਾ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ, ਸਮਾਗਮ ਦੇ ਅੰਤ ਵਿੱਚ ਆਲ ਇੰਡੀਆ ਕਸੱਤਰੀਆ ਟਾਂਕ ਪ੍ਰਤੀਨਿਧ ਸਭਾ ਰਜਿ ਦੇ ਪ੍ਰਧਾਨ ਨਿਰੰਜਣ ਸਿੰਘ ਰੱਖਰਾ ਨੇ ਸੱਭ ਦਾ ਧੰਨਵਾਦ ਕਰਦਿਆ ਕਿਹਾ ਕਿ ਸਾਨੂੰ ਭਗਤ ਨਾਮਦੇਵ ਜੀ ਵਲੋ ਵਿਖਾਏ ਰਸਤੇ ਤੇ ਚੱਲ ਕੇ ਆਪਣਾ ਜੀਵਨ ਸਫਲ ਕਰਨਾ ਚਾਹੀਦਾ, ਉਹਨਾ ਨੇ ਪੰਜਾਬ ਸਰਕਾਰ ਤੋ ਮੰਗ ਕੀਤੀ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ ਸਥਾਪਿਤ ਬੰਦ ਪਈ ਭਗਤ ਨਾਮਦੇਵ ਜੀ ਚੇਅਰ ਨੂੰ ਚਾਲੂ ਕੀਤਾ ਜਾਵੇ, ਇਸ ਮੌਕੇ ਤੇ ਪਰਬੰਧਕ ਕਮੇਟੀ ਵਲੋ, ਜਿਹਨਾ ਵਿੱਚ ਸ਼ਰਨਜੀਤ ਸਿੰਘ ਮੂਕਰ ਕੋਟਕਪੂਰਾ, ਬਲਵਿੰਦਰ ਸਿੰਘ ਚੋਹਾਨ ਬਠਿੰਡਾ, ਕੌਰ ਸਿੰਘ ਉਪਲੀ, ਕੇਵਲ ਸਿੰਘ ਬਰਨਾਲਾ, ਸਤਨਾਮ ਸਿੰਘ ਸੰਗਰੂਰ, ਹਰਪਾਲ ਸਿੰਘ ਸਮਾਉ ਰਾਜ ਪੁਰਾ, ਡਾ ਨਰੇਸ਼ ਸੱਗੂ ਸ਼ਾਹਕੋਟ ਵਲੋ ਸਮਾਗਮ ਦੌਰਾਨ ਵੱਖ-ਵੱਖ ਇਕਾਈਆ ਵਲੋ ਆਏ ਸਭਾ ਦੇ ਪ੍ਰਧਾਨਾਂ ਨੂੰ ਸਿਰੋਪਾਓ ਅਤੇ ਯਾਦ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ, ਸਟੇਜ ਦੀ ਸੇਵਾ ਆਲ ਇੰਡੀਆ ਦੇ ਜਰਨਲ ਸਕੱਤਰ ਮੇਜਰ ਸਿੰਘ ਸਿੱਧੂ ਬਠਿੰਡਾ ਨੇ ਬਾਖੂਬੀ ਨਿਭਾਈ, ਸਮਾਗਮ ਵਿੱਚ ਬਠਿੰਡਾ, ਡੱਬਵਾਲੀ, ਅਬੋਹਰ, ਸ੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ, ਮੋਗਾ, ਸ਼ਾਹਕੋਟ, ਨਕੋਦਰ, ਜਲੰਧਰ, ਲੁਧਿਆਣਾ, ਪਟਿਆਲਾ, ਸੰਗਰੂਰ, ਪਾਤੜਾਂ, ਸੁਨਾਮ, ਬਰਨਾਲਾ, ਬਾਘਾ ਪੁਰਾਣਾ, ਤਲਵੰਡੀ ਭਾਈ, ਜੀਰਾ, ਸ਼ੇਰਪੁਰ, ਮਾਨਸਾ, ਦਮਦਮਾ ਸਾਹਿਬ ਤਲਵੰਡੀ ਸਾਬੋ, ਸੰਗਤ ਮੰਡੀ, ਬਾਲਿਆਂਵਾਲੀ, ਰਾਮ ਪੁਰਾ, ਭੁੱਚੋ ਮੰਡੀ, ਕਾਲਿਆ ਵਾਲੀ (ਹਰਿਆਣਾ), ਹਨੂਮਾਨਗੜ (ਰਾਜਸਥਾਨ) ਸਭਾਵਾਂ ਨੇ ਹਾਜਰੀ ਲੁਵਾਈ, ਸਮਾਗਮ ਦੌਰਾਨ ਜੁਗਿੰਦਰ ਸਿੰਘ ਕੈਂਥ, ਕਰਤਾਰ ਸਿੰਘ ਪੁਰਬਾ, ਜਗਦੀਪ ਸਿੰਘ ਗੋਗੀ, ਹਰਪ੍ਰੀਤ ਸਿੰਘ ਬਾਲਿਆਂਵਾਲੀ, ਸਰੂਪ ਸਿੰਘ ਮੋਗਾ, ਬੇਅੰਤ ਸਿੰਘ ਨਕੋਦਰ, ਪਰਮਜੀਤ ਸਿੰਘ, ਕੁਲਦੀਪ ਸਿੰਘ ਦੀਦ ਸ਼ਾਹਕੋਟ, ਡਾ ਨਰਿੰਦਰ ਸਿੰਘ ਫਿਰੋਜ਼ਪੁਰ, ਮਲਕੀਤ ਸਿੰਘ ਸਰਪ੍ਰਸਤ, ਬੋਬੀ ਜੱਸਲ, ਮਾਸਟਰ ਜਗਦੇਵ ਸਿੰਘ, ਸੁਖਮੰਦਰ ਸਿੰਘ ਬੇਦੀ ਅਤੇ ਵਿੱਕੀ ਤੋ ਇਲਾਵਾ ਵੱਡੀ ਗਿਣਤੀ ਵਿਚ ਭਾਈਚਾਰੇ ਦੇ ਆਗੂ ਅਤੇ ਮੈਬਰ ਮੋਜੂਦ ਸਨ।






# ਸ਼ਬਦ ਉਚਾਰਣ 'ਚ ਸ਼ੁੱਧਤਾ ਲਿਆਉਣ ਦੇ ਯਤਨਾਂ ਦੀ ਪ੍ਰੋੜ੍ਹਤਾ ਨਾਲ ਵਿਸ਼ਵ ਪੰਜਾਬੀ ਕਾਨਫਰੰਸ ਸੰਪੰਨ

**ਕੁਆਲਾਲੰਪੁਰ (ਮਲੇਸ਼ੀਆ)–** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਲੇਸ਼ੀਆ ਵਸਦੇ ਪੰਜਾਬੀਆਂ ਦੇ ਸਹਿਯੋਗ ਨਾਲ ਵਿਸ਼ਵ ਪੰਜਾਬੀ ਭਾਈਚਾਰੇ ਵੱਲੋਂ ਡਾ.ਦੀਪਕ ਮਨਮੋਹਨ ਸਿੰਘ ਅਤੇ ਡਾ.ਕੰਵਰ ਜਸਮਿੰਦਰਪਾਲ ਸਿੰਘ ਜੀ ਦੀ ਸੁਚੱਜੀ ਅਤੇ ਯੋਗ ਅਗਵਾਈ ਹੇਠ ਇੱਥੇ ਨੇਤਾ ਜੀ ਸੁਭਾਸ਼ ਚੰਦਰਬੋਸ ਇੰਡੀਅਨ ਕਲਚਰਲ ਸੈਂਟਰ ਵਿਖੇ ਚੱਲ ਰਹੀ ਦੋ ਦਿਨਾਂ ਵਿਸ਼ਵ ਦੇ ਦੂਜੇ ਅਤੇ ਆਖਰੀ ਦਿਨ ਦੀ ਸ਼ੁਰੂਆਤ ਭਾਰਤ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਸੰਬੰਧ ਵਿੱਚ ਲਏ ਗਏ ਫੈਸਲਿਆਂ ਦੀ ਪ੍ਰੋੜਤਾ ਕਰਦਿਆਂ ਡਾ. ਸ਼ਿੰਦਰਪਾਲ ਸਿੰਘ ਦੀ ਪ੍ਰਧਾਨਗੀ ਹੇਠ ਵਿਸ਼ਵ ਪੰਜਾਬੀ ਭਾਈਚਾਰੇ ਨੇ ਧੰਨਵਾਦੀ ਮਤਾ ਪਾਸ ਕੀਤਾ।

ਇਸਦੀ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦਿਆਂ ਵਿਸ਼ਵ ਭਾਈਚਾਰੇ ਦੇ ਮੀਡੀਆ ਪ੍ਰਬੰਧਕ ਗੀਤਕਾਰ ਅਤੇ ਲੇਖਕ ਸਤਨਾਮ ਸਿੰਘ ਮੱਟੂ (ਬੀਬੜ੍ਹ) ਨੇ ਦੱਸਿਆ ਕਿ ਕਾਨਫਰੰਸ ਦੇ ਪਹਿਲੇ ਸੈਸ਼ਨ ਚ ਵੀਰਦਵਿੰਦਰ ਸਿੰਘ ਦੀ ਅਗਵਾਈ ਹੇਠ ਕਵੀ ਦਰਸ਼ਨ ਬੁੱਟਰ, ਡਾ.ਬਲਜਿੰਦਰ ਕੌਰ, ਡਾ.ਮਹਿੰਦਰ ਰੰਗਕਰਮੀ, ਤਰਲੋਚਨ ਸਿੰਘ ਤੋਚੀ ਸੰਗੀਤਕਾਰ, ਡਾ.ਇੰਦਰਜੀਤ ਕੌਰ ਅਤੇ ਡਾ. ਮਨਜੀਤ ਇੰਦਰਾ(ਕਵਿਤਰੀ) ਨੇ ਵਿਸ਼ਵ ਪੰਜਾਬੀ ਭਾਈਚਾਰੇ ਦਾ ਸਾਹਿਤ ਅਤੇ ਕਲਾ ਰਾਹੀਂ ਸਮੂਹਿਕ ਪੰਜਾਬੀਆਂ ਦੀ ਇੱਕਮੁੱਠਤਾ ਚ ਯੋਗਦਾਨ ਦੇ ਸੰਦਰਭ ਚ ਚਰਚਾ ਹੋਈ। ਕਲਾ ਦੇ ਵੱਖ ਵੱਖ ਖੇਤਰ ਦੀਆਂ ਸਾਹਿਤਕ ਸਖ਼ਸ਼ੀਅਤਾਂ ਨੇ ਪੰਜਾਬੀਆਂ ਨੂੰ ਸੰਸਾਰਕ ਪੱਥਰ ਤੇ ਸੰਘਰਸ਼ਸ਼ੀਲ ਸੰਸਥਾਵਾਂ ਨਾਲ ਮਿਲਕੇ ਕਲਾ ਦੀਆਂ ਵੰਨਗੀਆਂ ਦੇ ਸਾਹਿਤਕਾਰਾਂ ਨੂੰ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਉਭਾਰਨ ਦੀ ਲੋੜ ਤੇ ਜ਼ੋਰ ਦਿੱਤਾ ਅਤੇ ਉਪਰਾਲੇ ਕਰਨ ਦੇ ਯਤਨਾਂ ਦੀ ਹਮਾਇਤ ਕਰਨੀ ਚਾਹੀਦੀ ਹੈ। ਸੰਗੀਤਕਾਰ ਤੋਚੀ ਬਾਈ ਨੇ ਅਜੋਕੇ ਪੰਜਾਬੀ ਪੀੜ੍ਹੀ ਦੇ ਕਲਾਕਾਰਾਂ ਨੂੰ ਸ਼ਬਦ ਉਚਾਰਣ ਚ ਸਮੱਸਿਆ ਉੱਪਰ ਗੰਭੀਰ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਪੰਜਾਬੀ ਮੁਹਾਰਨੀ ਸਿੱਖਣ ਤੇ ਜੋਰ ਦਿੱਤਾ। ਡਾ. ਐਸ. ਐਸ. ਸੰਘਾ, ਡਾ.ਅਸ਼ੋਕ ਗੁਪਤਾ ਆਈ.ਏ.ਐਸ., ਡਾ.ਅਮਰਪਾਲ ਸਿੰਘ ਰੰਧਾਵਾ, ਸਰਬਜੀਤ ਸਿੰਘ ਤੂਰ, ਪ੍ਰੋ.ਰੰਜੂ ਬਾਲਾ ਦਿੱਲੀ ਆਦਿ ਸਾਹਿਤਕ ਹਸਤੀਆਂ ਨੇ ਮੂਲ ਪੰਜਾਬੀਆਂ ਅਤੇ ਵਿਦੇਸ਼ੀ ਪੰਜਾਬੀਆਂ ਦੀਆਂ ਮੁੱਢਲੀਆਂ ਸਮੱਸਿਆਵਾਂ ਦੇ ਮੂਲ ਯਥਾਰਥ ਨੂੰ ਸਮਝਕੇ ਹੱਲ ਕਰਨ 'ਚ ਸਹਾਇਤਾ ਕਰਨ ਲਈ ਉਪਰਾਲਿਆਂ ਨੂੰ ਅਜਿਹੀਆਂ ਕਾਨਫਰੰਸਾਂ ਰਾਹੀਂ ਵਿਸ਼ਵ ਪੱਧਰ ਤੇ ਉਭਾਰਨ ਦੀ ਜਰੂਰਤ ਹੈ।ਉਹਨਾਂ ਕਾਨਫਰੰਸ ਚ ਸ਼ਾਮਿਲ ਹਸਤੀਆਂ ਨੂੰ ਸੁਧਾਰਾਂ ਹਿੱਤ ਆਪਣੇ ਮੂਲ ਪਿੰਡਾਂ ਨਾਲ ਜੁੜਨ ਅਤੇ ਪੰਜਾਬੀਅਤ ਲਈ ਕੰਮ ਕਰਨ ਲਈ ਸਲਾਹ ਦਿੱਤੀ।

ਡਾ.ਅੰਮ੍ਰਿਤਪਾਲ ਕੌਰ ਨੇ ਕਾਨਫਰੰਸ ਚ ਵਿਦਵਾਨਾਂ ਵੱਲੋਂ ਕੀਤੀਆਂ ਚਰਚਾਵਾਂ ਦੀ ਵਿਸਥਾਰ ਪੂਰਕ ਰਿਪੋਰਟ ਪੜੀ। ਐਡਵੋਕੇਟ ਤਰਲੋਚਨ ਸਿੰਘ ਧਾਲੀਵਾਲ ਪ੍ਰਧਾਨ ਸਿੱਖ ਵੈਲਫੇਅਰ ਸੋਸਾਇਟੀ ਨੇ ਮਲੇਸ਼ੀਆ ਵਸਦੇ ਪੰਜਾਬੀਆਂ ਵੱਲੋਂ ਪੰਜਾਬੀ ਭਾਸ਼ਾ, ਸੱਭਿਆਚਾਰ ਲਈ ਕੀਤੇ ਜਾ ਰਹੇ ਯਤਨਾਂ ਤੇ ਚਾਨਣਾ ਪਾਇਆ ਅਤੇ ਵਿਸ਼ਵ ਪੰਜਾਬੀ ਭਾਈਚਾਰੇ ਦੇ ਉਪਰਾਲਿਆਂ ਦੀ ਪ੍ਰੋੜਤਾ ਕਰਦਿਆਂ ਅਗਲੇ ਸਾਲ ਪਹਿਲੀ ਪਾਤਸ਼ਾਹੀ ਦੇ ਪ੍ਰਕਾਸ਼ ਪੁਲਬ ਚ ਸਾਰਾ ਸਾਲ ਚੱਲਣ ਪ੍ਰੋਗਰਾਮਾਂ ਦੀ ਲੜੀ ਚ ਵਿਸ਼ਵ ਪੰਜਾਬੀ ਕਾਨਫਰੰਸ ਅਕਤੂਬਰ 2019 ਚ ਦੁਬਾਰਾ ਕਰਵਾਉਣ ਲਈ ਬਚਨਬੱਧਤਾ ਕੀਤੀ। ਇਸ ਸਮੇਂ ਉਜਾਗਰ ਸਿੰਘ ਕੰਵਲ ਦੀ ਪੁਸਤਕ "ਸੂਰਜਾ ਦੇ ਹਾਣੀ", ਸਿਮਰਤ ਕੌਰ ਸਮਾਇਰਾ ਦਾ ਨਾਵਲ" ਨਾ ਮੁੜ ਵੀ ਆ ਬਾਨੋ", ਕਰਮ ਸਿੰਘ ਅੰਟਾਲ ਦੀ ਪੁਸਤਕ" ਨੈਤਿਕਤਾ"ਅਤੇ ਮਨਜੀਤ ਇੰਦਰਾ ਦੀ ਅੰਗਰੇਜ਼ੀ ਪੁਸਤਕ"ਟੂ ਲਾਈਟ ਜੋਨ" ਦੀ ਘੁੰਢ ਚੁਕਾਈ ਕੀਤੀ ਗਈ। ਸਾਰੇ ਡੈਲੀਗੇਟਾਂ ਨੂੰ ਆਜ਼ਾਦ ਪੰਜਾਬੀ ਮੰਚ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਮਲੇਸ਼ੀਆਂ ਸੰਦੀਪ ਵਰਮਾ ਸਕੱਤਰ ਆਜਾਦ ਪੰਜਾਬੀ ਮੰਚ, ਚਰਨਜੀਤ ਸਿੰਘ ਚੰਨੀ, ਜਸਪਾਲ ਸਿੰਘ ਸੰਧੂ, ਹਰਭਜਨ ਸਿੰਘ ਸੰਘਾ, ਬਲਜਿੰਦਰ ਕੌਰ ਬਾਸੀ ਪੰਜਾਬੀ ਰਸੋਈ, ਮਨਦੀਪ ਸਿੰਘ ਪ੍ਰਧਾਨ ਆਜਾਦ ਪੰਜਾਬੀ ਮੰਚ, ਮੈਡਮ ਨਵਰੂਪ ਕੌਰ ਆਦਿ ਵੀ ਉਚੇਚੇ ਤੌਰ ਤੇ ਸ਼ਾਮਿਲ ਹੋਏ।

**– ਸਤਨਾਮ ਸਿੰਘ ਮੱਟੂ**
**91-97797-08257**
**ਫੋਟੋ ਤੇ ਵੇਰਵਾ- ਗੁਰਬਾਜ ਗਿੱਲ ਬਠਿੰਡਾ**





# ਲਾਇਨਜ ਕਲੱਬ ਮੁਕਤਸਰ ਅਤੇ ਅਨਮੋਲ ਕਲੱਬ ਵਲੋ ਟੀਚਰ ਟਰੇਨਿੰਗ ਵਰਕਸ਼ਾਪ ਸੰਪੰਨ

**ਬਠਿੰਡਾ (ਗੁਰਬਾਜ ਗਿੱਲ)–** ਇੰਟਰਨੈਸ਼ਨਲ ਐਸੋਸੀਏਸ਼ਨ ਲਾਇਨਜ ਕਲੱਬ ਜਿਲ੍ਹਾ 321ਐਫ ਦੇ ਜਿਲਾ ਗਵਰਨਰ ਐਮ ਜੇ ਐਫ ਲਾਇਨ ਬਰਿੰਦਰ ਸਿੰਘ ਸੋਹਲ ਦੇ ਦਿਸ਼ਾ ਨਿਰਦੇਸ਼ ਅਨੁਸਾਰ ਲਾਇਨਜ ਕਲੱਬ ਮੁਕਤਸਰ ਅਤੇ ਲਾਇਨਜ ਕਲੱਬ ਮੁਕਤਸਰ ਅਨਮੋਲ ਵਲੋ ਜੀ ਜੀ ਪਬਲਿਕ ਸਕੂਲ ਮਰਾੜ੍ਹ ਕਲਾ ਵਿੱਚ ਇੰਟਰਨੈਸ਼ਨਲ ਕੁਆਇੰਸਟ ਪਰੋਗਰਾਮ ਦੇ ਤਹਿਤ ਟੀਚਰ ਟਰੇਨਿੰਗ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਇਸ ਵਰਕਸ਼ਾਪ ਵਿੱਚ ਅਧਿਆ-ਪਕਾਂ ਨੂੰ ਲਾਇਨ ਪਰੀਤੀ ਜਾਵੇਰੀ (ਗੁਜਰਾਤੀ) ਵਲੋ ਟਰੇਨਿੰਗ ਦਿੱਤੀ, ਇਸ ਵਿਸ਼ੇ ਸਬੰਧੀ ਜਾਣਕਾਰੀ ਦਿੰਦੇ ਹੋਏ ਜਿਲ੍ਹਾ 321 ਐਫ ਦੇ ਅਡੀਸ਼ਨਲ ਪੀ ਆਰ ਓ ਲਾਇਨ ਨਿਰੰਜਨ ਸਿੰਘ ਰੱਖਰਾ ਨੇ ਦੱਸਿਆ, ਟਰੇਨਿੰਗ ਵਰਕਸ਼ਾਪ ਦਾ ਮੁੱਖ ਮਕਸਦ ਸ਼ੁਰੂ ਤੋ ਹੀ ਬੱਚਿਆ ਨੂੰ ਚੰਗੀ ਸੋਚ ਨਾਲ ਜੋੜਨਾ ਅੱਜ ਸਾਡੇ ਬੱਚਿਆ ਵਿੱਚ ਮਾਤਾ ਪਿਤਾ ਲਈ ਸਤਿਕਾਰ ਦੀ ਭਾਵਨਾ ਨਾ ਦੇ ਬਰਾਬਰ ਹੈ, ਇੰਟਰਨੈਸ਼ਨਲ ਐਸੋਸੀਏਸ਼ਨ ਲਾਇਨਜ ਕਲੱਬ ਵਲੋ ਕੁਆਇੰਸਟ ਪਰੋਗਰਾਮ ਦੇ ਤਹਿਤ ਬੱਚਿਆ ਨੂੰ ਪੜਾਈ ਦੇ ਨਾਲ ਉਹਨਾ ਦੀ ਚੰਗੀ ਸਿਹਤ ਅਤੇ ਆਗਿਆਕਾਰੀ ਬਣਾਉਣ ਲਈ ਅਧਿਆਪਕ ਨੂੰ ਨਵੀ ਤਕਨੀਕ ਅਨੁਸਾਰ ਟਰੇਨਿੰਗ ਦਿੱਤੀ ਗਈ, ਸਮਾਪਤੀ ਸਮਾਰੋਹ ਸਮੇ ਜਿਲ੍ਹਾ ਗਵਰਨਰ ਲਾਇਨ ਬਰਿੰਦਰ ਸਿੰਘ ਸੋਹਲ ਨੇ ਮੁੱਖ ਮਹਿਮਾਨ ਦੇ ਤੌਰ ਤੇ ਸਿਰਕਤ ਕੀਤੀ, ਜਦਕਿ ਪ੍ਰਧਾਨਗੀ ਸਕੂਲ ਦੀ ਪ੍ਰਿੰਸੀਪਲ ਨਵਦੀਪ ਕੌਰ ਟੂਰਨਾ ਨੇ ਕੀਤੀ ਵਿਸ਼ੇਸ਼ ਤੌਰ ਜਿਲ੍ਹਾ 321 ਐਫ ਦੇ ਜਿਲਾ ਪੀ ਆਰ ਓ ਲਾਇਨ ਮਨਜਿੰਦਰ ਸਿੰਘ ਕੜਵਲ, ਰਿਜਨ ਚੈਅਰਮੈਨ ਲਾਇਨ ਅਰਵਿੰਦਰਪਾਲ ਸਿੰਘ ਬੱਬੂ, ਲਾਇਨ ਗੁਰਪ੍ਰੀਤ ਸਿੰਘ ਸੇਖੋ ਸੈਕਟਰੀ ਲਾਇਨਜ ਕਲੱਬ ਅਕਾਸ਼ ਅਬੋਹਰ, ਲਾਇਨ ਸ਼ੁਮੇਸ਼ ਭਟੇਜਾ, ਲਾਇਨ ਰਵਿੰਦਰਪਾਲ ਸਿੰਘ, ਲਾਇਨ ਪਿੰਸੀਪਲ ਕੰਵਲਜੀਤ ਸਿੰਘ, ਲਾਇਨ ਅਜੀਤ ਸਿੰਘ ਸਿੱਧੂ ਅਤੇ ਲਾਇਨ ਨਿਰੰਜਨ ਸਿੰਘ ਰੱਖਰਾ ਅਡੀਸ਼ਨਲ ਜਿਲਾ ਪੀ ਆਰ ਉ ਸ਼ਾਮਲ ਹੋਏ, ਇਸ ਮੋਕੇ ਤੇ ਵਰਕਸ਼ਾਪ ਵਿੱਚ ਟਰੇਨਿੰਗ ਲੈਣ ਵਾਲੇ ਅਧਿਆਪਕਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆ ਕਿਹਾ ਕਿ ਮੈਡਮ ਪਰੀਤੀ ਜਾਵੇਰੀ ਵਲੋ ਟਰੇਨਿੰਗ ਸਮੇ ਦੱਸਿਆ ਗਿਆ, ਉਹ ਸਾਡੇ ਆਉਣ ਵਾਲੇ ਭਵਿੱਖ ਲਈ ਮਿਸ਼ਾਲ ਬਣੇਗਾ, ਇਸ ਮੋਕੇ ਤੇ ਜਿਲ੍ਹਾ ਗਵਰਨਰ ਲਾਇਨ ਬਰਿੰਦਰ ਸਿੰਘ ਸੋਹਲ ਵਲੋ ਅਧਿਆਪਕਾ ਨੂੰ ਸਰਟੀਫਿਕੇਟ ਵੰਡੇ ਗਏ, ਅਖੀਰ ਵਿੱਚ ਸਕੂਲ ਦੀ ਪ੍ਰਿੰਸੀਪਲ ਨਵਦੀਪ ਕੌਰ ਟੂਰਨਾ ਨੇ ਸਮਾਗਮ ਵਿੱਚ ਆਏ ਲਾਇਨ ਲੀਡਰ ਦਾ ਤਹਿ-ਦਿਲੋ ਧੰਨਵਾਦ ਕੀਤਾ।



### ਮਿੰਨੀ ਕਹਾਣੀ

## ਪੁੱਤਾਂ ਦੀ ਕਮਾਈ ਦੀ ਕਦਰ

ਹਰਨੀਆਂ ਕਾਰਨ ਖੱਬੇ ਪਾਸਿਓਂ ਉੱਭਰੇ ਹੋਏ ਪੇਟ ਦਾ ਅਪਰੇਸ਼ਨ ਕਰਵਾਉਣ ਤੋਂ ਪਹਿਲਾਂ ਹਸਪਤਾਲ ਵਿੱਚੋਂ ਚੈੱਕ-ਅਪ ਕਰਵਾ ਕੇ ਘਰ ਆਈ ਬਜ਼ੁਰਗ ਔਰਤ ਦੇ ਲੋਕਲ ਪ੍ਰੈਕਟਿਸ ਕਰਦੇ ਪੁੱਤਰ, ਜਿਹੜਾ ਪਹਿਲਾਂ ਖ਼ੁਦ ਉਸ ਦਾ ਦਵਾਈ-ਦਾਰੂ ਕਰਦਾ ਰਿਹਾ ਸੀ, ਨੇ ਉਸ ਨੂੰ ਪੁੱਛਿਆ, ਉਮਾਤਾ! ਜਦੋਂ ਦਵਾਈ ਦੇਣ ਵੇਲ਼ੇ ਮੈਂ ਤੇਰੇ ਢਿੱਡ ਨੂੰ ਹੱਥ ਲਾਉਣ ਲਗਦਾ ਸੀ ਤਾਂ ਤੂੰ ਮੈਨੂੰ ਰੋਕਦੀ ਹੋਈ ਕਹਿੰਦੀ ਹੁੰਦੀ ਸੀ 'ਇਹਨੂੰ ਛੇੜੋ ਨਾ' ਤੇ ਹਸਪਤਾਲ ਵਿੱਚ ਡਾਕਟਰ ਜਦੋਂ ਇਹਨੂੰ ਦੱਬ-ਦੱਬ ਕੇ ਦੇਖਦਾ ਸੀ ਤਾਂ ਤੂੰ ਕੁਛ ਨ੍ਹੀਂ ਬੋਲੀ?" ਉਮੈਂ ਸੋਚਿਆ, ਮੇਰੇ ਪੁੱਤ ਏਨਾ ਖਰਚ ਕਰ ਰਹੇ ਆ ਤੇ ਮੈਂ ਥੋੜ੍ਹੀ ਜਿਹੀ ਤਕਲੀਫ ਨ੍ਹੀਂ ਝੱਲ ਸਕਦੀਂ।" ਬਜ਼ੁਰਗ ਔਰਤ ਆਪਣੇ ਮੂੰਹ 'ਤੇ ਮੁਸਕੁਰਾਹਟ ਲਿਆ ਕੇ ਆਖਣ ਲੱਗੀ।



**– ਬਲਵੀਰ ਮੰਨਣ**
**91-94173-45485**

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਧੰਨ ਧੰਨ ਸਤਿਗੁਰੂ ਨਾਨਕ ਪਾਤਸ਼ਾਹ ਦਾ 550ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਪੂਰਵਕ ਮਨਾਇਆ

**ਪਿਟਸਬਰਗ (ਡੀ. ਡੀ. ਬੀ.)–** ਉੱਤਰੀ ਅਮਰੀਕਾ 'ਚ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਸਥਾਪਤ ਪਹਿਲੇ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਧੰਨ ਧੰਨ ਸਤਿਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਦੇ ਸਹਿਯੋਗ ਨਾਲ 25 ਨਵੰਬਰ ਦਿਨ ਐਤਵਾਰ ਨੂੰ ਮਨਾਇਆ ਗਿਆ। ਗੁਰਪੁਰਬ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 23 ਨਵੰਬਰ ਦਿਨ ਸ਼ੁੱਕਰਵਾਰ ਨੂੰ ਰਖਾਏ ਗਏ ਤੇ 25 ਨਵੰਬਰ ਦਿਨ ਐਤਵਾਰ ਨੂੰ ਭੋਗ ਪਾਏ ਗਏ। ਤਿੰਨ ਦਿਨ ਗੁਰਬਾਣੀ ਪ੍ਰਵਾਹ ਚਲਦੇ ਰਹੇ, ਜਿਸ ਨੂੰ ਸਮੂਹ ਸੰਗਤ ਨੇ ਮਨ ਚਿੱਤ, ਇਕਾਗਰਤਾ ਨਾਲ ਸਰਵਣ ਕੀਤਾ।

24 ਨਵੰਬਰ ਦਿਨ ਸਨਿਚਰਵਾਰ ਨੂੰ ਨਿਸ਼ਾਨ ਸਾਹਿਬ ਜੀ ਦੀ ਸੇਵਾ ਗੁਰੂ ਘਰ ਦੇ ਪ੍ਰਧਾਨ ਸ੍ਰੀ ਕਸ਼ਮੀਰੀ ਭਾਟੀਆ ਜੀ ਤੇ ਸ੍ਰੀਮਤੀ ਕਮਲਜੀਤ ਭਾਟੀਆ (ਸਮੂਹ ਭਾਟੀਆ ਪਰਿਵਾਰ) ਵੱਲੋਂ ਕੀਤੀ ਗਈ ਅਤੇ ਸ੍ਰੀ ਅਖੰਡ ਪਾਠ ਅਤੇ ਲੰਗਰ ਦੀ ਸੇਵਾ ਗੁਰੂ ਘਰ ਦੇ ਸੇਵਕ ਸ੍ਰੀ ਵਰਿੰਦਰ ਸੁਧੀਰ ਅਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ।

25 ਨਵੰਬਰ ਦਿਨ ਐਤਵਾਰ ਨੂੰ ਸਭ ਤੋਂ ਪਹਿਲਾਂ ਕੀਰਤਨੀ ਜਥਾ ਭਾਈ ਸਾਹਿਬ ਭਾਈ ਸੁਬੇਗ ਸਿੰਘ, ਭਾਈ ਖੇਮ ਸਿੰਘ ਅਤੇ ਭਾਈ ਓਮਪਾਲ ਸਿੰਘ ਜੀ ਆਦਿ ਸਿੰਘ ਸਾਹਿਬਾਨ ਗੁਰਬਾਣੀ ਦਾ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਬੀਬੀ ਕਮਲਜੀਤ ਕੌਰ ਭਾਟੀਆ ਅਤੇ ਭਾਈ ਅਨੂਪ ਸਿੰਘ ਚੀਮਾ ਜੀ ਨੇ ਵੀ ਸ਼ਬਦ ਗਾਇਨ ਕਰਕੇ ਸੰਗਤਾਂ ਨਾਲ ਹਾਜ਼ਰੀ ਲਗਵਾਈ।

ਵੱਖ-ਵੱਖ ਬੁਲਾਰਿਆਂ ਤੋਂ ਇਲਾਵਾ ਪੰਜਾਬ ਲੋਕ ਰੰਗ ਵੱਲੋਂ ਸ੍ਰੀ ਸੁਰਿੰਦਰ ਸਿੰਘ ਧਨੋਆ ਅਤੇ ਉਹਨਾਂ ਦੀ ਟੀਮ ਨੇ ਵੀ ਹਾਜ਼ਰੀ ਭਰੀ ਤੇ ਸ੍ਰੀ ਧਨੋਆ ਨੇ ਸਿੱਖ ਇਤਿਹਾਸ ਨਾਲ ਸਬੰਧਤ ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਣੀ ਜਿੰਦ ਕੌਰ (ਮਹਾਰਾਣੀ ਜਿੰਦਾ) ਸਬੰਧਤ ਇਤਿਹਾਸਕ ਜਾਣਕਾਰੀ ਸਾਂਝੀ ਕੀਤੀ।

ਅਖੀਰ ਭਾਈ ਸਾਹਿਬ ਭਾਈ ਓਮਪਾਲ ਸਿੰਘ ਜੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸਮੂਹ ਗੁਰੂ ਪਿਆਰੀ ਸੰਗਤ ਨੂੰ ਗੁਰੂ ਨਾਨਕ ਗੁਰਪੁਰਬ ਦੀ ਦਿਲੀ ਹਾਰਦਿਕ ਵਧਾਈ ਦਿੱਤੀ। ਸਟੇਜ ਦੀ ਭੂਮਿਕਾ ਜਨਰਲ ਸਕੱਤਰ ਸ੍ਰੀ ਦਿਲਬਾਗ ਸਿੰਘ ਨੇ ਬਾਖ਼ੂਬੀ ਨਾਲ ਨਿਭਾਉਂਦਿਆਂ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਦਿਲੀ ਹਾਰਦਿਕ ਵਧਾਈ ਦਿੱਤੀ।












## ਜਨਮ ਦਿਨ ਮੁਬਾਰਕ



ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਯੂਬਾ ਸਿਟੀ, ਕੈਲੇਫੋਰਨੀਆ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਅਤੇ ਉਹਨਾਂ ਦੀ ਸੁਪਤਨੀ ਸ਼ਾਮ ਕੁਮਾਰੀ ਸੌਂਧੀ ਦੇ ਆਪਣੇ ਸਪੁੱਤਰ ਸ੍ਰੀ ਅਜੈ ਕੁਮਾਰ ਸੌਂਧੀ ਅਤੇ ਨੂੰਹ ਰਾਣੀ ਸ੍ਰੀਮਤੀ ਰੀਤੂ ਸੌਂਧੀ ਦੇ ਸਪੁੱਤਰ ਉਦੈ ਸੌਂਧੀ ਦੇ ਗਿਆਰਵੇਂ ਜਨਮ ਦਿਨ ਦੀਆਂ ਦਿਲੀ ਹਾਰਦਿਕ ਵਧਾਈਆਂ।

**– ਅਦਾਰਾ 'ਦੇਸ਼ ਦੁਆਬਾ'**







# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailer Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop

# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੇ ਮਨਾਇਆ ਧੰਨ ਧੰਨ ਸਤਿਗੁਰੂ ਨਾਨਕ ਸਾਹਿਬ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ














**ਸੈਕਰਾਮੈਂਟੋ (ਡੀ. ਡੀ. ਬੀ.)–** ਜਿੱਥੇ ਜਿੱਥੇ ਵੀ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦੁਨੀਆਂ ਭਰ ਦੇ ਗੁਰੂ ਘਰਾਂ ਵਿਖੇ ਹੋਇਆ, ਉਥੇ-ਉਥੇ ਸਤਿਗੁਰੂ ਨਾਨਕ ਸਾਹਿਬ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਪੂਰਵਕ ਮਨਾਇਆ ਗਿਆ, ਉਹਨਾਂ ਵਿਚ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਦੇ ਇਕ ਟਾਊਨ ਰਿਓਲਿੰਡਾ 'ਚ ਸਥਾਪਤ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਖੇ ਬਹੁਤ ਹੀ ਸ਼ਰਧਾ ਪੂਰਵਕ 25 ਨਵੰਬਰ ਦਿਨ ਐਤਵਾਰ ਨੂੰ ਮਨਾਇਆ ਗਿਆ।

ਗੁਰੂ ਨਾਨਕ ਗੁਰਪੁਰਬ ਮਨਾਏ ਜਾਣ ਸਬੰਧਤ ਸ੍ਰੀ ਅਖੰਡ ਪਾਠ 23 ਨਵੰਬਰ ਨੂੰ ਆਰੰਭ ਹੋਏ ਅਤੇ ਐਤਵਾਰ 25 ਨਵੰਬਰ ਨੂੰ ਭੋਗ ਪਾਏ ਗਏ ਅਤੇ ਗੁਰੂ ਘਰ ਦੇ ਰਾਗੀ ਜਥੇ ਭਾਈ ਜਸਪਾਲ ਸਿੰਘ ਤੇ ਉਹਨਾਂ ਦੇ ਨਾਲ ਉਹਨਾਂ ਦੇ ਸਪੁੱਤਰ ਅਤੇ ਭਾਈ ਗੁਰਦੀਪ ਸਿੰਘ ਨੇ ਰਸਭਿੰਨਾ ਸ਼ਬਦ ਗਾਇਨ ਅਤੇ ਕਥਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸਰਵ ਸ੍ਰੀ ਮਿਸਟਰ ਕਲੇਅ, ਮਹਿੰਦਰ ਸਿੰਘ ਧਾਮੀ, ਜੀਵਨ ਰੱਤੂ ਅਤੇ ਸੋਨੂੰ ਅੰਬੇਦਕਰ ਆਦਿ ਨੇ ਦੋ-ਦੋ ਸ਼ਬਦਾਂ ਨਾਲ ਸੰਬੋਧਨ ਕੀਤਾ।

ਅਖੀਰ ਭਾਈ ਜਸਪਾਲ ਸਿੰਘ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਸ੍ਰੀ ਅਖੰਡ ਪਾਠ ਤੇ ਲੰਗਰਾਂ ਦੀ ਸੇਵਾ ਸ੍ਰੀ ਅਵਤਾਰ ਸਿੰਘ ਪਲਾਹੀ ਅਤੇ ਸ੍ਰੀਮਤੀ ਜਸਵੀਰ ਕੌਰ ਪਲਾਹੀ ਦੇ ਸਮੂਹ ਪਰਿਵਾਰ ਵੱਲੋਂ ਕੀਤੇ ਜਾਣ ਤੇ ਪਲਾਹੀ ਪਰਿਵਾਰ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।

ਸਟੇਜ ਦੀ ਸੇਵਾ ਸ੍ਰੀ ਬਲਜੀਤ ਸਿੰਘ ਨੇ ਬਾਖ਼ੂਬੀ ਨਾਲ ਨਿਭਾਈ ਅਤੇ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਪਿਆਰੀ ਸਮੂਹ ਸੰਗਤ ਨੂੰ ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਗੁਰਪੁਰਬ ਮਨਾਏ ਜਾਣ ਸਮੇਂ ਕੱਢ ਕੇ ਗੁਰੂ ਘਰ ਹਾਜ਼ਰੀਆਂ ਭਰੀਆਂ ਅਤੇ ਉਹਨਾਂ ਪਲਾਹੀ ਪਰਿਵਾਰ ਦਾ ਵੀ ਧੰਨਵਾਦ ਕੀਤਾ, ਜਿਹਨਾਂ ਸ੍ਰੀ ਅਖੰਡ ਪਾਠ ਤੇ ਲੰਗਰਾਂ ਦੀ ਸੇਵਾ ਕੀਤੀ।

ਸ੍ਰੀ ਬਲਜੀਤ ਸਿੰਘ ਨੇ ਗੁਰੂ ਘਰ ਦੀ ਨਵੀਂ ਉਸਾਰੀ ਜਾਣ ਵਾਲੀ ਬਿਲਡਿੰਗ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਕਰਨ ਲਈ ਬੇਨਤੀ ਕੀਤੀ। ਅਦਾਰਾ 'ਦੇਸ਼ ਦੁਆਬਾ' ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਕਵਰੇਜ਼ ਦੀ ਹਾਜ਼ਰੀ ਲਗਵਾਈ।


ੴ ਸਤਿਗੁਰ ਪ੍ਰਸਾਦਿ

Shri Guru Ravidass Temple

6221, 16th Street, Rio Linda, Sacramento, CA-95673






ਸ੍ਰੀ ਗੁਰੂ ਰਵਿਦਾਸ ਸਭਾ ਰਿਓਲਿੰਡਾ (ਸੈਕਰਾਮੈਂਟੋ) ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (916-992-1710) ਵਿਖੇ ਸਮੂਹ ਸਾਧ ਸੰਗਤ ਦ ਸਹਿਯੋਗ ਨਾਲ 2 ਦਸੰਬਰ ਦਿਨ ਐਤਵਾਰ ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਸੈਣ ਜੀ ਅਤੇ ਮਹਾਂਰਿਸ਼ੀ ਵਾਲਮੀਕ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਦਿਨ ਗੁਰੂ ਘਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ- ਰਾਜ ਬੱਧਣ (916-601-3842), ਤੇਜਾ ਵਿਰਕ (916-912-5678), ਇੰਦਰਜੀਤ ਪਡਵੱਗਾ (916-276-2538)

ਸਥਾਨ: ਸ੍ਰੀ ਗੁਰੂ ਰਵਿਦਾਸ ਟੈਂਪਲ ਰਿਉ ਲਿੰਡਾ
6221 16th Street Rio Linda, California-95673 Ph. (916) 992-1710

ਪ੍ਰੋਗਰਾਮ ਦਾ ਵੇਰਵਾ:
ਆਰੰਭ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ:
2 ਦਸੰਬਰ 2018 ਸਵੇਰੇ 9-30 ਤੋਂ 11-00 ਵਜੇ
ਕੀਰਤਨ ਦੀਵਾਨ 12-00 ਤੋਂ 1-00 ਵਜੇ

# 'ਪੰਜਾਬੀ ਦੇ ਮੁੱਢ ਬਾਰੇ ਕੁਝ ਨਵੇਂ ਤੱਥ ਅਤੇ ਸਚਾਈਆਂ'



- ਫਤਿਹਜੰਗ ਸਿੰਘ
91-98726-70278


ਭਾਸ਼ਾ ਜਾਂ ਬੋਲੀ ਇਕੋ ਇਕ ਅਜਿਹਾ ਸਾਧਨ ਜਾਂ ਕਾਰਨ ਹੈ ਜੋ ਮਨੁੱਖ ਨੂੰ ਹੋਰ ਜੀਵਾਂ ਤੋਂ ਅਲੱਗ ਕਰਦਾ ਹੈ। ਹੋਰ ਜੀਵ ਚੀਕਾਂ ਮਾਰ ਸਕਦੇ ਹਨ, ਗੁਰਾਅ ਸਕਦੇ ਹਨ, ਚਹਿਚਹਾ ਸਕਦੇ ਹਨ, ਭੌਂਕ ਸਕਦੇ ਹਨ, ਸਰੀਰਕ ਸੈਨਤਾਂ ਕਰ ਸਕਦੇ ਹਨ ਤੇ ਇਹ ਸਭ ਕੁਝ ਭਾਵੇਂ ਉਹਨਾਂ ਦੀ 'ਬੋਲੀ' ਹੋ ਸਕਦੀ ਹੈ ਪਰ ਸ਼ਬਦਾਂ ਨਾਲ ਤਿਆਰ ਹੋਈ, ਛੋਟੇ-ਵੱਡੇ ਵਾਕਾਂ ਵਾਲੀ ਉਤਰਾਅ-ਚੜ੍ਹਾਅ, ਖੁਸ਼ੀ-ਗਮੀ, ਪਿਆਰ-ਗੁੱਸਾ ਤੇ ਹੋਰ ਹਾਵ-ਭਾਵ ਪ੍ਰਗਟ ਕਰਦੀ ਭਾਸ਼ਾ ਮਨੁੱਖ ਦੇ ਹਿੱਸੇ ਹੀ ਆਈ ਹੈ। ਭਾਸ਼ਾ ਜਾਂ ਬੋਲੀ ਤੋਂ ਬਹੁਤ ਚਿਰ ਬਾਅਦ ਲਿਪੀ ਦਾ ਨਿਕਾਸ ਤੇ ਵਿਕਾਸ ਹੋਇਆ। ਭਾਸ਼ਾ ਨੂੰ ਭੂਗੋਲਿਕ ਖੇਤਰ ਜਾਂ ਖਿੱਤਿਆਂ ਦੇ ਹਿਸਾਬ ਨਾਲ ਪ੍ਰਗਟ ਕਰਨ, ਉੱਕਰਨ, ਲਿਖਣ ਆਦਿ ਦੇ ਮਾਧਿਅਮ ਵਜੋਂ ਹੀ ਵੱਖ-ਵੱਖ ਲਿਪੀਆਂ ਦਾ ਵਿਕਾਸ ਹੋਇਆ। ਜਿਉਂ-ਜਿਉਂ ਮਨੁੱਖ ਦੇ ਵਿਕਾਸ ਦੀ ਕਹਾਣੀ ਨੇ ਉੱਨਤੀ ਕੀਤੀ, ਤਿਉਂ-ਤਿਉਂ ਭਾਸ਼ਾ ਅਤੇ ਲਿਪੀ ਨੇ ਵੀ ਹਾਲਾਤ ਅਨੁਸਾਰ ਉਸਨੂੰ ਬਿਆਨ ਕਰਨ, ਪ੍ਰਗਟ ਕਰਨ ਜਾਂ ਉਸ ਦੀਆਂ ਡੂੰਘਾਈਆਂ ਨਾਪਣ ਦਾ ਕੰਮ ਵੀ ਕੀਤਾ।

ਅੱਜ ਹਰ ਭਾਸ਼ਾ ਨੂੰ ਉਸਦੀ ਢੁਕਵੀਂ ਲਿਪੀ ਵਿਚ ਪੇਸ਼ ਕਰਨ ਦੇ ਯਤਨ ਅਗਾਂਹ ਤੋਂ ਅਗਾਂਹ ਤਰੱਕੀ ਕਰਦੇ ਜਾ ਰਹੇ ਹਨ। ਭਾਸ਼ਾ ਕੋਈ ਨਵੀਂ ਛਲਾਂਗ ਮਾਰਦੀ ਹੈ ਤਾਂ ਲਿਪੀ ਵੀ ਉਸਨੂੰ ਬਿਆਨਣ ਲਈ ਆਪਣੇ-ਆਪ ਨੂੰ ਉਸਦੇ ਯੋਗ ਬਣਾ ਲੈਂਦੀ ਹੈ। ਇਹਨਾਂ ਯਤਨਾਂ ਅਧੀਨ ਹਰ ਭਾਸ਼ਾ ਕਿਸੇ ਦੂਜੀ ਭਾਸ਼ਾ ਦੇ ਢੁਕਵੇਂ ਸ਼ਬਦਾਂ ਨੂੰ ਅੰਗੀਕਾਰ ਕਰਦੀ ਹੈ ਤਾਂ ਲਿਪੀ ਨੂੰ ਵੀ ਉਹ ਅਪਣਾਉਣਾ ਪੈਂਦਾ ਹੈ ਅਤੇ ਮੇਚ ਦੀ ਬਣਨਾ ਪੈਂਦਾ ਹੈ। ਜੇ ਲਿਪੀ ਕਿਸੇ ਸ਼ਬਦ ਨੂੰ ਅਪਣਾਉਣ ਤੋਂ ਅਸਮਰੱਥ ਜਾਪੇ ਤਾਂ ਉਸ ਵਿਚ ਲੋੜੀਂਦੀ ਤਬਦੀਲੀ ਕਰਨੀ ਪੈਂਦੀ ਹੈ ਜਾਂ ਕੁਝ ਵਾਧ ਘਾਟ ਕਰਕੇ ਨਵੇਂ ਸ਼ਬਦ ਜਾਂ ਅੱਖਰ ਨੂੰ ਬੋਲੀ ਅਨੁਸਾਰ ਸੰਚਾਰਣ ਯੋਗ ਬਣਾ ਲਿਆ ਜਾਂਦਾ ਹੈ। ਇਸ ਵਿਧੀ ਨਾਲ ਹਰ ਭਾਸ਼ਾ ਇਕ ਦੂਜੀ ਭਾਸ਼ਾ ਤੋਂ ਸ਼ਬਦ ਲੈ ਕੇ ਆਪਣੇ ਆਪ ਨੂੰ ਸਮੇਂ ਅਤੇ ਸਥਿਤੀਆਂ ਅਨੁਸਾਰ ਵਿਕਸਤ ਕਰਦੀ ਰਹਿੰਦੀ ਹੈ। ਕਈ ਵਾਰੀ ਕਿਸੇ ਸ਼ਬਦ ਨੂੰ ਉਸਦੇ ਅਸਲ ਰੂਪ ਵਿਚ ਅਪਣਾ ਲਿਆ ਜਾਂਦਾ ਹੈ ਅਤੇ ਕਈ ਵਾਰੀ ਭਾਸ਼ਾ ਦੇ ਉਚਾਰਣ ਅਨੁਸਾਰ ਉਸ ਵਿਚ ਥੋੜ੍ਹਾ ਬਹੁਤ ਬਦਲਾਅ ਕਰ ਲਿਆ ਜਾਂਦਾ ਹੈ। ਜੇ ਭਾਸ਼ਾ ਤੇ ਲਿਪੀ ਇਹ ਵਿਧੀ ਨਾ ਅਪਣਾਉਣ ਤਾਂ ਉਹਨਾਂ ਵਿਚ ਖੜੋਤ ਆ ਜਾਵੇਗੀ ਅਤੇ ਉਹਨਾਂ ਦਾ ਵਿਕਾਸ ਰੁਕ ਜਾਵੇਗਾ। ਕਿੰਨੀਆਂ ਹੀ ਭਾਸ਼ਾਵਾਂ ਅਤੇ ਲਿਪੀਆਂ ਇਸ ਰਾਹ ਨੂੰ ਨਾ ਅਪਣਾਉਂਦਿਆਂ ਅਲੋਪ ਹੋ ਚੁੱਕੀਆਂ ਹਨ। ਇਹ ਟੁੱਟ ਭੱਜ ਤੇ ਸਿਰਜਣਾ ਸੰਸਾਰ ਦੇ ਹੋਰ ਵਿਕਾਸ ਤੇ ਨਿਯਮਾਂ ਵਾਂਗ ਭਾਸ਼ਾਵਾਂ ਵਿਚ ਵੀ ਲਾਗੂ ਹੈ।

ਜਿੱਥੋਂ ਤੱਕ ਪੰਜਾਬੀ ਬੋਲੀ ਅਤੇ ਇਸਦੀ ਲਿਪੀ ਦੇ ਵਿਕਾਸ ਅਤੇ ਨਿਕਾਸ ਦਾ ਸਵਾਲ ਹੈ ਇਹ ਵੀ ਉਪਰੋਕਤ ਦਰਜ ਨਿਯਮ ਅਧੀਨ ਅੱਜ ਆਪਣੇ ਪ੍ਰਚੱਲਿਤ ਰੂਪ ਤੱਕ ਪਹੁੰਚੀ ਹੈ। ਪੰਜਾਬੀ ਬਾਰੇ ਆਖਿਆ ਜਾਂਦਾ ਹੈ ਕਿ ਇਸਦੇ ਦੰਦ ਅਤੇ ਹਾਜ਼ਮਾ ਬਹੁਤ ਤੇਜ਼ ਹਨ। ਇਹ ਬੜੀ ਛੇਤੀ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਆਪਣੇ ਵਿਚ ਸਮਾਉਣ ਦੀ ਸਮਰੱਥਾ ਰੱਖਦੀ ਹੈ। ਇਸਨੇ ਸਮੇਂ ਅਤੇ ਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਅਜਿਹਾ ਢਾਲ ਲਿਆ ਹੈ ਕਿ ਅੱਜ ਇਹ ਕਿਸੇ ਵੀ ਤਰ੍ਹਾਂ ਦੀ ਧੁੰਨੀ ਨੂੰ ਸ਼ਬਦਾਂ ਜਾਂ ਅੱਖਰਾਂ ਰਾਹੀਂ ਪ੍ਰਗਟ ਕਰਨ ਅਤੇ ਆਪਣੀ ਲਿਪੀ ਵਿਚ ਲਿਖ ਸਕਣ ਦੇ ਸਮਰੱਥ ਬਣ ਚੁੱਕੀ ਹੈ। ਇੱਥੋਂ ਤੱਕ ਕਿ ਇਹ ਗੁਣ ਸੰਸਾਰ ਦੀਆਂ ਵੱਡੀਆਂ ਮੁੱਖ ਬੋਲੀਆਂ ਵਿਚ ਸ਼ਾਮਲ ਅੰਗਰੇਜ਼ੀ ਬੋਲੀ ਅਤੇ ਉਸਦੀ ਲਿਪੀ ਵਿਚ ਵੀ ਨਹੀਂ ਹੈ। ਅੰਗਰੇਜ਼ੀ ਭਾਵੇਂ ਸ਼ਬਦ ਤਾਂ ਕਈ ਭਾਸ਼ਾਵਾਂ ਦੇ ਅੰਗੀਕਾਰ ਕਰੀ ਬੈਠੀ ਹੈ ਪਰ ਉਹਨਾਂ ਸ਼ਬਦਾਂ ਦੀਆਂ ਅਸਲ ਧੁੰਨੀਆਂ ਨੂੰ ਪ੍ਰਗਟ ਕਰਨ ਜਾਂ ਲਿਪੀਬੱਧ/ਲਿਪੀਅੰਤਰ ਕਰਨ ਦੇ ਸਮਰੱਥ ਨਹੀਂ ਹੈ।

ਪੰਜਾਬੀ ਬੋਲੀ ਦੇ ਨਿਕਾਸ ਤੇ ਵਿਕਾਸ ਸਬੰਧੀ ਸਮੇਂ-ਸਮੇਂ ਕਾਫ਼ੀ ਖੋਜਾਂ ਹੁੰਦੀਆਂ ਰਹੀਆਂ ਹਨ ਅਤੇ ਨਵੇਂ ਤੱਥ ਪੇਸ਼ ਹੁੰਦੇ ਰਹੇ ਹਨ ਜੋ ਕਿ ਇਕ ਅੱਛਾ ਰੁਝਾਨ ਹੈ। ਇਸ ਰਾਹੀਂ ਬੋਲੀ ਨੂੰ ਮਾਂਜਣ-ਸੰਵਾਰਨ ਦਾ ਕੰਮ ਕਰਕੇ ਨਵਾਂ ਰੂਪ ਦੇ ਕੇ ਸਮਰੱਥ ਬਣਾਉਣਾ ਹੁੰਦਾ ਹੈ। ਇਹ ਖੇਤਰ ਆਮ ਤੌਰ 'ਤੇ ਵੱਡੇ-ਵੱਡੇ ਵਿਦਵਾਨਾਂ ਤੇ ਪੜ੍ਹੇ-ਲਿਖੇ ਖੋਜੀਆਂ ਦਾ ਮੰਨਿਆ ਜਾਂਦਾ ਹੈ ਪਰ ਇਸ ਖੇਤਰ ਵਿਚ ਇਕ ਨਵਾਂ ਨਾਂ ਸ. ਨਾਜਰ ਸਿੰਘ ਹੈ ਜੋ ਅਪਵਾਦ ਹੈ। ਜਿਹਨਾਂ ਕੋਲ ਭਾਵੇਂ ਯੂਨੀਵਰਸਿਟੀ ਦੀ ਪ੍ਰਦਾਨ ਕੀਤੀ ਕੋਈ ਡਿਗਰੀ ਜਾਂ ਸਰਟੀਫਿਕੇਟ ਨਹੀਂ ਪਰ ਸਲਾਮ ਹੈ ਉਹਨਾਂ ਦੀ ਸਿਰੜ, ਮਿਹਨਤ ਅਤੇ ਲਗਨ ਨੂੰ ਜੋ ਉਹਨਾਂ ਨੇ 52 ਸਾਲਾਂ ਦੀ ਸਖ਼ਤ ਮਿਹਨਤ ਨਾਲ ਇਕ ਖੋਜ ਪੁਸਤਕ 'ਪੰਜਾਬੀ ਦਾ ਮੁੱਢ' ਤਿਆਰ ਕੀਤੀ ਹੈ। ਇਸ ਮਿਹਨਤ ਵਿਚ ਉਹਨਾਂ ਦੀ ਪੰਜਾਬੀ ਤੇ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਜਾਨਣਾ, ਪੜ੍ਹਨਾ, ਖੋਜ ਕਰਨਾ, ਵਿਦਵਾਨਾਂ ਨਾਲ ਵਿਚਾਰ-ਵਟਾਂਦਰਾ ਕਰਨਾ ਸ਼ਾਮਲ ਹੈ। ਪਤਾ ਨਹੀਂ ਉਹਨਾਂ ਨੇ ਹੋਰ ਕਿੰਨੀਆਂ ਭਾਸ਼ਾਵਾਂ ਸਿੱਖੀਆਂ ਹਨ ਤੇ ਕਿੰਨਾ ਅਧਿਐਨ ਕੀਤਾ ਹੈ। ਹੈਰਤ ਭਰਪੂਰ ਗੱਲ ਇਹ ਹੈ ਕਿ ਇਸ ਕਾਰਜ ਦੇ ਨਾਲ ਨਾਲ ਆਪਣੀ ਗ੍ਰਹਿਸਥੀ ਚਲਾਉਣ ਲਈ ਉਹ ਬਹੁਤ ਹੀ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਦੇ ਰਹੇ ਹਨ। ਉਹਨਾਂ ਨਾਲ ਗੱਲ ਕਰਦਿਆਂ ਪਤਾ ਲੱਗਦਾ ਹੈ ਕਿ ਉਹਨਾਂ ਦੀ ਕਿੰਨੀ ਡੂੰਘੀ ਖੋਜ ਅਤੇ ਅਧਿਐਨ ਹੈ। ਕੋਈ ਗੱਲ ਪੁੱਛੋ ਤਾਂ ਝੱਟ ਬੜਾ ਸੰਖੇਪ ਤੇ ਢੁਕਵਾਂ ਜਵਾਬ ਬੜੀ ਸਹਿਜਤਾ ਨਾਲ ਦੇ ਦਿੰਦੇ ਹਨ।




ਇਹ ਪੁਸਤਕ ਤਿਆਰ ਕਰਨ ਤੋਂ ਪਹਿਲਾਂ ਉਹਨਾਂ ਨੇ ਆਪਣੀ ਖੋਜ ਸਬੰਧੀ ਤੱਥਾਂ ਤੇ ਵਿਚਾਰ ਵਟਾਂਦਰਾ ਕਰਨ ਲਈ ਕਿੰਨੇ ਹੀ ਵਿਦਵਾਨਾਂ ਤੇ ਲੇਖਕਾਂ ਨਾਲ ਸੰਪਰਕ ਕੀਤਾ ਹੈ, ਜਿਹਨਾਂ ਦੀ ਸੂਚੀ ਪੁਸਤਕ ਵਿਚ ਮਿਲਦੀ ਹੈ। ਆਪਣਾ ਵਿਚਾਰ ਪੇਸ਼ ਕਰਨ ਲੱਗਿਆਂ ਉਹਨਾਂ ਨੇ ਪ੍ਰਚੱਲਿਤ ਤੱਥਾਂ ਦਾ ਖੰਡਨ ਜਾਂ ਮੰਥਨ ਕਰਨ ਲੱਗਿਆਂ ਠੋਸ ਕਾਰਨ ਦਿੱਤੇ ਹਨ, ਜਿਹਨਾਂ ਨੂੰ ਰੱਦ ਕਰਨਾ ਇੰਨਾ ਸੌਖਾ ਨਹੀਂ। ਗੰਭੀਰ ਅਧਿਐਨ ਕਰਨਾ ਪਵੇਗਾ। ਪੁਸਤਕ ਵਿਚ ਕੱਢੇ ਗਏ ਨਤੀਜੇ ਵਾਚਣਯੋਗ ਹਨ:-

1. ਪੰਜਾਬ ਦੇ ਪਹਿਲੇ ਨਾਂ ਪੈਂਤਾ ਪੋਤਾਮੀਆ, ਸਪਤ ਸਿੰਧੂ, ਗੰਧਾਰ, ਟੱਕ, ਵਾਹਿਕ ਦੇਸ਼, ਕੈਕ ਦੇਸ਼, ਮਦ ਦੇਸ਼, ਮਲ ਦੇਸ਼ ਅਤੇ ਤਰਿਗਰਤ ਰਹੇ ਹਨ। ਕੁਝ ਨਾਂ ਬਹੁਤ ਨਵੇਂ ਹਨ।
2. ਪੁਰਾਤਤਵ ਵਿਭਾਗ ਦੇ ਡਾਇਰੈਕਟਰ ਜੌਹਨ ਮਾਰਸ਼ਲ ਦੀ ਮਹਿੰਜੋਦੜੋ ਬਾਰੇ ਖੋਜ ਦੱਸਦੀ ਹੈ ਕਿ ਇਹ ਪੰਜ ਹਜ਼ਾਰ ਸਾਲ ਪੁਰਾਣੀ ਹੈ ਅਤੇ ਇਹ ਅਨਾਰੀਆ ਸਭਿਅਤਾ ਹੈ, ਜਿਸਨੂੰ ਪਹਿਲੀ ਖੋਜ ਅਨੁਸਾਰ ਕਈਆਂ ਵੱਲੋਂ ਆਰੀਆ ਦੱਸਿਆ ਜਾਂਦਾ ਹੈ।
3. ਸੰਸਕ੍ਰਿਤ, ਪ੍ਰਾਕਿਰਤਾਂ ਅਤੇ ਪਾਲੀ ਬੋਲੀਆਂ ਪੰਜਾਬੀਆਂ ਦੇ ਵਡੇਰਿਆਂ ਦੀਆਂ ਨਹੀਂ ਸਨ।
4. ਪੰਜਾਬੀ ਬੋਲਣ ਵਾਲੇ ਹਿੰਦੂ ਤੇ ਮੁਸਲਮਾਨ ਜੇ ਧਰਮ ਦੀ ਬਜਾਏ ਬੋਲੀ ਦੇ ਆਧਾਰ 'ਤੇ ਇਕੱਠੇ ਹੋ ਜਾਣ ਤਾਂ ਪੰਜਾਬੀ ਸੰਸਾਰ ਦੀ ਸੱਤਵੀਂ ਬੋਲੀ ਬਣਦੀ ਹੈ।
5. ਇਹ ਤੱਥ ਗਲਤ ਹੈ ਕਿ ਹੜੱਪਾ ਲਿਪੀ ਪੜ੍ਹ ਲਈ ਗਈ ਹੈ। ਇਹ ਅੱਜ ਤੱਕ ਵੀ ਇਕ ਬੁਝਾਰਤ ਹੀ ਹੈ। ਇਹ 5300 ਸਾਲ ਪੁਰਾਣੀ ਹੈ।
6. ਆਰੀਅਨ ਲੋਕ ਈਰਾਨ ਅਤੇ ਅਜ਼ਰਬੈਜਾਨ ਤੱਕ ਫੈਲੇ ਹੋਏ ਸਨ ਅਤੇ ਇਹ ਪੰਜਾਬ ਰਾਹੀਂ ਭਾਰਤ ਵਿਚ ਦਾਖਲ ਹੋਏ ਸਨ ਪੁਰਾਤਨ ਗ੍ਰੰਥ ਰਿਗਵੇਦ ਇਸਦੀ ਹਾਮੀ ਭਰਦਾ ਹੈ।
7. ਲਾਰਡ ਕਰਜ਼ਨ ਦੀ ਪੁਸਤਕ ਇਸ ਤੱਥ ਦਾ ਮੰਡਨ ਕਰਦੀ ਹੈ ਕਿ ਜਦੋਂ ਆਰੀਆ ਭਾਰਤ ਵਿਚ ਦਾਖਲ ਹੋਏ ਤਾਂ ਉਹਨਾਂ ਦੀ ਮੁੱਠਭੇੜ ਇਕ ਬਹੁਤ ਹੀ ਵਿਕਸਤ ਸ਼ੂਦਰ ਕਬੀਲੇ ਨਾਲ ਹੋਈ। ਸ਼ੂਦਰ ਕਬੀਲੇ ਦੀ ਹਾਰ ਨਾਲ ਬਾਕੀ ਵੀ ਜੋ ਕਬੀਲੇ ਹਾਰਦੇ ਗਏ, ਉਹਨਾਂ ਨੂੰ ਵੀ ਸ਼ੂਦਰ ਨਾਂ ਹੀ ਦਿੱਤਾ ਗਿਆ।
8. ਭਾਰਤੀ ਆਰੀਅਨ ਦੀ ਬੋਲੀ ਸੰਸਕ੍ਰਿਤ ਸੀ ਜੋ ਹੁਣ ਇਰਾਨੀ, ਪਾਲੀ, ਗਰੀਕ, ਲੈਟਿਨ ਆਦਿ ਵਾਂਗ ਡੈਡ ਹੋ ਚੁੱਕੀ ਹੈ।
9. ਆਰੀਆ ਦੇ ਭਾਰਤ ਵਿਚ ਦਾਖਲ ਹੋਣ ਵੇਲੇ ਉਹਨਾਂ ਵਿਚ ਤਿੰਨ ਹੀ ਵਰਣ ਸਨ। ਚੌਥਾ ਵਰਣ ਇੱਥੋਂ ਦੇ ਹਾਰੇ ਹੋਏ ਸ਼ੂਦਰ ਲੋਕ ਸਨ। ਇਹ ਸ਼ੂਦਰ ਲੋਕ ਉੱਤਮ ਦਰਜੇ ਦੇ ਸ਼ਹਿਰੀ ਲੋਕ ਸਨ, ਜਿਹਨਾਂ ਨੂੰ ਨੀਵੇਂ ਦਰਜੇ ਦੇ ਬਣਾ ਦਿੱਤਾ ਗਿਆ।
10. ਇਹ ਤੱਥ ਗਲਤ ਹੈ ਕਿ ਭਾਰਤ ਦੀਆਂ ਆਧੁਨਿਕ ਆਖੀਆਂ ਜਾਣ ਵਾਲੀਆਂ ਬੋਲੀਆਂ ਸੰਸਕ੍ਰਿਤ ਵਿਚੋਂ ਨਿਕਲੀਆਂ ਹਨ।
11. ਸਭ ਤੋਂ ਪੁਰਾਣੀ ਯੂਨੀਵਰਸਿਟੀ ਟੈਕਸਲਾ 1000 ਬੀ. ਸੀ. ਵਿਚ ਬਿਊਰੋ ਸਾਹਸ ਦੇ ਵਾਰਸਾਂ ਨੇ ਬਣਾਈ ਸੀ, ਜਿਸ ਵਿਚ ਬਾਹਰੋਂ ਵਿਦਿਆਰਥੀ ਪੜ੍ਹਨ ਆਉਂਦੇ ਸਨ। ਇਸ ਦੀ ਲਿਪੀ ਟਾਕਰੀ ਸੀ।
12. ਟਾਕਰੀ ਲਿਪੀ ਨੂੰ ਸੋਧ ਕੇ ਬਾਬਾ ਨਾਨਕ ਨੇ ਗੁਰਮੁਖੀ ਲਿਪੀ ਨੂੰ ਮੁਕੰਮਲ ਕੀਤਾ ਜਿਸ ਕਰਕੇ ਪੰਜਾਬੀ ਨੂੰ ਵੱਖਰੀ ਪਛਾਣ ਮਿਲੀ। ਬਾਬਾ ਨਾਨਕ ਦੇ ਏਕਉਂਕਾਰ ਸਿਧਾਂਤ ਨੇ ਸਮਾਜਿਕ ਵਿਤਕਰੇ ਦੂਰ ਕਰਕੇ ਸਮਾਜ ਨੂੰ ਜੋੜਨ ਦਾ ਕੰਮ ਕੀਤਾ।

ਗੁਰੂ ਗੋਬਿੰਦ ਸਿੰਘ ਤੱਕ ਠੀਕ ਰਿਹਾ ਪਰ ਬਾਅਦ ਦੇ ਜ਼ਿੰਮੇਵਾਰ ਆਗੂਆਂ ਨੇ ਧਿਆਨ ਨਾ ਦਿੱਤਾ। ਬਾਬਾ ਨਾਨਕ ਕਰਕੇ ਹੀ ਗੁਰਮੁਖੀ ਲਿਪੀ ਅਤੇ ਪੰਜਾਬੀ ਬੋਲੀ ਬਚ ਸਕੀ ਹੈ।

13. ਅਨੇਕਾਂ ਪੰਜਾਬੀ ਸ਼ਬਦ ਰਿਗਵੇਦ ਵਿਚ ਮਿਲਦੇ ਹਨ ਪਰ ਉਹ ਸੰਸਕ੍ਰਿਤ ਵਿਚ ਨਹੀਂ ਹਨ। ਇਹ ਇਸ ਗੱਲ ਦਾ ਸਬੂਤ ਹੈ ਕਿ ਪੰਜਾਬੀ ਸੰਸਕ੍ਰਿਤ ਵਿਚੋਂ ਨਹੀਂ ਨਿਕਲੀ।
14. ਦੇਵਨਾਗਰੀ ਲਿਪੀ ਪੰਜਾਬ ਦੀ ਨਹੀਂ ਹੈ।
15. ਰਿਗਵੇਦ ਤੋਂ ਪਹਿਲਾਂ ਸੁਮੇਰੀਅਨ (ਇਰਾਕ) ਦੇ ਇਲਾਕੇ ਵਿਚ ਬੋਲੀ ਜਾਣ ਵਾਲੀ ਭਾਸ਼ਾ ਦੀਆਂ ਕੁਝ ਲਿਖਤਾਂ ਪੜ੍ਹੀਆਂ ਜਾ ਚੁੱਕੀਆਂ ਹਨ, ਜਿਸ ਤੋਂ ਸਾਬਤ ਹੁੰਦਾ ਹੈ ਕਿ ਰਿਗਵੇਦ ਦੁਨੀਆਂ ਦਾ ਸਭ ਤੋਂ ਪੁਰਾਣਾ ਗ੍ਰੰਥ ਨਹੀਂ ਹੈ।
16. ਮਹਾਰਾਜਾ ਅਸ਼ੋਕ ਵੇਲੇ ਖਰੋਸ਼ਟੀ ਲਿਪੀ ਪੰਜਾਬ ਵਿਚ ਚਲਦੀ ਰਹੀ ਹੈ।
17. ਬਹੁਤ ਦੇਸੀ ਅਤੇ ਵਿਦੇਸ਼ੀ ਵਿਦਵਾਨਾਂ ਦਾ ਕਥਨ ਹੈ ਕਿ ਆਧੁਨਿਕ ਆਖੀਆਂ ਜਾਣ ਵਾਲੀਆਂ ਬੋਲੀਆਂ ਆਰੀਅਨਾਂ ਦੀਆਂ ਹਨ। ਪ੍ਰੰਤੂ ਇਹ ਥਿਊਰੀ ਅੰਗਰੇਜ਼ਾਂ ਵੱਲੋਂ ਅੰਦੋਲਨਾਂ ਤੋਂ ਬਚਣ ਲਈ ਘੜੀ ਗਈ ਸੀ।

ਅੰਗਰੇਜ਼ਾਂ ਦਾ ਕਹਿਣਾ ਸੀ ਕਿ ਅਸੀਂ ਵੀ ਬਾਹਰੋਂ ਆਏ ਹਾਂ ਤੇ ਤੁਸੀਂ (ਆਰੀਅਨ) ਵੀ ਬਾਹਰੋਂ ਆਉਣ ਕਰਕੇ ਅਸੀਂ ਭਰਾ ਭਰਾ ਹੀ ਹਾਂ।

18. ਪੰਜਾਬੀ ਬੋਲੀ ਦਾ ਸਬੰਧ ਹੜੱਪਾ ਕਲਚਰ ਨਾਲ ਹੈ, ਜਿਹੜਾ ਕਿ ਸਿੰਧ ਘਾਟੀ ਨਾਲ ਸਬੰਧਤ ਹੈ, ਜਿਸਦਾ ਖੇਤਰਫਲ 15 ਲੱਖ ਕਿਲੋਮੀਟਰ ਹੈ।
19. ਸੰਸਾਰ ਨੂੰ ਪਹਿਲੀ ਲਿਪੀ ਦੇਣ ਵਾਲੇ ਲੋਕ ਹੜੱਪਨ ਲੋਕ ਹੀ ਹਨ।
20. ਆਰੀਆ ਨੇ ਸਭ ਤੋਂ ਪਿੱਛੋਂ ਦ੍ਰਾਵਿੜਾਂ ਨੂੰ ਹਰਾਇਆ। ਉਹਨਾਂ ਨੇ ਜਿੱਤਣ ਲਈ ਮੁਗੋਲਾਇਡ ਲੋਕਾਂ ਦਾ ਸਹਾਰਾ ਲਿਆ, ਜਿਹਨਾਂ ਨੂੰ ਵਾਨਰ ਦਾ ਨਾਂ ਵੀ ਦਿੱਤਾ ਗਿਆ। ਇਹ ਦ੍ਰਾਵਿੜਾਂ ਨਾਲੋਂ ਵੱਖ ਕਿਸਮ ਦੇ ਸਨ।
21. ਆਰੀਆ ਦੇ ਭਾਰਤ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਇਹਨਾਂ ਦੇ ਕਈ ਗਰੁੱਪ ਕਈ ਭਾਸ਼ਾਵਾਂ ਸਨ। ਜੋ ਗਰੁੱਪ ਭਾਰਤ ਵਿਚ ਆਇਆ, ਉਹਨਾਂ ਦੀ ਭਾਸ਼ਾ ਵੈਦਿਕ ਸੀ।
22. ਸੰਸਕ੍ਰਿਤ ਪਹਿਲਾਂ ਪਾਲੀ, ਗੁਪਤਾ, ਮਗਧੀ, ਟਾਕਰੀ, ਮੋੜੀ ਲਿਪੀ ਵਿਚ ਵੀ ਲਿਖੀ ਜਾਂਦੀ ਰਹੀ ਹੈ ਜੋ ਹੁਣ ਦੇਵਨਾਗਰੀ ਲਿਪੀ ਵਿਚ ਲਿਖੀ ਜਾਂਦੀ ਹੈ।
23. ਪਾਲੀ ਅਤੇ ਸੰਸਕ੍ਰਿਤਵਾਦੀਆਂ ਨੇ ਦੇਸੀ ਬੋਲੀਆਂ ਨੂੰ ਨਿਘਾਰ ਤੱਕ ਪਹੁੰਚਾਇਆ ਅਤੇ ਲੋਕਾਂ ਵਿਚ ਇਹਨਾਂ ਦੀਆਂ ਮਾਂ-ਬੋਲੀਆਂ ਪ੍ਰਤੀ ਨਫ਼ਰਤ ਪੈਦਾ ਕੀਤੀ ਕਿ ਕਿਤੇ ਇਹ ਆਪਣੀ ਮਾਂ ਬੋਲੀ ਨੂੰ ਪਿਆਰ ਨਾ ਕਰਨ ਲੱਗ ਜਾਣ।
24. ਸੰਸਾਰ ਵਿਚ ਜਿਹਨਾਂ ਕੌਮਾਂ ਨੇ ਤਰੱਕੀ ਕੀਤੀ, ਉਹਨਾਂ ਦੀ ਮਾਂ ਬੋਲੀ ਨੇ ਵੀ ਤਰੱਕੀ ਕੀਤੀ ਅਤੇ ਉਹਨਾਂ ਆਪਣੇ ਕਲਚਰ, ਬੋਲੀ, ਧਰਮ, ਧਰਤੀ ਤੇ ਸਮਾਜ ਨਾਲ ਵੀ ਪਿਆਰ ਕੀਤਾ। ਇਸ ਨਾਲ ਸਮਾਜਿਕ ਏਕਤਾ ਵਧਦੀ ਹੈ।
25. ਪੰਜਾਬੀ ਸਿੱਧੀ ਹੀ ਕੁਦਰਤੀ ਤੌਰ ਦੀ ਉਪਜ ਹੈ। ਇਹ ਦੂਜੀ ਭਾਸ਼ਾ ਦੇ ਵਿਕਾਸ ਦਾ ਸਿੱਟਾ ਨਹੀਂ ਹੈ। ਇਹ ਸਿੰਧ ਘਾਟੀ ਦੇ ਲੋਕਾਂ ਦੀ ਬੋਲੀ ਹੈ।
26. ਇਹ ਮਤ ਵੀ ਗਲਤ ਹੈ ਕਿ ਸਿੰਧੂ ਸ਼ਬਦ ਹਿੰਦੂ ਸ਼ਬਦ ਤੋਂ ਬਣਿਆ ਹੈ।
27. ਵਿਦਵਾਨਾਂ ਦਾ ਇਹ ਕਥਨ ਵੀ ਗਲਤ ਹੈ ਕਿ ਪੰਜਾਬੀ ਬੋਲੀ ਖਤਮ ਹੋ ਜਾਵੇਗੀ।

ਸੰਸਾਰ ਵਿਚ 15 ਕਰੋੜ ਪੰਜਾਬੀ ਹਨ ਜੋ ਧਰਮ ਦੇ ਨਾਂ 'ਤੇ ਵੰਡੇ ਹੋਏ ਹਨ। ਪੰਜਾਬੀ ਹਿੰਦੂਆਂ ਨੇ ਪੰਜਾਬੀ ਬੋਲੀ ਬੋਲਦਿਆਂ ਆਪਣੀ ਭਾਸ਼ਾ ਹਿੰਦੀ ਲਿਖਵਾਈ। ਪੰਜਾਬੀ ਮੁਸਲਮਾਨਾਂ ਨੇ ਮਹਾਰਾਜਾ ਰਣਜੀਤ ਸਿੰਘ ਵੇਲੇ ਫਾਰਸੀ ਨੂੰ ਰਾਜ ਭਾਸ਼ਾ ਬਣਵਾਇਆ ਜੋ ਇਰਾਨ ਦੀ ਭਾਸ਼ਾ ਸੀ। ਅੰਗਰੇਜ਼ਾਂ ਨੇ ਆਪਣੇ ਰਾਜ ਵੇਲੇ ਫਿਰ ਭਾਸ਼ਾ ਨੀਤੀ ਬਦਲੀ ਤਾਂ ਪੰਜਾਬੀ ਨੂੰ ਥਾਂ ਨਾ ਮਿਲੀ ਸਗੋਂ ਮੁਸਲਮਾਨਾਂ ਦੇ ਜ਼ੋਰ ਦੇਣ ਕਾਰਨ ਉਰਦੂ ਨੂੰ ਸਿੱਖਿਆ ਅਤੇ ਹਦਾਇਤਾਂ ਦਾ ਮਾਧਿਅਮ ਬਣਵਾ ਲਿਆ। ਜੇ ਸਿੱਖ ਰਾਜੇ ਹੀ ਪੰਜਾਬੀ ਦੀ ਬਾਂਹ ਫੜ ਲੈਂਦੇ ਤਾਂ ਸਾਰੇ ਭਾਰਤ ਵਿਚ ਹੀ ਗੁਰਮੁਖੀ ਅਤੇ ਪੰਜਾਬੀ ਦਾ ਬੋਲਬਾਲਾ ਹੁੰਦਾ। ਸੰਸਾਰ ਭਰ ਦੇ ਪੰਜਾਬੀ ਧਰਮ ਪੱਖੋਂ ਨਹੀਂ ਬੋਲੀ ਪੱਖੋਂ ਇੱਕਜੁਟ ਹੋ ਕੇ ਆਪਣੀ ਤਾਕਤ ਵਧਾ ਸਕਦੇ ਹਨ।

ਸ. ਨਾਜਰ ਸਿੰਘ ਦੇ ਇਸ ਕਥਨ ਤੋਂ ਇਸ ਸ਼ੰਕੇ ਦਾ ਨਿਵਾਰਣ ਹੁੰਦਾ ਹੈ ਕਿ ਜੇ ਮਹਾਰਾਜਾ ਰਣਜੀਤ ਸਿੰਘ ਦੇ ਪੰਜਾਬੀ/ਸਿੱਖ ਰਾਜ ਵੇਲੇ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਨਾ ਮਿਲਿਆ, ਆਜ਼ਾਦੀ ਤੋਂ ਬਾਅਦ ਇਸਨੂੰ ਇਸਦੇ ਪੁੱਤਰਾਂ ਨੇ ਤਖ਼ਤ 'ਤੇ ਨਹੀਂ ਬਿਠਾਇਆ ਅਤੇ ਜੇ ਬਾਅਦ ਵਿਚ ਬਿਠਾਇਆ ਵੀ ਤਾਂ ਦਿਲੋਂ ਸਵੀਕਾਰ ਨਾ ਕੀਤਾ ਪਰ ਫਿਰ ਵੀ ਪੰਜਾਬੀ ਭਾਸ਼ਾ ਜੀਵਤ ਹੈ ਤੇ ਵੱਧ-ਫੁੱਲ ਰਹੀ ਹੈ ਤਾਂ ਫਿਰ ਇਹ ਆਖਿਆ ਜਾ ਸਕਦਾ ਹੈ ਕਿ ਪੰਜਾਬੀ ਆਪਣੀ ਤੋਰ ਤੁਰਦੀ ਲੋਕਾਂ ਦੀ ਬੋਲੀ ਹੋਣ ਕਰਕੇ ਕਦੇ ਮਰੇਗੀ ਨਹੀਂ।

ਸ. ਨਾਜਰ ਸਿੰਘ ਦੀ ਇਹ ਮਿਹਨਤ ਜਿੱਥੇ ਵਿਦਵਾਨਾਂ ਲਈ ਚਾਨਣ ਮੁਨਾਰਾ ਬਣੇਗੀ, ਖੋਜ ਲਈ ਸਾਧਨ ਬਣੇਗੀ, ਉਥੇ ਪੰਜਾਬੀ ਨੂੰ ਪ੍ਰਫੁੱਲਿਤ ਕਰਨ ਵਿਚ ਯੋਗਦਾਨ ਪਾਵੇਗੀ। ਲੇਖਕ ਨੇ ਪੰਜਾਬੀ ਮਾਂ ਬੋਲੀ ਦਾ ਸੱਚਾ ਸਪੂਤ ਬਣਨ ਦਾ ਫਰਜ਼ ਨਿਭਾਇਆ ਹੈ।

******

# ਸਿੱਖਿਆ ਵਿਭਾਗ ਦੀ ਦੂਰਅੰਦੇਸ਼ੀ ਸੋਚ ਦਾ ਸੰਕੇਤ 'ਕੁਇਜ਼ ਮੁਕਾਬਲੇ'



ਚਮਨਦੀਪ ਸ਼ਰਮਾ
95010-33005

ਵਰਤਮਾਨ ਸਮੇਂ ਸਿੱਖਿਆ ਵਿਭਾਗ ਵਿੱਚ ਐਸ ਐਸ ਏ/ ਰਮਸਾ ਅਧਿਆਪਕਾਂ ਨੂੰ ਪੂਰੀ ਤਨਖਾਹ ਤੇ ਰੈਗੂਲਰ ਨਾ ਕਰਨ, 5178 ਅਧਿਆਪਕਾਂ ਨੂੰ ਨਵੰਬਰ 2017 ਤੋਂ ਰੈਗੂਲਰ ਨਾ ਕਰਨਾ, ਅਧਿਆਪਕਾਂ ਦੇ ਬਕਾਏ, ਬਦਲੀਆਂ, ਰੈਸ਼ਨੇਲਾਈਜੇਸ਼ਨ ਸਬੰਧੀ ਠੋਸ ਨੀਤੀ ਦੀ ਘਾਟ, ਸਕੂਲਾਂ ਵਿੱਚ ਅਧਿਆਪਕਾਂ ਉੱਪਰ ਵਧ ਰਹੇ ਕੰਮ ਦੇ ਬੋਝ ਆਦਿ ਮਸਲਿਆਂ ਨਾਲ ਮਾਹੌਲ ਗਰਮਾਇਆ ਹੋਇਆ ਹੈ। ਇਹ ਮੁੱਦੇ ਇੰਨੇ ਗੰਭੀਰ ਹੋ ਗਏ ਕਿ ਮਹਿਕਮੇ ਵੱਲੋਂ ਕੀਤੇ ਗਏ ਚੰਗੇ ਕਾਰਜ ਵੀ ਇਹਨਾਂ ਦੀ ਬਲੀ ਚੜ੍ਹ ਗਏ। ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਪ੍ਰੋਜੈਕਟ ਦੇ ਆਏ ਸਾਕਾਰਤਮਕ ਨਤੀਜਿਆਂ ਨੂੰ ਦਰ ਕਿਨਾਰ ਨਹੀਂ ਕੀਤਾ ਜਾ ਸਕਦਾ। ਸਮੁੱਚਾ ਅਧਿਆਪਕ ਵਰਗ ਇਸ ਲਈ ਵਧਾਈ ਦਾ ਪਾਤਰ ਹੈ। ਸਰਕਾਰ ਬੱਚਿਆਂ ਨੂੰ ਸਮੇਂ ਦਾ ਹਾਣੀ ਬਣਾਉਣ ਅਤੇ ਮਿਆਰੀ ਸਿੱਖਿਆ ਦੇਣ ਦੇ ਲਈ ਯਤਨਸ਼ੀਲ ਹੈ। ਇਸ ਉਦੇਸ਼ ਨੂੰ ਮੁੱਖ ਰੱਖਦੇ ਹੋਏ ਇਨ੍ਹੀ ਦਿਨੀ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਵਿੱਚ ਛੇਵੀਂ ਤੋਂ ਅੱਠਵੀਂ (ਜੂਨੀਅਰ) ਅਤੇ ਨੌਵੀਂ ਤੋਂ ਦਸਵੀਂ (ਸੀਨੀਅਰ) ਲਈ ਵੱਖਰੇ ਕੁਇਜ਼ ਮੁਕਾਬਲੇ ਦਾ ਆਯੋਜਨ ਕੀਤਾ ਗਿਆ ਜਿਸਦੀ ਚਰਚਾ ਕਰਨੀ ਬਣਦੀ ਹੈ। ਅਸੀਂ ਜਾਣਦੇ ਹਾਂ ਕਿ ਮੁਕਾਬਲੇ ਦੇ ਯੁੱਗ ਵਿੱਚ ਵਿਦਿਆਰਥੀਆਂ ਲਈ ਆਪਣਾ ਕਰੀਅਰ ਬਣਾਉਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ ਪਰ ਜੇਕਰ ਸ਼ੁਰੂਆਤੀ ਦੌਰ ਵਿੱਚ ਹੀ ਅਜਿਹੇ ਕੁਇਜ਼ ਮੁਕਾਬਲੇ ਕਰਵਾਕੇ ਬੱਚਿਆਂ ਦੀ ਨੀਂਹ ਮਜ਼ਬੂਤ ਕਰਕੇ ਵਧੇਰੇ ਪੜ੍ਹਨ ਦੀ ਚੰਗਿਆੜੀ ਲਗਾ ਦਿੱਤੀ ਜਾਵੇ ਤਾਂ ਯਕੀਨਨ ਹੀ ਉਹਨਾਂ ਦੀ ਰਾਹ ਅਸਾਨ ਹੋ ਜਾਂਦੀ ਹੈ। ਸਕੂਲਾਂ ਵਿੱਚ ਸਿੱਖਣ ਸਿਖਾਉਣ ਪ੍ਰਕਿਰਿਆ ਦਾ ਆਰੰਭ ਹੁੰਦਾ ਹੈ ਜੋ ਕਿ ਬੜੀ ਜਰੂਰੀ ਹੈ।

ਵਿਭਾਗ ਵੱਲੋਂ ਕੁਇਜ਼ ਮੁਕਾਬਲੇ ਪੂਰੀ ਯੋਜਨਾਬੰਦੀ ਦੇ ਤਹਿਤ ਕਰਵਾਏ ਗਏ।ਇਸਨੂੰ ਤਿੰਨ ਭਾਗਾਂ ਵਿੱਚ ਸਕੂਲ ਪੱਧਰ, ਜਿਲ੍ਹਾ ਪੱਧਰ, ਰਾਜ ਪੱਧਰ ਵੰਡਿਆ ਗਿਆ। ਸਕੂਲ ਪੱਧਰ ਤੇ ਇਹ ਮੁਕਾਬਲੇ ਪ੍ਰਿੰਸੀਪਲ/ਇਨਚਾਰਜ ਦੀ ਅਗਵਾਈ ਵਿੱਚ ਸਫਲਤਾਪੂਰਵਕ ਸਮਾਪਤ ਹੋਏ। ਅਧਿਆਪਕਾਂ ਵੱਲੋਂ ਹੀ ਮਹੱਤਵਪੂਰਨ ਪ੍ਰਸ਼ਨਾਂ ਦੀ ਚੋਣ ਕੀਤੀ ਗਈ। ਬਲਾਕ ਪੱਧਰ ਤੇ ਪ੍ਰਸ਼ਨਾਂ ਦੀ ਚੋਣ ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਤਹਿਤ ਕੰਮ ਕਰ ਰਹੇ ਬਲਾਕ ਮੈਂਟਰਜ ਦੁਆਰਾ ਕੀਤੀ ਗਈ। ਬਲਾਕ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਨੂੰ ਜਿਲ੍ਹੇ ਲਈ ਭੇਜਿਆ ਗਿਆ ਜਿੱਥੇ ਪ੍ਰਸ਼ਨਾਂ ਨੂੰ ਸਟੇਟ ਵੱਲੋਂ ਭੇਜਿਆ ਗਿਆ ਤਾਂ ਜੋ ਕਿਸੇ ਵੀ ਤਰ੍ਹਾ ਦਾ ਵਿਵਾਦ ਨਾ ਉਤਪੰਨ ਹੋ ਸਕੇ। ਕੁਇਜ ਮੁਕਾਬਲੇ ਵਿੱਚ ਚਾਰ ਪ੍ਰਮੁੱਖ ਵਿਸ਼ਿਆਂ (ਅੰਗਰੇਜੀ, ਸਮਾਜਿਕ ਵਿਗਿਆਨ, ਹਿਸਾਬ, ਵਿਗਿਆਨ) ਨੂੰ ਸਾਮਿਲ ਕੀਤਾ ਗਿਆ। ਅੰਗਰੇਜੀ ਅਤੇ ਸਮਾਜਿਕ ਵਿਗਿਆਨ ਦੇ ਵਿਸ਼ੇ ਦੀ ਅਗਵਾਈ ਸ੍ਰੀਮਤੀ ਹਰਪ੍ਰੀਤ ਕੌਰ ਸਟੇਟ ਕੋਆਰਡੀਨੇਟਰ ਦੁਆਰਾ ਕੀਤੀ ਗਈ। ਪ੍ਰਤੀਯੋਗੀ ਪ੍ਰੀਖਿਆਵਾਂ ਨੂੰ ਪਾਸ ਕਰਨ ਲਈ ਸ਼ਾਮਲ ਵਿਸ਼ਿਆਂ ਤੇ ਵਿਦਿਆਰਥੀਆਂ ਦੀ ਪਕੜ ਜਰੂਰੀ ਹੈ। ਬੱਚਿਆਂ ਦੀ ਹੌਸਲਾ ਅਫਜਾਈ ਦੇ ਲਈ ਪਹਿਲੇ ਤਿੰਨ ਸਥਾਨਾਂ 'ਤੇ ਆਉਣ ਵਾਲਿਆਂ ਲਈ ਨਕਦ ਪੁਰਸਕਾਰ ਦੀ ਵਿਵਸਥਾ ਕੀਤੀ ਗਈ ਜੋ ਕਿ ਕਾਬਿਲ ਏ ਤਾਰੀਫ ਕਦਮ ਹੈ।

ਸਰਕਾਰੀ ਸਕੂਲਾਂ ਵਿੱਚ ਕੁਇਜ ਮੁਕਾਬਲੇ ਸਦਕਾ ਇਕ ਧਨਾਤਮਕ ਸੰਦੇਸ਼ ਸਮਾਜ ਵਿੱਚ ਗਿਆ ਹੈ ਜਿਸ ਤਹਿਤ ਲੋਕਾਂ ਦੀ ਸੋਚ ਵਿੱਚ ਪਰਿਵਰਤਨ ਹੋਣਾ ਲਾਜਮੀ ਹੈ। ਇਹੋ ਜਿਹੇ ਉਪਰਾਲੇ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਨੂੰ ਵਧਾ ਸਕਦੇ ਹਨ।

ਇਹਨਾਂ ਮੁਕਾਬਲਿਆਂ ਦੁਆਰਾ ਵਿਦਿਆਰਥੀਆਂ ਦੇ ਅੰਦਰ ਟੀਮ ਦੇ ਨਾਲ ਮਿਲ ਕੇ ਕੰਮ ਕਰਨ ਦੀ ਭਾਵਨਾ, ਪ੍ਰਤਿਯੋਗੀ ਪ੍ਰੀਖਿਆਵਾਂ ਨੂੰ ਕਲੀਅਰ ਕਰਨ ਲਈ ਆਤਮਵਿਸ਼ਵਾਸ, ਮੁਕਾਬਲੇ ਦੇ ਨਿਯਮਾਂ ਦੀ ਜਾਣਕਾਰੀ, ਪ੍ਰਸ਼ਨਾਂ ਨੂੰ ਧਿਆਨ ਨਾਲ ਸੁਣਨਾ, ਸਮਝਣਾ ਅਤੇ ਨਿਰਧਾਰਿਤ ਸਮੇਂ ਵਿੱਚ ਉੱਤਰ ਦੇਣ ਦੀ ਕਲਾ, ਲੀਡਰਸ਼ਿਪ ਦੀ ਭਾਵਨਾ, ਪ੍ਰਸ਼ਨਾਂ ਦੇ ਪਾਸ ਹੋਣ ਜਾਣ ਤੇ ਉੱਤਰ ਦੇਣ ਦੀ ਕਲਾ, ਵਾਧੂ ਪੜ੍ਹਨ ਦੀ ਰੁਚੀ ਦਾ ਵਿਕਾਸ ਹੁੰਦਾ ਹੈ। ਇਹ ਕਿਹਾ ਜਾਂਦਾ ਹੈ ਕਿ ਖਰਬੂਜੇ ਨੂੰ ਵੇਖ ਖਰਬੂਜਾ ਰੰਗ ਬਦਲਦਾ ਹੈ ਠੀਕ ਉਸੇ ਪ੍ਰਕਾਰ ਬਾਕੀ ਵਿਦਿਆਰਥੀ ਵੀ ਇਸ ਮੁਕਾਮ ਤੇ ਪਹੁੰਚਣ ਦੀ ਕੋਸ਼ਿਸ ਵਿੱਚ ਜੁਟ ਜਾਂਦੇ ਹਨ। ਅਧਿਆਪਕਾਂ ਦੇ ਅੰਦਰ ਵੀ ਮੁਕਾਬਲੇ ਦੀ ਭਾਵਨਾ ਦਾ ਸੰਚਾਰ ਹੁੰਦਾ ਹੈ। ਉਹ ਹਰ ਹਾਲਤ ਵਿੱਚ ਅਜਿਹੇ ਕੰਪੀਟੀਸ਼ਨ ਜਿੱਤਣਾ ਚਾਹੁੰਦੇ ਹਨ ਜਿਸ ਲਈ ਵਾਧੂ ਸਮਾਂ ਲਗਾਉਣ ਵਿੱਚ ਸੰਕੋਚ ਨਹੀਂ ਕਰਦੇ।

ਨਿਰਸੰਦੇਹ ਕੁਇਜ ਮੁਕਾਬਲੇ ਕਰਵਾਉਣੇ ਵਿਭਾਗ ਦਾ ਇਕ ਸਲਾਘਾਯੋਗ ਕਦਮ ਹੈ ਪਰ ਸਰਕਾਰ ਨੂੰ ਅਧਿਆਪਕ ਵਰਗ ਨੂੰ ਆ ਰਹੀਆਂ ਔਕੜਾਂ ਦਾ ਵੀ ਜਲਦ ਨਿਪਟਾਰਾ ਕਰਨਾ ਚਾਹੀਦਾ ਹੈ ਤਾਂ ਜੋ ਕਿਸੇ ਪ੍ਰਕਾਰ ਦੀ ਹੀਣ ਭਾਵਨਾ ਪੈਦਾ ਨਾ ਹੋਵੇ। ਅਧਿਆਪਕਾਂ ਨੂੰ ਵਿਸ਼ੇਸ਼ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ। ਸਿੱਖਿਆ ਦੇ ਬਜਟ ਵਿੱਚ ਇਜ਼ਾਫਾ ਕੀਤਾ ਜਾਵੇ। ਸਾਰੇ ਅਧਿਆਪਕਾਂ ਨੂੰ ਰੈਗੂਲਰ ਕੀਤਾ ਜਾਣਾ ਚਾਹੀਦਾ ਹੈ।ਸਾਨੂੰ ਇਹੋ ਉਮੀਦ ਹੈ ਕਿ ਸਿੱਖਿਆ ਦੇ ਉਦੇਸ਼ਾਂ ਦੀ ਪੂਰਤੀ ਲਈ ਸਰਕਾਰ ਵੱਲੋਂ ਪਹਿਲ ਦੇ ਅਧਾਰ ਤੇ ਅਧਿਆਪਕ ਵਰਗ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਖਤਮ ਕਰਕੇ ਉਸਾਰੂ ਮਾਹੌਲ ਦੀ ਸਿਰਜਣਾ ਕੀਤੀ ਜਾਵੇਗੀ ਤਾਂ ਜੋ ਹੋਰ ਬਿਹਤਰ ਨਤੀਜੇ ਮਿਲ ਸਕਣ।

### ਅਯੁੱਧਿਆ ਤੋਂ ਵਿਸ਼ੇਸ਼

# ਅਯੁੱਧਿਆ ’ਚ ਰਾਮ ਹੀ ਰਾਮ

## ਆਪਣੀ ਕਰਨੀ ਆਪਣਾ ਅੰਬਰ

ਪ੍ਰੋ. (ਡਾ.) ਕ੍ਰਿਸ਼ਨ ਕੁਮਾਰ ਰੱਤੂ
91-9478730156



ਅੱਜ ਅਯੁੱਧਿਆ ਦੀ ਖ਼ਾਮੋਸ਼ੀ ਟੁੱਟ ਗਈ ਹੈ। ਸਭ ਪਾਸੇ ਮੰਦਰ ਦੀ ਖੁਮਾਰੀ ਹੈ- ਅਯੁੱਧਿਆ ਦੀਆਂ ਗਲੀਆਂ ਵਿਚ ਸਭ ਪਾਸੇ ਰਾਮ ਧੁੰਨ ਰਾਮ ਹੀ ਰਾਮ ਦਾ ਸ਼ੋਰ ਹੈ।ਹਰ ਜਗ੍ਹਾ ਰਾਮਲੱਲਾ ਦੀ ਮੌਜੂਦਗੀ ਹੈ। ਭਗਵੇਂ ਪਹਿਰਾਵੇ ਵਾਲੇ ਲੋਕਾਂ ਦਾ ਕਈ ਹਜ਼ਾਰਾਂ ਦਾ ਹਜੂਮ ਸਰਯੂ ਤੱਟ ਤੋਂ ਲੈ ਕੇ ਹਨੂੰਮਾਨਗੜ੍ਹੀ ਤੇ ਰਾਮਜਨਮ ਭੂਮੀ ਤੱਕ ਨਾਅਰੇ ਮਾਰਦਾ ਹੋਇਆ ਰਾਮ ਜੀ ਪ੍ਰਤੀ ਆਪਣੀ ਆਸਥਾ ਨੂੰ ਪ੍ਰਗਟ ਕਰ ਰਿਹਾ ਹੈ।

ਸ਼ਾਮ ਢਲ ਗਈ ਹੈ।

ਮੰਦਰਾਂ ’ਚ ਆਰਤੀ ਦਾ ਸਮਾਂ ਹੋ ਗਿਆ ਹੈ ਪਰ ਅਯੁੱਧਿਆ ਦੀਆਂ ਸੜਕਾਂ ਹਾਲੇ ਵੀ ਭੀੜ ਨਾਲ ਗੁੱਥਮਗੁੱਥਾ ਹਨ। ਸ਼ੋਰ ਸ਼ਰਾਬਾ ਐਨਾ ਕਿ ਕੁਝ ਵੀ ਸੁਣਾਈ ਨਹੀਂ ਦਿੰਦਾ। ਪੁਲਿਸ ਲੋਕਾਂ ਨੂੰ ਹੁੰਗਦੰਗ ਨਾ ਕਰਨ ਬਾਰੇ ਤੇ ਟ੍ਰੈਫ਼ਿਕ ਨੂੰ ਜਾਮ ਤੋਂ ਬਚਾਉਣ ਦੀ ਨਸੀਹਤ ਕਰ ਰਹੀ ਹੈ।

ਮੈਂ ਵੇਖ ਰਿਹਾ ਹਾਂ ਕਿ ਸਰਯੂ ਤੱਟ ਵੱਲੋਂ ਜੈ ਸ੍ਰੀ ਰਾਮ ਕਹਿੰਦਾ ਹੋਇਆ ਭੀੜ ਦਾ ਇਕ ਵੱਡਾ ਸਮੂਹ ਮੰਦਰ ਵੱਲ ਵੱਧ ਰਿਹਾ ਹੈ। ਭਗਵੇਂ ਭੇਸ ਵਿਚ ਧੋਤੀ ਕੁਰਤਾ ਗਲ਼ਾਂ ਵਿਚ ਕੇਸਰੀ ਗਮਛੇ ਪਾਈ ਭੀੜ ਉਸ ਆਸਥਾ ਨੂੰ ਪ੍ਰਗਟ ਕਰ ਰਹੀ ਹੈ, ਜਿਸ ਵਿਚ ਸ਼ਰਧਾ ਹੈ, ਰਾਮ ਪ੍ਰਤੀ ਭਗਵਾਨ ਦਾ ਪ੍ਰੇਮ ਹੈ ਪਰ ਗੁੱਸਾ ਤੇ ਲੜਾਈ ਦਾ ਮਾਹੌਲ ਆਮ ਜਿਹਾ ਹੈ। ਲੱਗਦਾ ਹੈ ਜਿਵੇਂ 1990 ਦੇ ਦਹਾਕੇ ਵਿਚ ਕੇਵਲ 17 ਮਿੰਟਾਂ ਵਿਚ ਭੀੜ ਨੇ ਸਦੀਆਂ ਪੁਰਾਣੀ ਬਾਬਰੀ ਮਸਜਿਦ ਦਾ ਨਾਮੋ-ਨਿਸ਼ਾਨ ਨੇਸਤਾਨਬੂਦ ਕਰ ਦਿੱਤਾ ਸੀ- ਉਹ ਇਕ ਵਾਰੀ ਫਿਰ ਕਿਸੇ ਇਸ਼ਾਰੇ ’ਤੇ ਹੁਣ ਵੀ ਕੋਈ ਹਾਦਸਾ ਨਾ ਕਰ ਦੇਵੇ।

ਇੱਥੇ ਭਗਵੀਂ ਭੀੜ ਦੇ ਹੱਥਾਂ ਵਿਚ ਗਦਾ, ਹੱਥ ਵਿਚ ਤਾਂ ਤਲਵਾਰ ਤੱਕ ਵੀ ਲਹਿਰਾਈ ਹੋਈ ਹੈ। ਇਕ ਲੱਖ ਤੋਂ ਜ਼ਿਆਦਾ ਲੋਕਾਂ ਦਾ ਭੀੜ ਨੂੰ ਸ਼ਿਵ ਸੈਨਾ ਵਾਲੇ ਮੁੰਬਈ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਨਾਅਰੇ ਲਾ ਕੇ ਉਤੇਜਿਤ ਕਰ ਰਹੇ ਹਨ। ਵਿਸ਼ਵ ਹਿੰਦੂ ਪਰਿਸ਼ਦ ਦੀ ਰੈਲੀ ਦਾ ਇਹ ਦ੍ਰਿਸ਼ ਵੇਖ ਕੇ ਸੱਚਮੁੱਚ ਲੱਗਦਾ ਹੈ ਕਿ ਇਹ ਦੇਸ਼ ਸੱਚਮੁੱਚ ਭੀੜ ਦੇ ਉਜੱਡਾ ਤੇ ਬੇਰੁਜ਼ਗਾਰ ਧਰਮ ਦੇ ਵਰਗਲਾਏ ਗਰੀਬਾਂ ਤੇ ਅਨਪੜ੍ਹ ਲੋਕਾਂ ਦੇ ਸਮਾਜ ਸਮੂਹ ਦਾ ਦੇਸ਼ ਹੈ, ਜਿਨ੍ਹਾਂ ਵਾਸਤੇ ਰਾਮ ਮੰਦਰ ਤੇ ਜੈ ਸ੍ਰੀ ਰਾਮ ਦੇ ਨਾਅਰੇ ਆਪਣੀ ਜ਼ਿੰਦਗੀ ਦੇ ਸਾਰੇ ਰਿਸ਼ਤੇ-ਨਾਤੇ ਤੇ ਹੋਰਨਾਂ ਸੰਬੰਧਾਂ ਸਮੇਤ ਸਭ ਤੋਂ ਉਪਰ ਹੈ।

ਇਹ ਭੀੜ ਕਿਸੇ ਅਦਾਲਤ ਤੇ ਭਰੋਸਾ ਨਹੀਂ ਰੱਖ ਸਕਦੀ ਹੈ ਤੇ ਅਦਾਲਤ ਵੀ ਪਿਛਲੇ 36 ਵਰ੍ਹਿਆਂ ਤੋਂ ਇਸ ਤਰ੍ਹਾਂ ਦੇ ਫੈਸਲਿਆਂ ਤੇ ਦੇਗ ਤੇ ਦੇਗ ਕਰ ਰਹੀ ਹੈ। ਨਿਆਂ ਪ੍ਰਕਿਰਿਆ ’ਚ ਦੇਗ ਬਾਰੇ ਬੜਾ ਗਿਆਨ ਸਾਡੀਆਂ ਜਮਹੂਰੀ ਕਦਰਾਂ ਵਾਲੇ ਲੋਕ ਕਹਿੰਦੇ ਨੇ ਪਰ ਇਕ ਅਦਾਲਤ ਕਿਸੇ ਫੈਸਲੇ ਨੂੰ ਚੌਥਾਈ ਸਦੀ ਲਟਕਾਵੇ ਤਾਂ ਨਿਆਂਪਾਲਿਕਾ ਤੇ ਸੰਵਿਧਾਨ ਏਜੰਸੀਆਂ ਤੇ ਉਂਗਲੀ ਚੁੱਕਣ ਦਾ ਮੌਕਾ ਮਿਲ ਜਾਂਦਾ ਹੈ। ਇਹੀ ਅਯੁੱਧਿਆ ਮਸਲੇ ਦਾ ਸੱਚ ਹੈ। ਭੀੜ ਅਯੁੱਧਿਆ ਦੀਆਂ ਗਲੀਆਂ ਵਿਚ ਬੇਮੁਹਾਰੀ ਫੈਲੀ ਹੈ। ਤੁਸੀਂ ਜਾਣ ਦੇ ਹੈਰਾਨ ਹੋਵੋਗੇ ਕਿ ਅੰਤਰ ਰਾਸ਼ਟਰੀ ਸੁਰਖ਼ੀਆਂ ਵਾਲਾ ਇਹ ਇਤਿਹਾਸਕ ਵਿਰਾਸਤੀ ਸ਼ਹਿਰ ਗੰਦਗੀ ਤੇ ਗੰਦੀਆਂ ਨਾਲੀਆਂ ਦੀ ਬਦਬੂ ਨਾਲ ਅੱਟਿਆ ਪਿਆਰ ਹੈ, ਸਭ ਪਾਸੇ।

ਸਰਕਾਰਾਂ ਆਉਂਦੀਆਂ ਹਨ, ਚਲੀਆਂ ਜਾਂਦੀਆਂ ਹਨ ਪਰ ਇੱਥੇ ਧਰਮ ਦੀ ਸੱਤਾ ਹੈ, ਧਾਰਮਿਕ ਅਖਾੜੇ ਹਨ, ਦੁਨੀਆਂ ਭਰ ਦੇ ਸਾਧੂ ਸੰਤ ਤੇ ਉਹਨਾਂ ਦੇ ਭੇਸ ਵਿਚ ਕੌਣ-ਕੌਣ ਅਯੁੱਧਿਆ ਦੀ ਪਰਿਕਰਮਾ ਕਰ ਰਿਹਾ ਹੈ, ਇਹ ਤਾਂ ਰਾਮ ਲੱਲਾ ਹੀ ਜਾਣੇ। ਸਥਿਤੀ ਕਦੋਂ ਖਰਾਬ ਹੋ ਜਾਵੇ, ਭੀੜ ਕਦੋਂ ਬੇਕਾਬੂ ਹੋ ਜਾਵੇ, ਕੁਝ ਪਤਾ ਨਹੀਂ ਹੈ।

ਰਾਮ ਜਨਮ ਭੂਮੀ, ਦਸ਼ਰਥ ਭਵਨ, ਰਾਮ ਕੀ ਪੈੜੀ, ਸਵਰਗ ਦੁਆਰ, ਸੀਤਾ ਕੀ ਰਸੋਈ ਦੇ ਨਾਲ ਬਾਹੂ ਬੇਗਮ ਤੇ ਮੁਗਲ ਕਾਲ ਦੀਆਂ ਪੁਰਾਣੀਆਂ ਇੱਟਾਂ ਵਾਲੀਆਂ ਹਵੇਲੀਆਂ ਅੱਜ ਅਦਾਲਤੀ ਚੱਕਰਾਂ ਵਿਚ ਖੰਡਰ ਹੋਈਆਂ ਇਸ ਸ਼ਹਿਰ ਦੀ ਦੁਰਦਸ਼ਾ ਨੂੰ ਦਰਸਾ ਰਹੀਆਂ ਹਨ।

ਸਦੀਆਂ ਤੋਂ ਇਹ ਸ਼ਹਿਰ ਹਰ ਉਸ ਸ਼ਖਸ ਲਈ ਸ਼ਰਧਾ ਦਾ ਕੇਂਦਰ ਹੈ ਜੋ ਹਿੰਦੂ ਹੋਣ ਦਾ ਅਰਥ ਜਾਣ ਕੇ ਵੀ ਜਾਣਨਾ ਨਹੀਂ ਚਾਹੁੰਦਾ ਹੈ। ਭੀੜ ਹੈ ਕਿ ਜੈ ਸ੍ਰੀ ਰਾਮ ਦੀ ਧੁੰਨ ਵਿਚ ਹੀ ਸਭ ਕੁਝ ਕਰਨਾ ਤੇ ਵੇਖਣਾ ਚਾਹੁੰਦਾ ਹੈ। ਮੇਰੇ ਸਾਹਮਣੇ ਨਗੇਸ਼ਵਰ ਮੰਦਿਰ ਤੇ ਭਗਵਾਧਾਰੀਆਂ ਦਾ ਜਮਾਵੜਾ ਹੈ, ਜੋ ਜੋਸ਼ ਵਿਚ ਸ੍ਰੀ ਰਾਮ ਦੇ ਨਾਅਰੇ ਲਗਾ ਰਿਹਾ ਹੈ।

ਮੰਦਰਾਂ ਤੇ ਮਹਾਂਭਾਰਤ ਤੇ ਰਾਜਨੀਤੀ ਕਿਵੇਂ ਹੁੰਦੀ ਹੈ, ਅਯੁੱਧਿਆ ਵਿਚ ਇਹ ਆਮ ਵੇਖਿਆ ਜਾ ਜਾ ਰਿਹਾ ਹੈ। ਮੈਨੂੰ ਇਸ ਪ੍ਰਸੰਗ ਵਿਚ ਹਿੰਦੀ ਉਰਦੂ ਦੇ ਕਵੀ ਤੇ ਫੈਜਾਬਾਦ ਨਿਵਾਸੀ ‘ਆਮਿਲ’ ਕਵੀ ਦੀਆਂ ਪੰਕਤੀਆਂ ਯਾਦ ਆਉਂਦੀਆਂ ਹਨ ਜੋ ਹਰ ਵਾਰੀ ਉਹ ਅਯੁੱਧਿਆ ਬਾਰੇ ਕਹਿੰਦੇ ਸੀ।

’ਰਾਮ ਗਏ ਤਾਂ ਵਾਪਸ ਨਹੀਂ ਆਏ
ਰਾਮ ਪਿਆਰੇ ਨੇ ਹਰ ਗਲੀ ਗਲੀ ਇੱਥੇ-
ਰਾਮਲੱਲਾ ਕਿੱਥੇ ਹੋ?
ਦਿਲ ਵਿਚ ਕਿ ਤ੍ਰਿਪਾਲ ਦੇ ਥੱਲੇ-
ਸਖ਼ਤ ਪਹਿਰੇ ’ਚ
ਆਪਣੇ ਸ਼ਹਿਰ ’ਚ ਆਪਣੀ ਫੌਜ ਦੀ ਕੈਦ ’ਚ
ਹੋ-
ਰਾਮ ਲੱਲਾ, ਮੁਬਾਰਕ ਅਯੁੱਧਿਆ-

ਹਨੂੰਮਾਨ ਗੜ੍ਹੀ ਵੱਲ ਸ਼ਰਧਾਲੂਆਂ ਦਾ ਟੋਲਾ ਰਾਮ ਭਜਨ ਕਰਦਾ ਹੋਇਆ ਲੰਘ ਗਿਆ ਹੈ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਇਸ ਭੀੜ ਦਾ ਭਵਿੱਖ ਕੀ ਹੈ। ਜਿਨ੍ਹਾਂ ਘਰਾਂ ਤੇ ਪਿੰਡਾਂ ਤੋਂ ਇਹ ਭੀੜ ਦੇ ਟੋਲੇ ਆਏ ਹੋਏ ਨੇ, ਉਥੇ ਲੱਗਦਾ ਹੈ ਕਿ ਕੋਈ ਕੰਮ ਹੀ ਨਹੀਂ ਹੈ। ਇਹੋ ਜਿਹੇ ਹਜੂਮ, ਸਾਵਣ ਕਾਵੜ ਯਾਤਰਾ ਦੇ ਨਾਂ ’ਤੇ ਵੀ ਹੁੰਦੇ ਹਨ, ਜਦੋਂ ਆਮ ਜਨਤਾ ਲਈ ਰਸਤੇ ਜਾਮ ਹੋ ਜਾਂਦੇ ਹਨ।

ਮੈਂ ਇੱਥੇ ਅਯੁੱਧਿਆ ਵਿਚ ਸਾਫ ਵੇਖ ਰਿਹਾ ਹਾਂ, ਇੱਥੇ ਅੰਧ ਵਿਸ਼ਵਾਸ ਨਾਲ ਬੰਦ ਗਲੀਆਂ ਤੇ ਦਿਮਾਗ ਸੁੰਨ ਹੈ ਤੇ ਅਖਾੜਿਆਂ ਦੇ ਮਹੰਤ ਸਦੀਆਂ ਤੋਂ ਲੋਕਾਂ ਨੂੰ ਮੂਰਖ ਬਣਾ ਕੇ ਇਸ ਅੱਗ ਨੂੰ ਤਪਾਈ ਰੱਖਣਾ ਚਾਹੁੰਦੇ ਹਨ। ਲੋਕ ਲੜਨਗੇ ਤਾਂ ਇਸ ਦੇਸ਼ ਦੇ ਸਿਆਸਤਦਾਨਾਂ ਦੀਆਂ ਵੋਟਾਂ ਤੇ ਨੋਟਾਂ ਦੀਆਂ ਫਸਲਾਂ ਹਰ ਸਾਲ, ਹਰ ਰੋਜ਼ ਵਧਣ ਫੁੱਲਣਗੀਆਂ।

ਭਗਵੇਂ ਕੱਪੜੇ, ਨੰਗੇ ਬਦਨ, ਮੰਦਰ ਬਣਾਉਣ ਦਾ ਜਨੂੰਨ ਇਸ ਵੇਲੇ ਰਾਤ ਦੇ ਚਾਨਣ ਵਿਚ ਵੀ ਆਸ਼ਕਾਂ ਦਾ ਸੈਲਾਬ ਹੈ। ਫ੍ਰੀ ਲੰਗਰ ਦਾ ਇੰਤਜ਼ਾਮ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਅਖਾੜਿਆਂ ਵਾਲੇ ਮੰਦਰਾਂ ’ਚ ਖੂਬ ਕੀਤਾ ਗਿਆ ਹੈ।

ਇੱਥੋਂ ਦੀ ਹਲਚਲ ਵੇਖ ਕੇ ਮੈਨੂੰ ਲੱਗਦਾ ਹੈ ਕਿ ਇਸ ਰਾਮ ਧੁੰਨ ਦੇ ਨਾਲ ਕਿਧਰੇ ਭਾਰਤੀ ਸੰਵਿਧਾਨ, ਨਿਆਂਪਾਲਿਕਾ, ਕਾਨੂੰਨ ਆਹਮੋ-ਸਾਹਮਣੇ ਨਾ ਹੋ ਜਾਣ ਕਿਉਂਕਿ ਮੈਂ ਜਾਣਦਾ ਹਾਂ ਇਕ ਬੇਮੁਹਾਰੀ ਅੱਥਰੀ ਭੀੜ ਦਾ ਤਾਂ ਕੋਈ ਧਰਮ ਨਹੀਂ ਹੁੰਦਾ ਹੈ ਤੇ ਕਾਨੂੰਨ ਦੀ ਮਰਿਆਦਾ ਦਾ ਭੈਅ ਖਤਮ ਹੋ ਜਾਵੇ ਤਾਂ ਫਿਰ ਬਾਕੀ ਕੁਝ ਨਹੀਂ ਰਹਿੰਦਾ ਹੈ।

ਰਾਮ ਮੰਦਰ ਅਯੁੱਧਿਆ ਵਿਚ ਦੇਰ-ਸਵੇਰ ਬਣਨਾ ਹੀ ਹੈ ਪਰ ਜਿਸ ਤਰ੍ਹਾਂ ਰਾਮ ਨਾਮ ਦੀ ਧੁੰਨ ਵਿਚ ਨਫ਼ਰਤ ਦੀ ਚਾਦਰ ਫੈਲਾਈ ਜਾ ਰਹੀ ਹੈ, ਉਹ ਕਿਸੇ ਵੀ ਲੋਕਤੰਤਰੀ ਸਮਾਜ ਵਾਸਤੇ ਖਤਰਨਾਕ ਹੈ।

ਘਰਾਂ ਤੋਂ ਆਏ ਭਗਵੇਂ ਭੇਸ ਵਾਲੇ ਯੁਵਕਾਂ ’ਚੋਂ ਕਿੰਨੇ ਵਾਪਸ ਜਾਣਗੇ ਜਾਂ ਕਿੰਨੇ ਹਾਦਸਿਆਂ ਦੀ ਭੇਂਟ ਚੜ੍ਹ ਜਾਣਗੇ। ਕੁਝ ਨਹੀਂ ਪਤਾ।ਇਤਿਹਾਸ ’ਚ ਦਰਜ ਹੈ ਕਿ ਅਯੁੱਧਿਆ ਰਾਮ ਰਾਜ ਵੇਲੇ ਵੀ ਮਰਿਆਦਾ ਦੀ ਲਾਜ ਵਿਚ ਲੋਕਾਂ ’ਚ ਪ੍ਰਸਿੱਧ ਨਹੀਂ ਸੀ।

ਇਸ ਸਮੇਂ ਦਸ ਵੱਜ ਰਹੇ ਹਨ ਪਰ ਭੀੜ ਅਜੇ ਵੀ ਅਯੁੱਧਿਆ ਦੀਆਂ ਗਲੀਆਂ ਵਿਚ ਚਾਂਬੜਾਂ ਪਾਈ ਜੈ ਸ੍ਰੀ ਰਾਮ ਦੇ ਨਾਅਰੇ ਲਗਾ ਰਹੀ ਹੈ।

ਤੇ ਮੱਧਮ ਰੌਸ਼ਨੀਆਂ ਦੇ ਇਸ ਨਜ਼ਾਰੇ ਵਿਚ ਜਿੱਥੇ ਰਾਮਲੱਲਾ ਬਿਰਾਜ ਰਹੇ ਹਨ। ਫੌਜੀ ਵੀ ਮਸਤੈਦੀ ਛੱਡ ਕੇ ਥੋੜ੍ਹੇ ਆਰਾਮ ਪਸੰਦ ਹੋ ਰਹੇ ਹਨ। ਪਰ ਅੰਦਰ ਰਾਮਲੱਲਾ ਨੂੰ ਨਹੀਂ ਪਤਾ ਕਿ ਉਹਨਾਂ ਦੇ ਭਗਤ ਕੀ ਚਾਹੁੰਦੇ ਹਨ।

ਇਸ ਮੌਕੇ ਤੇ ਮੈਂ ਸੋਚ ਰਿਹਾ ਹਾਂ।

ਸਦੀਆਂ ਗੁਜ਼ਰੀਆਂ, ਭੀੜ ’ਚ ਲੋਕ ਹੈ ਜਾਂ ਲੋਕਤੰਤਰ ਜਾਂ ਫਿਰ ਇੱਕ੍ਰੀਵੀਂ ਸਦੀ ਦਾ ਵਿਸ਼ਵ ਗੁਰੂ ਭਾਰਤ- ਜਿੱਥੇ ਰਾਮ ਮੰਦਰ ਦਾ ਮੁੱਦਾ ਸਭ ਤੋਂ ਵੱਡਾ ਹੈ। ਸਭ ਲਈ .... ਸ਼ਾਇਦ।

ਅਲਵਿਦਾ ਅਯੁੱਧਿਆ।

# ਸਮਾਜਿਕ ਪ੍ਰਦੂਸ਼ਣ



ਅਸ਼ੋਕ ਕੁਮਾਰ ਬੇਗਰਾ

ਭਾਰਤ ਜੋ ਸਾਰੇ ਵਿਸ਼ਵ ਵਿਚ ਆਪਣੀ ਸੰਸਕ੍ਰਿਤੀ, ਵੇਦਾਂ, ਸ਼ਾਸਤਰਾਂ ਦੇ ਲਈ ਪ੍ਰਸਿੱਧ ਹੈ, ਜਿਸਦਾ ਇਤਿਹਾਸ ਦੱਸਦਾ ਹੈ ਕਿ ਦੂਜੇ ਦੇਸ਼ਾਂ ਦੇ ਚਿੰਤਕ, ਬੁੱਧੀਜੀਵੀ, ਸਮਾਜ ਸ਼ਾਸਤਰੀ ਇੱਥੋਂ ਦੀ ਸਭਿਅਤਾ ਅਤੇ ਸੰਸਕ੍ਰਿਤੀ ਦਾ ਅਧਿਐਨ ਕਰਨ ਦੇ ਲਈ ਆਉਂਦੇ ਰਹੇ ਹਨ, ਇਹ ਦੇਸ਼ ਪੰਚਸ਼ੀਲ ਦਾ ਉਪਾਸਕ, ਸ਼ਾਂਤੀ, ਅਹਿੰਸਾ ਦਾ ਸਮਰਥਕ ਰਿਹਾ। ਇੱਥੇ ਮਹਾਂਵੀਰ, ਗੌਤਮ ਬੁੱਧ ਨੇ ਗਿਆਨ ਦਿੱਤਾ। ਨਾਨਕ, ਰਵਿਦਾਸ, ਕਬੀਰ ਵਰਗੇ ਮਹਾਂਪੁਰਸ਼ਾਂ ਨੇ ਅਧਿਆਤਮ ਅਤੇ ਮਾਨਵਤਾ ’ਤੇ ਪ੍ਰਵਚਨ ਦਿੱਤੇ। ਧਰਮ ਨਿਰਪੱਖਤਾ ਦੀ ਨੀਤੀ ਪ੍ਰਚੱਲਿਤ ਰਹੀ। ਪਰ ਇਹਨਾਂ ਸਭ ਦੇ ਬਾਵਜੂਦ ਭਾਰਤ ਦੀ ਸਮਾਜਿਕਤਾ ਨੂੰ ਕੁਝ ਵਰਗਾਂ ਨੇ ਆਪਣੇ ਸਵਾਰਥ ਲਈ ਨਾ ਕੇਵਲ ਦੂਸ਼ਿਤ ਹੀ ਕੀਤਾ, ਸ਼ੋਸ਼ਣ ਵੀ ਕੀਤਾ ਬਲਕਿ ਸਮਾਜ ਨੂੰ ਵਰਗਾਂ ਵਿਚ ਵੰਡ ਦਿੱਤਾ। ਜੋ ਬਾਅਦ ਵਿਚ ਮਜ਼ਬੂਤ ਜਾਤੀਆਂ ਬਣ ਗਈਆਂ ਅਤੇ ਉਹਨਾਂ ਜਾਤੀਆਂ ਨੂੰ ਕੰਮਕਾਜ ਆਧਾਰਿਤ ਜਾਤੀਆਂ ਬਣਾ ਦਿੱਤਾ। ਇਕ ਅਜਿਹਾ ਵਰਗ ਬਣਾ ਦਿੱਤਾ ਜੋ ਸਮਾਜ ਵਿਚ ਸਭ ਤੋਂ ਗੰਦਾ ਕੰਮ ਕਰਦਾ, ਮਲਮੂਤਰ ਚੁੱਕਦਾ, ਮਰੇ ਪਸ਼ੂਆਂ ਨੂੰ ਚੁੱਕਦਾ, ਚਮੜੀ ਉਤਾਰਦਾ। ਅਜਿਹੀ ਜਾਤੀ ਦੀ ਪਛਾਣ ਦੇ ਲਈ ਉਹਨਾਂ ਨੂੰ ਕੁਝ ਚਿੰਨ੍ਹ ਦੇ ਦਿੱਤੇ ਤਾਂ ਜੋ ਕੁਝ ਦੂਰੀ ਤੋਂ ਪਤਾ ਲੱਗ ਸਕੇ ਕਿ ਹੇਠਲੇ ਵਰਗ ਦਾ ਆਦਮੀ ਆ ਰਿਹਾ ਹੈ। ਸਮਾਜਿਕਤਾ ਦੂਸ਼ਿਤ ਕਰ ਦਿੱਤੀ, ਨਫ਼ਰਤ ਪੈਦਾ ਕਰ ਦਿੱਤੀ। ਅਲੱਗ ਰਹਿਣ ਲਈ ਮਜਬੂਰ ਕੀਤਾ। ਅੰਤਰ ਜਾਤੀ ਸਬੰਧ ਵਰਜਿਤ ਕਰ ਦਿੱਤੇ। ਨਾ ਗਿਆਨ ਸੁਣ ਸਕੇ, ਨਾ ਪੜ੍ਹ ਸਕੇ, ਧਾਰਮਿਕ ਸਥਾਨਾਂ ਤੇ ਪ੍ਰਵੇਸ਼ ਬੰਦ ਕਰ ਦਿੱਤਾ, ਨਾ ਸਾਫ ਕੱਪੜੇ ਪਾਉਣਾ, ਜੂਠ ਤੇ ਨਿਰਭਰ ਕਰ ਦਿੱਤਾ। ਨੰਗੇ ਪੈਰ ਚੱਲਣਾ ਲਾਜ਼ਮੀ, ਕਮਰ ਤੇ ਝਾੜੂ ਬੰਨ੍ਹਣਾ, ਲਾੜ੍ਹਿਆਂ ਨੂੰ ਘੋੜੀ ਤੇ ਬੈਠਣ ਦੀ ਮਨਾਹੀ, ਸਾਫ ਕੱਪੜੇ ਪਾਉਣ ਤੇ ਰੋਕ ਆਦਿ ਅਨੇਕਾਂ ਪ੍ਰਥਾਵਾਂ ਨਾਲ ਹੇਠਲੇ ਵਰਗਾਂ ’ਤੇ ਕੰਟਰੋਲ ਕਰ ਦਿੱਤਾ, ਸ਼ੂਦਰ ਦਾ ਦਰਜਾ ਦਿੱਤਾ ਅਤੇ ਅਛੂਤ ਕਹਾਏ। ਜੀਵਨ ਗੁਲਾਮਾਂ ਤੋਂ ਵੀ ਜ਼ਿਆਦਾ ਖਰਾਬ ਸੀ। ਇਹ ਵਿਵਸਥਾ ਭਾਰਤ ਦੀ ਆਜ਼ਾਦੀ ਤੱਕ ਪੂਰੇ ਜ਼ੋਰ ਨਾਲ ਚੱਲਦੀ ਰਹੀ। ਇਸ ਤੋਂ ਪਹਿਲਾਂ ਮੁਗਲ, ਅੰਗਰੇਜ਼ ਆਏ, ਭਗਤੀ ਲਹਿਰ ਆਈ, ਇਹਨਾਂ ਸਾਰਿਆਂ ਨੇ ਸਮਾਜ ਵਿਚ ਭੇਦਭਾਵ, ਊਚ-ਨੀਚ ਅਤੇ ਸ਼ੂਦਰਤਾ ਦੇ ਵਿਰੁੱਧ ਕੁਝ ਯਤਨ ਕੀਤੇ। ਤਾਂ ਜੋ ਸਮਾਜ ਵਿਚ ਸਮਾਜਿਕਤਾ ਆਵੇ। ਪਰ ਫਿਰ ਵੀ ਭਾਰਤੀਆਂ ਦੇ ਬੌਧਿਕ, ਮਾਨਸਿਕ, ਸਮਾਜਿਕ ਪੱਧਰ ਤੇ ਆਧੁਨਿਕਤਾ ਲਿਆਉਣ ਵਿਚ ਅਸਫਲ ਰਹੇ। ਹਜ਼ਾਰਾਂ ਸਾਲ ਪ੍ਰਾਚੀਨ, ਸੰਸਕ੍ਰਿਤੀ ਅਤੇ ਸਭਿਅਤਾ ਅੱਜ ਵੀ ਸਮਾਜ ਵਿਚ ਜਿਉਂਦੀ ਹੈ।

ਆਜ਼ਾਦ ਭਾਰਤ ਨੇ ਆਪਣਾ ਸੰਵਿਧਾਨ ਬਣਾਇਆ, ਜਿਸ ਵਿਚ ਸਮਾਨਤਾ ਲਿਆਉਣ, ਜਾਤੀ ਭੇਦਭਾਵ ਖਤਮ ਕਰਨ, ਧਰਮ ਨਿਰਪੱਖਤਾ, ਵਿਚਾਰਾਂ ਦੀ ਆਜ਼ਾਦੀ ਦੀ ਵਿਵਸਥਾ ਕੀਤੀ। ਹਰ ਇਕ ਦੇ ਲਈ ਉਨਤੀ, ਵਿਕਾਸ ਯਕੀਨੀ ਕਰਨ ਦਾ ਟੀਚਾ ਰੱਖਿਆ। ਇਹ ਸੱਚ ਹੈ ਕਿ ਜਿਸ ਨਾਲ ਸਮਾਜਿਕ ਤਬਦੀਲੀ ਆਈ, ਇਕ ਨਵੀਂ ਚੇਤਨਾ ਜਾਗੀ, ਕਮਜ਼ੋਰ ਵਰਗਾਂ ਦੇ ਕਲਿਆਣ ਦਾ ਯਤਨ ਹੋਇਆ। ਕੁਝ ਇਕ ਸੀਮਾ ਤੱਕ ਵਰਣ ਵਿਵਸਥਾ ਟੁੱਟੀ, ਦਲਿਤਾਂ ਵਿਚ ਰਵਾਇਤੀ ਦੇਸ਼ ਨੂੰ ਛੱਡਣ ਦਾ ਮਨ ਬਣਿਆ, ਸ਼ੂਦਰ, ਹਰੀਜਨ-ਭੰਗੀ ਆਦਿ ਸ਼ਬਦ ਵਰਤਣਾ ਨਾਜਾਇਜ਼ ਹੋਇਆ। ਪਰ ਫਿਰ ਵੀ ਭਾਰਤੀ ਸਮਾਜ ਵਿਚ ਸਮਾਜਿਕ ਪ੍ਰਦੂਸ਼ਣ ਨੇ ਰੁਕਣ ਦਾ ਨਾਂ ਨਹੀਂ ਲਿਆ ਅਤੇ ਤੇਜ਼ ਗਤੀ ਨਾਲ ਵੱਧ ਰਿਹਾ ਹੈ। ਇੱਥੇ ਇਹ ਸਪਸ਼ਟ ਕਰਦਾ ਹਾਂ ਕਿ ਮੈਂ ਉਸ ਪ੍ਰਦੂਸ਼ਣ ਦੀ ਗੱਲ ਨਹੀਂ ਕਰਦਾ, ਜਿਸ ਨਾਲ ਕੇਵਲ ਨੱਕ ਬੰਦ ਕਰਨਾ ਪੈਂਦਾ ਹੈ ਜਾਂ ਨਗਰਾਂ ਵਿਚ ਉਦਯੋਗੀਕਰਨ, ਟਰਾਂਸਪੋਰਟ, ਕੂੜੇ ਦੇ ਢੇਰ ਆਦਿ ਨਾਲ ਵਧਦਾ ਹੈ ਜਾਂ ਨਦੀਆਂ, ਨਾਲਿਆਂ, ਤਲਾਬਾਂ ਵਿਚ ਸੁੱਟਿਆ ਕੂੜਾ ਜਾਂ ਜਾਨਵਰਾਂ ਦਾ ਮਰਨਾ ਸੜਨਾ ਗਲਤ ਹੈ। ਮੈਂ ਉਸ ਪ੍ਰਦੂਸ਼ਣ ਦੀ ਗੱਲ ਕਰ ਰਿਹਾ ਹਾਂ ਜੋ ਸਮਾਜ ਵਿਚ ਪਲੇਗ-ਸਵਾਈਨ ਫਲੂ ਵਾਂਗ ਤੈਰਦਾ ਹੈ। ਆਪਣੇ ਪਿੱਛੇ ਚੇਚਕ ਵਰਗੇ ਨਿਸ਼ਾਨ ਛੱਡ ਜਾਂਦਾ ਹੈ ਜਾਂ ਇਕ ਨਾਸੂਰ ਦਾ ਰੂਪ ਧਾਰਨ ਕਰਦਾ ਹੈ ਜੋ ਠੀਕ ਹੁੰਦਾ ਹੈ, ਫਿਰ ਫੁੱਟ ਜਾਂਦਾ ਹੈ। ਕੁਝ ਅਜਿਹੀਆਂ ਘਟਨਾਵਾਂ ਪ੍ਰਸਥਿਤੀਆਂ ਵਿਚਾਰਧਾਰਾ ਜਾਂ ਵਿਵਸਥਾ ਬਣਦੀ ਹੈ, ਜਿਸ ਨਾਲ ਸਮਾਜ ਵਿਚ ਸਿਹਤ ਹੀ ਨਹੀਂ ਵਿਗੜਦੀ ਬਲਕਿ ਅਜਿਹਾ ਪ੍ਰਦੂਸ਼ਣ ਜਿਸ ਨਾਲ ਮਾਨਸਿਕਤਾ ਧੁੰਦਲੀ ਪੈ ਰਹੀ ਹੈ, ਸੋਚ ਸੁੰਗੜ ਰਹੀ ਹੈ, ਸਵਾਰਥ ਵੱਧ ਰਿਹਾ ਹੈ। ਦਲਿਤ, ਪੱਛੜੇ ਵਰਗ ਦਾ ਸ਼ੋਸ਼ਣ ਇਕ ਨਵੀਂ ਨੀਅਤ-ਨੀਤੀ ਨਾਲ ਹੋ ਰਿਹਾ ਹੈ। ਯਤਨ ਇਹ ਬਣਦਾ ਹੈ ਕਿ ਉਹਨਾਂ ਨੂੰ ਉਹਨਾਂ ਦੀ ਪੁਰਾਣੀ ਵਿਵਸਥਾ ਵਿਚ ਰੱਖਿਆ ਜਾਵੇ। ਅਜਿਹੇ ਬਿਆਨ ਦਿੱਤੇ ਜਾਂਦੇ ਹਨ, ਸੰਪਰਦਾਇਕਤਾ ਭੜਕਦੀ ਹੈ, ਸੰਵਿਧਾਨਕ ਵਿਵਸਥਾ ਦੀ ਅਣਦੇਖੀ, ਨਿਯਮਾਂ ਦੀ ਅਣਦੇਖੀ, ਘੱਟ ਗਿਣਤੀਆਂ ਨੂੰ ਨਾਜਾਇਜ਼ ਲਾਭ ਪ੍ਰਦਾਨਤਾ ਜਾਂ ਅਜਿਹਾ ਖੇਡ ਰਚਣਾ, ਢੰਗਾਂ ਦੀ ਪ੍ਰਸਤਾਵਨਾ ਲਿਖਣਾ, ਕਿਸੇ ਜਾਤੀ ਦੇ ਭੋਜਨ ਤੇ ਟਿੱਪਣੀ ਜਾਂ ਪਾਬੰਦੀ ਲਗਾਉਣਾ ਅਜਿਹੇ ਸਮਾਜ ਦੇ ਰੱਖਿਅਕਾਂ ਦਾ ਗੱਠਜੋੜ ਜੋ ਦਲਿਤਾਂ, ਪੱਛੜੇ ਵਰਗਾਂ ਅਤੇ ਘੱਟ ਗਿਣਤੀਆਂ ਨੂੰ ਤੰਗ ਕਰੇ, ਧਰਮ ਤਬਦੀਲੀ ਅਤੇ ਲਵ ਜਿਹਾਦ ਦਾ ਚੱਕਰਵਿਊ ਰਚਣਾ।

ਜਦੋਂ ਸ਼ਾਸਨ ਕਿਸੇ ਸੰਸਥਾ ਤੋਂ ਪ੍ਰਭਾਵਿਤ ਹੋ ਕੇ ਉਸਦੀ ਵਿਚਾਰਧਾਰਾ ਨੂੰ ਅਮਲ ਵਿਚ ਲਿਆਵੇ, ਫੁੱਲ ਜਾਂ ਪਸ਼ੂ ਦੀ ਰਾਜਨੀਤੀ ਹੋਵੇ ਤਾਂ, ਸਮਾਜ ਕਿਵੇਂ ਸੁਰੱਖਿਅਤ ਰਹੇਗਾ। ਜਦੋਂ ਗਾਲ਼ੀ ਅਤੇ ਗੋਲੀ ਦਾ ਵਾਤਾਵਰਣ ਬਣੇ ਤਾਂ ਸਮਾਜਿਕਤਾ ਬਿਖਰਦੀ ਹੈ। ਸਮਾਜ ਦਿਸ਼ਾਹੀਣ, ਅੰਗਹੀਣ, ਨੇਤਰਹੀਣ ਹੋ ਜਾਂਦਾ ਹੈ, ਜਦੋਂ ਲੋਕ ਸਮਾਜ ਵਿਚ ਸਭਿਅਤਾ, ਪਾਰਦਰਸ਼ਤਾ ਤੋਂ ਅਣਜਾਣ ਰਹੇ, ਉਹ ਲੋਕ ਤਰਕ-ਵਿਵੇਕ ਬਿਨਾਂ ਕੰਮ ਕਰੇ, ਜਦੋਂ ਲੋਕਾਂ ਦੀ ਬੁੱਧੀ ਜ਼ੀਰੋ ਹੋ ਜਾਵੇ, ਅਜਿਹੇ ਲੋਕ ਅਜਿਹਾ ਸ਼ਬਦ ਜਾਲ ਬੁਣੇ, ਜਿਸ ਨਾਲ ਮਨੁੱਖੀ ਅਪਰਾਧ ਦੇ ਰਸਤੇ ਤੇ ਚੱਲ ਪਏ, ਜਿਸ ਨਾਲ ਇਕ ਮੂਕ ਅੰ-ਦੋਲਨ ਕ੍ਰਾਂਤੀ ਦਾ ਸੱਦਾ ਹੋਵੇ, ਉਹ ਵੀ ਇਕ ਸਮਾਜਿਕ ਪ੍ਰਦੂਸ਼ਣ ਹੈ। ਹਾਲੇ ਕੁਝ ਦਿਨ ਪਹਿਲਾਂ ਕਿਸੇ ਰਾਜ ਵਿਚ ਦਲਿਤ ਜਾਤੀ ਦੇ ਵਿਧਾਇਕ ਨੂੰ ਆਜ਼ਾਦੀ ਸਮਾਰੋਹ ਵਿਚ ਸੱਦ ਕੇ ਕੁਰਸੀ ਨਾ ਦੇਣਾ ਇਕ ਮੂਕ ਸਮਾਜਿਕ ਮਜ਼ਾਕ ਹੈ। ਇਸ ਪ੍ਰਸਾਰ ਨਾਲ ਸਮਾਜਿਕ ਸੰਤੁਲਨ ਵਿਗੜਦਾ ਹੈ। ਕੁਝ ਤੱਤਾਂ ਨੇ ਅਸਮਾਜਿਕਤਾ ਨੂੰ ਆਪਣੀ ਜੀਵਨ ਸ਼ੈਲੀ ਬਣਾ ਰੱਖਿਆ ਹੈ। ਅਜਿਹੀਆਂ ਘਟ-ਨਾਵਾਂ ਹੁੰਦੀਆਂ ਹਨ, ਜਿਸ ਨਾਲ ਸਮਾਜ ਬਿਮਾਰ ਹੋ ਜਾਂਦਾ ਹੈ। ਸਮਾਜਿਕ ਬਿਮਾਰ ਸਮਾਜ ਵਿਚ ਇਨਫੈਕਸ਼ਨ ਬਣ ਜਾਂਦੀ ਹੈ, ਹੁੰਦਾ ਕੀ ਹੈ?

# ਲੈਕਚਰਾਰ ਸੋਮ ਨਾਥ ਦੀ ਸੇਵਾ ਮੁਕਤੀ ’ਤੇ ਸ਼ਾਨਦਾਰ ਵਿਦਾਇਗੀ ਪਾਰਟੀ

ਸਿੱਖਿਆ ਖੇਤਰ ਵਿੱਚ ਵਿਲੱਖਣ ਸੇਵਾ ਨਿਭਾ ਕੇ ਸ਼੍ਰੀ ਸੋਮ ਨਾਥ ਲੈਕਚਰਾਰ (ਪੰਜਾਬੀ) ਸ.ਸ.ਸ.ਸ.(ਲੜਕੇ) ਨਾਭਾ ਵਿਖੇ 17 ਜੁਲਾਈ 1996 ਨੂੰ ਹਾਜ਼ਰ ਹੋ ਕੇ ਆਪਣੀ ਲੱਗਭੱਗ 35 ਸਾਲ ਸੇਵਾ ਵਿੱਚੋਂ ਤਕਰੀਬਨ 22 ਸਾਲ ਦੀ ਮਾਣਮੱਤੀ ਸੇਵਾ ਇਸ ਸਕੂਲ ਵਿੱਚ ਨਿਭਾ ਕੇ 30 ਸਤੰਬਰ ਨੂੰ ਬੇਦਾਗ਼ ਸੇਵਾ ਨਿਭਾ ਕੇ ਸੇਵਾ-ਮੁਕਤ ਹੋਣ ਉਪਰੰਤ ਉਨ੍ਹਾਂ ਨੂੰ ਸਾਦੀ ਅਤੇ ਪ੍ਰਭਾਵਸ਼ਾਲੀ ਵਿਦਾਇਗੀ ਪਾਰਟੀ ਸਕੂਲ ਵਲੋਂ ਦਿੱਤੀ ਗਈ। ਇਸ ਮੌਕੇ ਮੈਡਮ ਮੋਨਿਕਾ ਵਾਲੀਆ ਸਾਇੰਸ ਮਿਸਟ੍ਰੈਸ ਨੇ ਸ਼੍ਰੀ ਸੋਮ ਨਾਥ ਨੂੰ ਦੂਜਿਆਂ ਦੇ ਦੁੱਖ ਸੁੱਖ ਦੇ ਭਾਈਵਾਲ , ਕਲੈਰੀਕਲ ਕੰਮ ਵਿੱਚ ਮਦਦ ਕਰਨ ਵਾਲੇ ਅਤੇ ਮਿਲਣਸਾਰ ਸੁਭਾਅ ਵਾਲੇ ਇਨਸਾਨ ਦੱਸਿਆ। ਮੈਡਮ ਪਰਦੀਪ ਕੌਰ ਲੈਕਚਰਾਰ ਨੇ ਉਨ੍ਹਾਂ ਦੀ ਸ਼ਖਸ਼ੀਅਤ ਦੇ ਗੁਣਾਂ ਦੀ ਸਰਾਹਨਾ ਕਰਨ ਦੇ ਨਾਲ ਬਹੁਤ ਕੁਝ ਸਿੱਖਣ ਦੀ ਗੱਲ ਕੀਤੀ। ਗੁਰਮੀਤ ਸਿੰਘ ਲੈਕਚਰਾਰ ਨੇ ਸ਼੍ਰੀ ਸੋਮ ਨਾਥ ਨਾਲ ਬਿਤਾਏ ਪਲਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਮੈਡਮ ਸੁਖਜਿੰਦਰ ਕੌਰ ਨੇ ਸ਼੍ਰੀ ਸੋਮ ਨਾਥ ਦੀ ਸ਼ਾਨ ਵਿੱਚ ਮਾਨ-ਪੱਤਰ ਪੜ੍ਹਿਆ। ਸ਼੍ਰ: ਅਮਰਜੀਤ ਸਿੰਘ ਦੁਲੱਦੀ ਮੁੱਖ-ਅਧਿਆਪਕ ਸ.ਹ.ਸ. ਬੀਨਾਹੇੜੀ ਨੇ ਸ਼੍ਰੀ ਸੋਮ ਨਾਥ ਨਾਲ 1984 ਤੋਂ ਸਰਵਿਸ ਵਿੱਚ ਇਕੱਠੇ ਆਉਣ, ਇੱਕੋ ਸਕੂਲਾਂ 'ਚ ਕੰਮ ਕਰਨ ਅਤੇ ਇਕੱਠੇ ਰਹਿਣ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ ਅਤੇ ਇਸ ਦੋਸਤੀ ਤੋਂ ਪਰਿਵਾਰਕ ਸਾਂਝ ਤੱਕ ਰਿਸਤਾ ਨਿਭਾਉਣ ਦੀ ਗੱਲ ਕੀਤੀ। ਸ਼ੰਢੋਰੀਆ ਖਾਂ ਨੇ ਉਨ੍ਹਾਂ ਦੀ ਸ਼ਖਸ਼ੀਅਤ ਬਾਰੇ ਗੀਤ ਪੇਸ਼ ਕੀਤਾ। ਪਿੰਸੀਪਲ ਸ਼੍ਰੀ ਰਮਨਦੀਪ ਨੇ ਸ਼੍ਰੀ ਸੋਮ ਨਾਥ ਦੀ ਇਮਾਨਦਾਰੀ ਅਤੇ ਸਕੂਲ ਦੇ ਹਰੇਕ ਕੰਮ ਨੂੰ ਲਗਨ ਅਤੇ ਸਹਜਤਾ ਨਾਲ ਸਮੇਂ ਸਿਰ ਕਰਨ ਦੀ ਪ੍ਰਸੰਸਾ ਕੀਤੀ। ਉਨ੍ਹਾਂ ਨੇ ਲੰਬਾ ਸਮਾਂ ਚਰਚਿਤ ਪੀ.ਟੀ.ਏ.ਫੰਡ ਦੇ ਇੰਚਾਰਜ ਵਜੋਂ ਇਸ ਫੰਡ ਦੀ ਸਹੀ ਵਰਤੋਂ ਕਰਕੇ ਸੇਵਾ ਨਿਭਾਉਣ ਤੇ ਸ਼੍ਰੀ ਸੋਮ ਨਾਥ ਦਾ ਧੰਨਵਾਦ ਕੀਤਾ। ਸਟੇਜ ਸੈਕਟਰੀ ਸ਼੍ਰ: ਦਲਜੀਤ ਸਿੰਘ ਲੈਕਚਰਾਰ ਨੇ ਪ੍ਰੋਗਰਾਮ ਦਾ ਸੰਚਾਲਣ ਵਧੀਆ ਢੰਗ ਨਾਲ ਕਰਦੇ ਹੋਏ ਸ਼੍ਰੀ ਸੋਮ ਨਾਥ ਦੇ ਵਿਲੱਖਣ ਕੰਮਾਂ ਦੀ ਨਾਲੋ-ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਆਪ ਹਮੇਸ਼ਾਂ ਹੀ ਗਰੀਬ ਹੁਸ਼ਿਆਰ ਵਿਦਿਆਰਥੀਆਂ ਦੀ ਹਰ ਤਰ੍ਹਾਂ ਦੀ ਮਦਦ ਅਤੇ ਕਿੱਤਾ ਚੋਣ ,ਵੱਖ ਵੱਖ ਵਿਭਾਗਾਂ ਵਿੱਚ ਨੌਕਰੀ ਦਿਵਾਉਣ ਆਦਿ ਲਈ ਯੋਗ ਅਗਵਾਈ ਕਰਦੇ ਰਹੇ ਹਨ। ਪ੍ਰਿੰਸੀਪਲ ਸ਼੍ਰੀ ਰਮਨਦੀਪ ਅਤੇ ਸਮੂਹ ਸਟਾਫ ਵਲੋਂ ਸ਼੍ਰੀ ਸੋਮ ਨਾਥ ਨੂੰ ਸੋਨੇ ਦੀ ਮੁੰਦਰੀ ਸਨਮਾਨ ਵਜੋਂ ਭੇਂਟ ਕੀਤੀ ਅਤੇ ਉਨ੍ਹਾਂ ਦੀ ਸੁਪਤਨੀ ਸ਼੍ਰੀਮਤੀ ਰਾਜਪਾਲ ਕੌਰ, ਬੇਟੀ ਅਮਨਜੋਤ ਕੌਰ, ਬੇਟਾ ਖੁਸ਼ਵੀਰ ਸਿੰਘ , ਭੈਣ ਰਾਣੋ, ਭਣੋਈਆ ਹਰਬੰਸ ਸਿੰਘ,ਸਾਲੇ ਹਰਬੰਸ ਸਿੰਘ, ਸਤਨਾਮ ਸਿੰਘ ਅਤੇ ਪਰਿਵਾਰਕ ਮੈਂਬਰਾਂ ਦਾ ਸਨਮਾਨ ਕੀਤਾ ਗਿਆ। ਨਾਨ-ਟੀਚਿੰਗ ਸਟਾਫ ਵਲੋਂ ਵੀ ਉਨ੍ਹਾਂ ਦਾ ਗਿਫਟ ਦੇ ਕੇ ਸਨਮਾਨ ਕੀਤਾ। ਸ਼੍ਰ: ਅਮਰਜੀਤ ਸਿੰਘ ਦੁਲੱਦੀ, ਸੰਢੋਰੀਆ ਖਾਂ ਅਤੇ ਮੇਜਰ ਸਿੰਘ ਨਾਭਾ ਵਲੋਂ ਸ਼੍ਰੀ ਸੋਮ ਨਾਥ ਦਾ ਗਿਫਟਾਂ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਸਹੁਰਾ ਪਰਿਵਾਰ ਵਲੋਂ ਵੀ ਸੋਨੇ ਦੀ ਮੁੰਦਰੀ ਉਨ੍ਹਾਂ ਨੂੰ ਭੇਟ ਕੀਤੀ ਗਈ।ਅਖੀਰ 'ਚ ਸ਼੍ਰੀ ਸੋਮ ਨਾਥ ਨੇ ਆਪਣੀ ਜ਼ਿੰਦਗੀ ਦੇ ਅਹਿਮ ਸਮੇਂ ਨੂੰ ਇਸ ਸਕੂਲ ਦੇ ਵਿੱਚ ਬਤੀਤ ਕਰਨ ਸਮੇਂ ਆਏ ਔਖੇ ਸਮੇਂ ਸਮੂਹ ਸਟਾਫ ਦੀ ਹਰ ਕਿਸਮ ਦੀ ਮਦਦ ਦੇਣ ਤੇ ਧੰਨਵਾਦ ਕੀਤਾ।ਉਨ੍ਹਾਂ ਨੇ ਸਕੂਲ ਨੂੰ ਕਿਸੇ ਵੀ ਸਮੇਂ ਉਨ੍ਹਾਂ ਦੀਆਂ ਸੇਵਾਵਾਂ ਦੀ ਲੋੜ ਪੈਣ ਤੋ ਆਪਣੀਆਂ ਸੇਵਾਵਾਂ ਦੇਣ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਵਲੋਂ ਸਕੂਲ ਲਈ 10 ਹਜਾਰ ਰੁਪਏ ਦਾਨ ਵਜੋਂ ਦਿੱਤੇ ਗਏ।ਦਰਜਾ ਚਾਰ ਕਰਮਚਾਰੀਆਂ ਅਤੇ ਉਨ੍ਹਾਂ ਨਾਲ ਆਏ ਦੋਸਤਾਂ ਅਤੇ ਰਿਸਤੇਦਾਰਾਂ ਨੂੰ ਉਨ੍ਹਾਂ ਵਲੋਂ ਗਿਫਟ ਦੇ ਕੇ ਸਨਮਾਨਿਆ ਗਿਆ।



**– ਮੇਜਰ ਸਿੰਘ ਨਾਭਾ**

# ਪੰਜ ਸੂਬਿਆਂ ਦੇ ਚੋਣ ਨਤੀਜੇ ਭਾਜਪਾ ਦਾ ਭਰਮ ਤੋੜ ਦੇਣਗੇ?

**ਪਿਛਲੇ ਸਮੇਂ 'ਚ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਵਿੱਚ ਮੁੱਖ ਮੁਕਾਬਲਾ ਭਾਜਪਾ ਅਤੇ ਕਾਂਗਰਸ ਦਰਮਿਆਨ ਹੁੰਦਾ ਰਿਹਾ ਹੈ। ਮੱਧਪ੍ਰਦੇਸ਼ 'ਚ ਭਾਜਪਾ ਮੁੱਖਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੀ ਅਗਵਾਈ 'ਚ 15 ਸਾਲਾਂ ਤੋਂ ਰਾਜ ਕਰ ਰਹੀ ਹੈ, ਛੱਤੀਸਗੜ੍ਹ 'ਚ ਭਾਜਪਾ ਦਾ ਮੁੱਖ ਮੰਤਰੀ ਡਾ: ਰਮਨ ਸਿੰਘ 15 ਸਾਲਾਂ ਤੋਂ ਗੱਦੀ ਉਤੇ ਕਾਬਜ਼ ਹੈ। ਪ੍ਰੰਤੂ ਇਸ ਵੇਰ ਛੱਤੀਸਗੜ੍ਹ ਵਿੱਚ ਸਾਬਕਾ ਬਾਗੀ ਕਾਂਗਰਸੀ ਮੁੱਖਮੰਤਰੀ ਅਜੀਤ ਜੋਗੀ ਦੀ ਨਵੀਂ ਗਠਿਤ ਜਨਤਾ ਕਾਂਗਰਸ (ਜੋਗੀ), ਬਹੁਜਨ ਸਮਾਜ ਪਾਰਟੀ ਅਤੇ ਸੀ ਪੀ ਆਈ ਗੱਠਜੋੜ ਤੀਜੀ ਧਿਰ ਵਲੋਂ ਚੋਣਾਂ ਲੜ ਰਹੀ ਹੈ। ਬਹੁਜਨ ਸਮਾਜ ਪਾਰਟੀ ਦੇ ਕਾਰਨ ਮੱਧ ਪ੍ਰਦੇਸ਼ ਵਿੱਚ ਵੀ ਕਾਂਗਰਸ ਭਾਜਪਾ 'ਚ ਸਿੱਧਾ ਮੁਕਾਬਲਾ ਨਹੀਂ ਰਿਹਾ। ਤਿਲੰਗਾਨਾ ਵਿੱਚ ਟੀ ਆਰ ਐਸ ਅਤੇ ਕਾਂਗਰਸ ਦੀ ਅਤੇ ਖੱਬੀਆਂ ਧਿਰਾਂ ਦਾ ਸੰਯੁੱਕਤ ਮੋਰਚਾ ਮੈਦਾਨ ਵਿੱਚ ਹੈ ਅਤੇ ਮਿਜ਼ੋਰਮ 'ਚ ਕਾਂਗਰਸ ਅਤੇ ਮੀਜ਼ੋ ਨੈਸ਼ਨਲ ਫਰੰਟ ਇੱਕ ਪਾਸੇ ਅਤੇ ਦੂਜੇ ਪਾਸੇ ਮੀਜ਼ੋ ਨੈਸ਼ਨਲ ਕਾਂਗਰਸ ਖੜੇ ਹਨ।**



ਗੁਰਮੀਤ ਸਿੰਘ ਪਲਾਹੀ
91-98158-02070

ਚੋਣ ਕਮਿਸ਼ਨ ਵਲੋਂ ਦੇਸ਼ ਵਿੱਚ ਹੋ ਰਹੀਆਂ ਪੰਜ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ ਨਤੀਜੇ 11 ਦਸੰਬਰ 2019 ਨੂੰ ਐਲਾਨੇ ਜਾਣਗੇ। ਇਸ ਸਮੇਂ ਛੱਤੀਸਗੜ੍ਹ ਸੂਬੇ 'ਚ ਦੋ ਪੜ੍ਹਾਵਾਂ ਵਿੱਚ ਵੋਟਾਂ ਪੈ ਚੁੱਕੀਆਂ ਹਨ। ਦੋ ਰਾਜਾਂ ਮਿਜ਼ੋਰਮ ਅਤੇ ਮੱਧ ਪ੍ਰਦੇਸ਼ ਵਿੱਚ ਵੋਟਾਂ ਇੱਕ ਪੜ੍ਹਾਅ 'ਚ 28 ਨਵੰਬਰ ਨੂੰ ਅਤੇ ਦੂਜੇ ਦੋ ਰਾਜਾਂ ਰਾਜਸਥਾਨ, ਤਿਲੰਗਾਨਾ ਵਿੱਚ ਵੋਟਾਂ 7 ਦਸੰਬਰ ਨੂੰ ਪੈਣਗੀਆਂ। ਇਸ ਸਮੇਂ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਉਤੇ ਭਾਜਪਾ ਰਾਜ ਕਰ ਰਹੀ ਹੈ, ਜਦਕਿ ਮਿਜ਼ੋਰਮ 'ਚ ਕਾਂਗਰਸ ਅਤੇ ਤਿਲੰਗਾਨਾ 'ਚ ਤਿਲੰਗਾਨਾ ਰਾਸ਼ਟਰੀ ਸਮਿਥੀ ਦਾ ਰਾਜ ਹੈ। ਇਹਨਾ ਪੰਜਾਂ ਸੂਬਿਆਂ ਦੇ ਵਿਧਾਨ ਸਭਾ ਨਤੀਜੇ ਅਤਿਅੰਤ ਮਹੱਤਵਪੂਰਨ ਮੰਨੇ ਜਾ ਰਹੇ ਹਨ ਕਿਉਂਕਿ ਸਿਆਸੀ ਪਾਰਟੀਆਂ ਦਾ ਵਿਧਾਨ ਸਭਾਈ ਚੋਣਾਂ 'ਚ ਕੀਤਾ ਪ੍ਰਦਰਸ਼ਨ ਆਉਣ ਵਾਲੀਆਂ 2019 ਦੀਆਂ ਸੰਸਦ ਚੋਣਾਂ ਦੀ ਨੀਤੀ ਤਹਿ ਕਰੇਗਾ। ਜੇਕਰ ਇਹਨਾ ਚੋਣਾਂ ਵਿੱਚ ਭਾਜਪਾ ਦੇ ਹੱਕ ਵਿੱਚ ਨਤੀਜੇ ਨਹੀਂ ਆਉਂਦੇ ਤਾਂ ਇਹ ਉਸ ਲਈ ਬਹੁਤ ਹੀ ਘਾਤਕ ਹੋਏਗਾ। ਪਿਛਲੇ ਸਾਢੇ ਚਾਰ ਸਾਲਾਂ ਵਿੱਚ ਭਾਜਪਾ ਦੀ ਚੋਣ ਮਸ਼ੀਨਰੀ ਜੋ ਸਦਾ ਜੇਤੂ ਰੱਥ ਉਤੇ ਸਵਾਰੀ ਕਰਦੀ ਰਹੀ, ਉਸਦਾ ਭਰਮ ਪਿਛਲੇ ਸਾਢੇ ਚਾਰ ਸਾਲਾਂ ਵਿੱਚ ਟੁੱਟਿਆ ਹੈ ਅਤੇ ਬਹੁਤੀਆਂ ਵਿਧਾਨ ਸਭਾ ਚੋਣਾਂ ਅਤੇ ਸੰਸਦ ਚੋਣਾਂ 'ਚ ਉਸਨੂੰ ਹਾਰ ਦਾ ਮੂੰਹ ਵੇਖਣਾ ਪਿਆ ਹੈ। ਜੇਕਰ ਇਹਨਾ ਸੂਬਿਆਂ ਵਿੱਚ ਚੋਣ ਨਤੀਜੇ ਉਸਦੇ ਹੱਕ ਵਿੱਚ ਨਹੀਂ ਨਿਕਲਦੇ ਤਾਂ ਨਰੇਂਦਰ ਮੋਦੀ ਅਤੇ ਅਮਿਤ ਸ਼ਾਹ ਦੀ ਕ੍ਰਿਸ਼ਮੇ ਦਿਖਾਉਣ ਵਾਲੀ ਜੋੜੀ ਦੀ ਕਾਰਗੁਜ਼ਾਰੀ ਉਤੇ ਪ੍ਰਸ਼ਨ ਚਿੰਨ ਲੱਗਣਗੇ ਅਤੇ ਉਹਨਾ ਵਲੋਂ ਪਿਛਲੇ ਸਮੇਂ 'ਚ ਕੀਤੀਆਂ ਮਨਮਰਜ਼ੀਆਂ ਉਤੇ ਵੀ ਸਵਾਲ ਉਠਣਗੇ? ਸਿੱਟੇ ਵਜੋਂ ਭਾਜਪਾ ਦੇ ਅੰਦਰ ਗੁੱਟਬਾਜੀ, ਨੇਤਾਵਾਂ ਵਲੋਂ ਦਲਬਦਲੀ ਜਿਹੀਆਂ ਘਟਨਾਵਾਂ ਵੱਧ ਸਕਦੀਆਂ ਹਨ, ਜਿਹਨਾ ਦੀ ਸ਼ੁਰੂਆਤ ਵਿਧਾਨ ਸਭਾ ਚੋਣਾਂ 'ਚ ਵੇਖਣ ਨੂੰ ਮਿਲ ਰਹੀ ਹੈ।

ਪਿਛਲੇ ਸਮੇਂ 'ਚ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਵਿੱਚ ਮੁੱਖ ਮੁਕਾਬਲਾ ਭਾਜਪਾ ਅਤੇ ਕਾਂਗਰਸ ਦਰਮਿਆਨ ਹੁੰਦਾ ਰਿਹਾ ਹੈ। ਮੱਧਪ੍ਰਦੇਸ਼ 'ਚ ਭਾਜਪਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੀ ਅਗਵਾਈ 'ਚ 15 ਸਾਲਾਂ ਤੋਂ ਰਾਜ ਕਰ ਰਹੀ ਹੈ, ਛੱਤੀਸਗੜ੍ਹ 'ਚ ਭਾਜਪਾ ਦਾ ਮੁੱਖ ਮੰਤਰੀ ਡਾ: ਰਮਨ ਸਿੰਘ 15 ਸਾਲਾਂ ਤੋਂ ਗੱਦੀ ਉਤੇ ਕਾਬਜ਼ ਹੈ। ਪ੍ਰੰਤੂ ਇਸ ਵੇਰ ਛੱਤੀਸਗੜ੍ਹ ਵਿੱਚ ਸਾਬਕਾ ਬਾਗੀ ਕਾਂਗਰਸੀ ਮੁੱਖ ਮੰਤਰੀ ਅਜੀਤ ਜੋਗੀ ਦੀ ਨਵੀਂ ਗਠਿਤ ਜਨਤਾ ਕਾਂਗਰਸ (ਜੋਗੀ), ਬਹੁਜਨ ਸਮਾਜ ਪਾਰਟੀ ਅਤੇ ਸੀ ਪੀ ਆਈ ਗੱਠਜੋੜ ਤੀਜੀ ਧਿਰ ਵਲੋਂ ਚੋਣਾਂ ਲੜ ਰਹੀ ਹੈ। ਬਹੁਜਨ ਸਮਾਜ ਪਾਰਟੀ ਦੇ ਕਾਰਨ ਮੱਧ ਪ੍ਰਦੇਸ਼ ਵਿੱਚ ਵੀ ਕਾਂਗਰਸ ਭਾਜਪਾ 'ਚ ਸਿੱਧਾ ਮੁਕਾਬਲਾ ਨਹੀਂ ਰਿਹਾ। ਤਿਲੰਗਾਨਾ ਵਿੱਚ ਟੀ ਆਰ ਐਸ ਅਤੇ ਕਾਂਗਰਸ ਦੀ ਅਤੇ ਖੱਬੀਆਂ ਧਿਰਾਂ ਦਾ ਸੰਯੁੱਕਤ ਮੋਰਚਾ ਮੈਦਾਨ ਵਿੱਚ ਹੈ ਅਤੇ ਮਿਜ਼ੋਰਮ 'ਚ ਕਾਂਗਰਸ ਅਤੇ ਮੀਜ਼ੋ ਨੈਸ਼ਨਲ ਫਰੰਟ ਇੱਕ ਪਾਸੇ ਅਤੇ ਦੂਜੇ ਪਾਸੇ ਮੀਜ਼ੋ ਨੈਸ਼ਨਲ ਕਾਂਗਰਸ ਖੜੇ ਹਨ। ਜਿਸ ਕਿਸਮ ਦੀ ਤਸਵੀਰ ਇਸ ਵੇਲੇ ਬਣੀ ਹੋਈ ਹੈ ਉਸ ਅਨੁਸਾਰ ਸਿਆਸੀ ਦਲਾਂ ਵਿੱਚ ਆਪਸੀ ਮੁਕਾਬਲਾ ਤਕੜਾ ਹੈ। ਇੱਕ ਪਾਸੇ ਕਾਂਗਰਸ ਲਈ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ "ਕਰੋ ਜਾਂ ਮਰੋ" ਵਾਲੀ ਸਥਿਤੀ ਹੈ ਉਥੇ ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿੱਚ ਪੰਦਰਾਂ ਸਾਲਾਂ ਤੋਂ ਸੱਤਾ ਉਤੇ ਕਾਬਜ ਭਾਜਪਾ ਲਈ "ਸੱਤਾ ਵਿਰੋਧੀ" ਰੁਝਾਨ ਨੂੰ ਠੱਲ ਪਾਉਣੀ ਔਖੀ ਹੋਈ ਪਈ ਹੈ। ਰਾਜਸਥਾਨ ਵਿੱਚ ਭਾਜਪਾ ਮੁੱਖਮੰਤਰੀ ਵਸੁੰਦਰਾ ਰਾਜੇ ਦੀ ਹਰਮਨ ਪਿਆਰਤਾ ਉਤੇ ਵੱਡੇ ਸਵਾਲ ਖੜੇ ਨਜ਼ਰ ਆ ਰਹੇ ਹਨ। ਮੱਧ ਪ੍ਰਦੇਸ਼ ਵਿੱਚਲੇ ਬਹੁਚਰਚਿਤ ਮੁੱਖ ਮੰਤਰੀ ਸ਼ਿਵਰਾਜ ਜੋ ਖੁਦ ਇੱਕ ਬ੍ਰਾਂਡ ਹੈ, ਉਸ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪ੍ਰਚਾਰ ਦੀ ਚੌਥੀ ਵੇਰ ਜੇਤੂ ਹੋਣ ਲਈ ਲੋੜ ਪੈ ਰਹੀ ਹੈ। ਪ੍ਰਧਾਨ ਮੰਤਰੀ ਜਿਹੜੇ ਪਿਛਲੇ ਸਮੇਂ ਵਿੱਚ ਉਹਨਾ ਵੋਟਰਾਂ ਨੂੰ ਆਪਣੇ ਹੱਕ 'ਚ ਕਰਨ ਦੀ ਸਮਰੱਥਾ ਰੱਖਦੇ ਸਨ, ਜਿਹੜੇ ਅਸੰਜਮ ਦੀ ਸਥਿਤੀ ਵਿੱਚ ਹੁੰਦੇ ਹਨ, ਪਰ ਇਸ ਵੇਰ ਉਹਨਾ ਸਾਹਮਣੇ ਵੀ ਵੱਡੀਆਂ ਚਣੌਤੀਆਂ ਹਨ। ਨੋਟ ਬੰਦੀ, ਜੀ ਐਸ ਟੀ, ਰਫੇਲ ਵਰਗੇ ਸੌਦਿਆਂ, ਸੀ ਬੀ ਆਈ ਦੇ ਕਾਟੋ ਕਲੇਸ਼ ਅਤੇ ਆਰ ਬੀ ਆਈ ਨਾਲ ਸਰਕਾਰ ਦੇ ਪੰਗੇ ਕਾਰਨ, ਪ੍ਰਧਾਨ ਮੰਤਰੀ ਦੇ ਬੋਲਾਂ ਉਤੇ ਵੀ ਅਵਿਸ਼ਵਾਸ ਦੇ ਬੱਦਲ ਮੰਡਰਾ ਰਹੇ ਹਨ। ਦੂਜੇ ਪਾਸੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੇ ਸਰਕਾਰ ਉਤੇ ਤਾਬੜਤੋੜ ਹਮਲਿਆਂ ਕਾਰਨ ਉਹਨਾ ਦੀ ਹਰਮਨ ਪਿਆਰਤਾ ਵਿੱਚ ਵਾਧਾ ਹੋਇਆ ਹੈ ਅਤੇ ਉਹਨਾ ਦੀ ਲੋਕਾਂ ਵਿੱਚ ਨਕਾਰਾਤਮਕ ਦਿੱਖ ਬਦਲੀ ਹੈ।

ਪਿਛਲਾ ਇਤਹਾਸ ਦੱਸਦਾ ਹੈ ਕਿ ਮੱਧ ਪ੍ਰਦੇਸ਼ ਵਿੱਚ ਕਾਂਗਰਸ, ਆਪਸੀ ਕਾਟੋ ਕਲੇਸ਼ ਕਾਰਨ ਹਾਰਦੀ ਰਹੀ ਹੈ। ਮੱਧ ਪ੍ਰਦੇਸ਼ 'ਚ ਤਿੰਨ ਵੱਡੇ ਕਾਂਗਰਸੀ ਨੇਤਾ ਹਨ ਕਮਲ ਨਾਥ, ਜੋਤੀਰਾਦਿਤੀਆ ਸਿੰਧੀਆ ਅਤੇ ਦਿਗਵਿਜੈ ਸਿੰਘ। ਇਹ ਤਿੰਨੋ ਨੇਤਾ ਇਸ ਵੇਰ ਆਪੋ-ਆਪਣੇ ਪ੍ਰਭਾਵ ਵਾਲੇ ਖੇਤਰ 'ਚ ਕਾਂਗਰਸ ਨੂੰ ਜਿਤਾਉਣ ਲਈ ਜ਼ੋਰ ਲਗਾ ਰਹੇ ਹਨ। ਮੱਧ ਪ੍ਰਦੇਸ਼ ਦੇ ਕਿਸਾਨ ਨਾਰਾਜ਼ ਹਨ, ਉਥੇ ਬੇਰੁਜ਼ਗਾਰੀ ਅੰਤਾਂ ਦੀ ਹੈ, ਭਾਜਪਾ ਦੇ ਪੰਦਰਾ ਸਾਲਾਂ ਦੇ ਰਾਜਭਾਗ ਦੀ ਵਿਰੋਧੀ ਹਵਾ ਵੀ ਸੂਬੇ 'ਚ ਚੱਲ ਰਹੀ ਹੈ। ਛੱਤੀਸਗੜ੍ਹ ਦੀ ਸਥਿਤੀ ਵੀ ਕੁੱਝ ਇਹੋ ਜਿਹੀ ਹੀ ਹੈ। ਜੇਕਰ ਤਿਕੋਨੇ ਮੁਕਾਬਲਿਆਂ ਨੇ ਇਹਨਾ ਦੋਹਾਂ ਸੂਬਿਆਂ 'ਚ ਬਹੁਤਾ ਅਸਰ ਨਾ ਪਾਇਆ ਤਾਂ ਨਤੀਜੇ ਕਾਂਗਰਸ ਦੇ ਹੱਕ ਵਿੱਚ ਹੋ ਸਕਦੇ ਹਨ। ਪਰ ਰਾਜਸਥਾਨ ਵਿੱਚ ਭਾਜਪਾ ਦਾ ਹਾਰਨਾ ਆਮ ਤੌਰ 'ਤੇ ਸਿਆਸੀ ਪੰਡਤਾਂ ਵਲੋਂ ਤਹਿ ਮੰਨਿਆ ਜਾ ਰਿਹਾ ਹੈ। ਰਾਜਸਥਾਨ ਵਿੱਚ ਅਸ਼ੋਕ ਗਹਿਲੋਤ ਅਤੇ ਸਚਿਨ ਪਾਇਲਟ ਵਲੋਂ ਕਾਂਗਰਸ ਨੂੰ ਜਿਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ। ਮਿਜ਼ੋਰਮ 'ਚ ਕਾਂਗਰਸ ਨੇ ਲੰਮਾ ਸਮਾਂ ਰਾਜ ਕੀਤਾ ਹੈ। ਇਸ ਕਰਕੇ ਕਾਂਗਰਸ ਵਿਰੋਧੀ ਪਾਰਟੀਆਂ ਮਿਜ਼ੋ ਨੈਸ਼ਨਲ ਫਰੰਟ ਅਤੇ ਮਿਜ਼ੋ ਨੈਸ਼ਨਲ ਕਾਂਗਰਸ ਦੇ ਹੱਕ 'ਚ ਮਾਹੌਲ ਇਸ ਕਰਕੇ ਬਣ ਸਕਦਾ ਹੈ ਕਿ ਉਸ ਖਿਲਾਫ ਸੱਤਾ ਵਿਰੋਧੀ ਹਵਾ ਸੂਬੇ 'ਚ ਚੱਲ ਰਹੀ ਹੈ ਤਿਲੰਗਾਨਾ ਵਿੱਚ ਕਾਂਗਰਸ ਦੀ ਅਗਵਾਈ 'ਚ ਬਣਿਆ ਗੱਠਜੋੜ ਟੀ ਆਰ ਐਸ ਵਿਰੁੱਧ ਚੰਗੀ ਲੜਾਈ ਪੇਸ਼ ਕਰ ਰਿਹਾ ਹੈ। ਇਹਨਾ ਸਾਰੀਆਂ ਸਥਿਤੀਆਂ 'ਚ ਇੱਕ ਗੱਲ ਤਾਂ ਬਿਲਕੁਲ ਸਾਫ ਹੈ ਕਿ ਕਾਂਗਰਸ ਜਾਂ ਭਾਜਪਾ ਵਿੱਚੋਂ ਕੋਈ ਵੀ ਸਿਆਸੀ ਧਿਰ ਪੰਜੇ ਸੂਬਿਆਂ ਵਿੱਚ ਤਾਕਤ ਹਾਸਲ ਨਹੀਂ ਕਰ ਸਕਦੀ। ਇਸ ਗੱਲ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਿਸੇ ਸੂਬੇ 'ਚ ਭਾਜਪਾ ਆਪਣੀ ਸੱਤਾ ਬਚਾ ਲਵੇ ਅਤੇ ਕਿਸੇ ਹੋਰ ਸੂਬੇ 'ਚ ਕਾਂਗਰਸ ਉਸ ਕੋਲੋਂ ਸੱਤਾ ਹੱਥਿਆ ਲਵੇ। ਜੇਕਰ ਨਤੀਜੇ ਰਲਵੇਂ-ਮਿਲਵੇਂ ਹੋਏ ਤਾਂ 2019 ਕੌਣ ਦੇਸ਼ ਦੀ ਸੱਤਾ ਉਤੇ ਕਾਬਜ਼ ਹੋਏਗਾ, ਇਹ ਵੱਡਾ ਸਵਾਲ ਤਾਂ ਖੜਾ ਕਰੇਗਾ ਹੀ, ਪਰ ਦੇਸ਼ ਦੀ ਸੱਤਾ ਹਥਿਆਉਣ ਦੀ ਲੜਾਈ ਹੋਰ ਵੀ ਔਖੀ ਹੋ ਜਾਏਗੀ। ਸੂਬਿਆਂ ਦੀਆਂ ਚੋਣਾਂ 'ਚ ਭਾਜਪਾ ਦੀ ਹਾਰ ਵਿਰੋਧੀ ਧਿਰਾਂ ਦੀ ਆਪਸੀ ਇੱਕਜੁੱਟਦਾ ਦਾ ਸਵੱਬ ਬਣੇਗੀ, ਪਰ ਜੇਕਰ ਕਾਂਗਰਸ ਇਹਨਾ ਚੋਣਾਂ 'ਚ ਪ੍ਰਭਾਵੀ ਸਿੱਟੇ ਪ੍ਰਾਪਤ ਨਹੀਂ ਕਰਦੀ, ਤਾਂ ਇਹਨਾ ਸੂਬਿਆਂ 'ਚ ਕਾਂਗਰਸ ਦੀ ਤਾਕਤ ਨੂੰ ਖੋਰਾ ਲੱਗੇਗਾ ਅਤੇ ਕਾਂਗਰਸ ਦੇ ਇਸ ਵੇਲੇ ਜੋਸ਼ ਵਿੱਚ ਆਏ ਕਾਰਕੁਨਾ ਦਾ ਦਿਲ ਟੁੱਟ ਜਾਏਗਾ। ਉਂਜ ਵੀ ਕਾਂਗਰਸ, ਜੋ ਵਿਰੋਧੀ ਧਿਰਾਂ ਨੂੰ ਆਪ ਧੁਰਾ ਬਣਕੇ ਇੱਕ ਪਲੇਟਫਾਰਮ 'ਤੇ ਇਕੱਠੇ ਕਰਨ ਲਈ ਯਤਨਸ਼ੀਲ ਹੈ, ਉਸਦਾ ਇਹ ਸੁਫਨਾ ਟੁੱਟਣ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਣਗੀਆਂ। ਦੇਸ਼ ਵਿੱਚ ਇਸ ਵੇਲੇ ਲੋਕਾਂ 'ਚ ਭਾਜਪਾ ਸਰਕਾਰ ਪ੍ਰਤੀ ਨਾ-ਉਮੀਦੀ ਦਾ ਮਾਹੌਲ ਉਸਰ ਚੁੱਕਾ ਹੈ, ਕਿਉਂਕਿ ਲੋਕ ਵੱਧ ਰਹੀ ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਅਤੇ ਵੱਧ ਰਹੀਆਂ ਤੇਲ ਕੀਮਤਾਂ ਕਾਰਨ ਬੇਹੱਦ ਪ੍ਰੇਸ਼ਾਨ ਹਨ।

ਕਿਸਾਨਾਂ ਦਾ ਸਰਕਾਰ ਤੋਂ ਵਿਸ਼ਵਾਸ ਟੁੱਟ ਚੁੱਕਾ ਹੈ, ਮੁਲਾਜ਼ਮ-ਮਜ਼ਦੂਰ ਸਰਕਾਰ ਤੇ ਯਕੀਨ ਨਹੀਂ ਕਰ ਰਹੇ। ਨੌਜਵਾਨ, ਜਿਹਨਾ ਤੋਂ ਹਰ ਵਰ੍ਹੇ ਕਰੋੜਾਂ ਨੌਕਰੀਆਂ ਦੇਣ ਦਾ ਝਾਂਸਾ ਦੇਕੇ ਪਿਛਲੀਆਂ ਚੋਣਾਂ 'ਚ ਵੋਟ ਅਟੇਰੇ ਗਏ ਸਨ, ਸਰਕਾਰ ਤੋਂ ਪੂਰੀ ਤਰ੍ਹਾਂ ਦੂਰੀ ਬਣਾਕੇ ਬੈਠ ਗਏ ਹਨ। ਵਿਰੋਧੀ ਧਿਰ ਜੇਕਰ ਅਸਥਿਰ ਵੋਟਰਾਂ ਨੂੰ ਆਪਣੇ ਪੱਖ 'ਚ ਵੋਟਾਂ ਪਾਉਣ ਲਈ ਤਿਆਰ ਕਰਨ 'ਚ ਕਾਮਯਾਬ ਹੋ ਜਾਂਦੀ ਹੈ ਤਾਂ ਭਾਜਪਾ ਦਾ ਇਹਨਾ ਸੂਬਾਈ ਚੋਣਾਂ 'ਚ ਹਾਰਨਾ ਤਹਿ ਤਾਂ ਹੋਏਗਾ ਹੀ, ਪਰ ਇਸਦੇ ਕ੍ਰਿਸ਼ਮਈ ਨੇਤਾਵਾਂ ਦਾ ਸਦਾ ਅਜੈਤੂ ਰਹਿਣ ਦਾ ਭਰਮ ਵੀ ਟੁੱਟ ਜਾਏਗਾ।

---

# 'ਤਾਇਆ ਜੀ'



ਬਲਵੀਰ ਮੰਨਣ
91-94173-45485

ਪਿਛਲੇ ਦਿਨੀਂ ਜਦੋਂ ਮੈਂ ਬਤੌਰ ਸਕੂਲ ਮੁਖੀ ਤਰੱਕੀ ਲੈ ਕੇ ਪਿੰਡ ਕੰਧਾਲਾ ਗੁਰੂ ਦੇ ਪ੍ਰਾਇਮਰੀ ਸਕੂਲ ਵਿਖੇ ਆਇਆ ਹਾਂ ਤਾਂ ਮੈਨੂੰ ਓਥੇ ਇੱਕ ਬੜੇ ਪਿਆਰੇ ਤੇ ਰੂਹ ਵਾਲ਼ੇ ਸ਼ਖ਼ਸ ਮਿਲੇ ਹਨ, ਜਿਨ੍ਹਾਂ ਨੂੰ ਸਾਰੇ ਸਤਿਕਾਰ ਨਾਲ 'ਤਾਇਆ ਜੀ' ਆਖ ਕੇ ਬੁਲਾਉਂਦੇ ਹਨ। ਸਕੂਲ ਦੇ ਬੱਚੇ ਅਤੇ ਪਿੰਡ ਦੇ ਹੋਰ ਲੋਕ (ਕਿਉਂਕਿ 'ਤਾਇਆ ਜੀ' ਸ਼ਬਦ ਉਨ੍ਹਾਂ ਨਾਲ ਇਕਮਿਕ ਹੀ ਹੋ ਗਿਆ ਹੈ) ਹੀ ਨਹੀਂ ਬਲਕਿ ਸਕੂਲ ਵਿੱਚ ਪੜ੍ਹਾ ਰਹੇ ਅਤੇ ਏਥੋਂ ਪੜ੍ਹਾ ਕੇ ਗਏ, ਅਤੇ ਆਸ-ਪਾਸ ਦੇ ਸਕੂਲਾਂ ਦੇ ਹੋਰ ਅਧਿਆਪਕ ਵੀ ਉਨ੍ਹਾਂ ਨੂੰ 'ਤਾਇਆ ਜੀ' ਆਖ ਕੇ ਹੀ ਸੰਬੋਧਿਤ ਹੁੰਦੇ ਹਨ। ਅਸਲ ਵਿੱਚ ਇਹ ਸ਼ਬਦ ਉਨ੍ਹਾਂ ਦੁਆਰਾ ਸਕੂਲ ਲਈ ਕੀਤੀ ਗਈ ਵਰ੍ਹਿਆਂ ਦੀ ਘਾਲਣਾ ਦਾ ਪ੍ਰਤਿਫ਼ਲ ਹੈ।

ਤਾਇਆ ਜੀ ਦੀ ਉਮਰ ਲਗਭਗ ਤਿਹੱਤਰ ਸਾਲ ਹੈ ਤੇ ਹੁਣ ਉਨ੍ਹਾਂ ਦੀ ਤੋਰ ਕੁਝ ਬਜ਼ੁਰਗਾਂ ਵਾਲੀ ਹੋ ਗਈ ਹੈ। ਪਹਿਲਾਂ ਇੱਕ ਪੈਰ 'ਤੇ ਆਪਣੇ ਸਰੀਰ ਦਾ ਸਾਰਾ ਭਾਰ ਲਿਆਉਂਦੇ ਹਨ ਤੇ ਫੇਰ ਦੂਜਾ ਪੈਰ ਧਰਤੀ 'ਤੇ ਰੱਖ ਕੇ, ਉਸ ਉੱਪਰ ਸਰੀਰ ਦਾ ਸਾਰਾ ਵਜ਼ਨ ਟਿਕਾਉਂਦੇ ਹਨ। ਸ਼ੂਗਰ ਦੇ ਮਰੀਜ਼ ਹਨ ਪਰ ਹਰ ਵੇ਼ਲੇ ਹਸੂੰ-ਹਸੂੰ ਕਰਦੇ। ਚਿੱਟਾ ਮਖ਼ਮਲੀ ਦਾਹੜਾ। ਵਰ੍ਹਿਆਂ ਦੀ ਸਖ਼ਤ ਮਿਹਨਤ ਨਾਲ ਬੱਝਾ ਸਰੀਰ ਅਜੇ ਹਾਰ ਮੰਨਣ ਨੂੰ ਤਿਆਰ ਨਹੀਂ।

ਉਨ੍ਹਾਂ ਵਿੱਚ ਪੰਜਾਬੀ ਬਾਬਿਆਂ ਵਾ਼ਲੀ ਸ਼ਾਨ ਹੈ, ਟਿਕਾਅ ਹੈ, ਠਰ੍ਹੰਮਾ ਹੈ। ਕੋਈ ਵੀ ਗੱਲ ਪੂਰਾ ਸੁਆਦ ਲੈ ਕੇ ਕਰਦੇ ਹਨ, ਪੂਰਾ ਮੁੱਢ (ਜਿਹਨੂੰ ਅਸੀਂ ਪਾੜ੍ਹੇ ਭੂਮਿਕਾ ਕਹਿੰਦੇ ਹਾਂ) ਬੰਨ੍ਹ ਕੇ ਕਰਦੇ ਹਨ। ਉਨ੍ਹਾਂ ਦੀ ਕੀਤੀ ਜਾ ਰਹੀ ਗੱਲ ਦਾ ਪੂਰਾ ਸੁਆਦ ਸੁਣਨ ਵਾਲੇ ਨੂੰ ਵੀ ਆਉਂਦਾ ਹੈ। ਦੇਸੀ ਪੰਜਾਬੀ ਜੀਵਨ ਦੇ ਸਾਬਤ-ਸੂਰਤ ਮੁਹਾਂਦਰੇ ਪ੍ਰਤੀਤ ਹੁੰਦੇ ਹਨ ਉਹ। ਮੈਨੂੰ ਅਜੇ ਉਹ ਦੋ ਵਾਰ ਹੀ ਮਿਲੇ ਹਨ, ਸਕੂਲ ਆ ਕੇ, ਪਰ ਮੈਂ ਉਨ੍ਹਾਂ ਦੀਆਂ ਸਿਫ਼ਤਾਂ ਇਸ ਸਕੂਲ ਵਿੱਚ ਹਾਜ਼ਰ ਹੋਣ ਤੋਂ ਪਹਿਲਾਂ ਹੀ ਕਈ ਅਧਿਆਪਕਾਂ ਪਾਸੋਂ (ਜਿਹੜੇ ਏਥੇ ਪੜ੍ਹਾ ਕੇ ਗਏ ਹਨ ਜਾਂ ਜਿਹੜੇ ਆਸ-ਪਾਸ ਦੇ ਪਿੰਡਾਂ ਵਿੱਚ ਪੜ੍ਹਾ ਰਹੇ ਹਨ ਅਥਵਾ ਪੜ੍ਹਾ ਕੇ ਗਏ ਹਨ) ਸੁਣ ਲਈਆਂ ਸਨ। ਉਨ੍ਹਾਂ ਅਧਿਆਪਕਾਂ ਨੇ ਮੈਨੂੰ ਸਲਾਹ ਦਿੱਤੀ ਸੀ, ਉਤੁਸੀਂ ਸਿਰਫ਼ ਉਨ੍ਹਾਂ ਨੂੰ ਮਿਲ ਲਇਓ।" ਤੇ ਮੈਂ ਇਸ ਗੱਲ ਨੂੰ ਪਰਤੱਖ ਪਾਇਆ। ਦੋ ਮੁਲਾਕਾਤਾਂ ਵਿੱਚ ਹੀ ਮੈਂ ਉਨ੍ਹਾਂ ਨੂੰ ਆਪਣਾ ਬੜਾ ਕੁਝ ਸਮਝ ਲਿਆ ਹੈ।

ਸਕੂਲ ਉਨ੍ਹਾਂ ਲਈ ਆਪਣੇ ਘਰ ਵਰਗਾ ਹੈ ਤੇ ਸਕੂਲ ਦੇ ਬੱਚੇ ਅਤੇ ਅਧਿਆਪਕ ਧੀਆਂ-ਪੁੱਤਰਾਂ ਵਰਗੇ। ਹਾਂ, ਉਨ੍ਹਾਂ ਦਾ ਸਬੰਧ ਅਧਿਆਪਕਾਂ ਨਾਲ ਸਿਰਫ਼ ਪਿੰਡ ਜਾਂ ਸਕੂਲ ਤੱਕ ਹੀ ਨਹੀਂ, ਉਹ ਉਨ੍ਹਾਂ ਨੂੰ ਉਨ੍ਹਾਂ ਦੇ ਵੱਡੇ ਸਬੰਧੀਆਂ ਵਾਂਗ ਮਿਲਦੇ ਹਨ। ਢੇਰ ਚਿਰ ਪਹਿਲਾਂ ਜਿਹੜੇ ਅਧਿਆਪਕ ਇਸ ਸਕੂਲ ਵਿੱਚ ਪੜ੍ਹਾ ਹਟੇ ਹਨ (ਜਿਨ੍ਹਾਂ ਨੂੰ, ਨਜ਼ਰ ਬਹੁਤ ਘਟ ਗਈ ਹੋਣ ਕਾਰਨ ਤੇ ਬਜ਼ੁਰਗ ਅਵਸਥਾ ਦੀਆਂ ਹੋਰ ਸਮੱਸਿਆਵਾਂ ਕਾਰਨ ਘੁੰਮਣ-ਫਿਰਨ ਦੀ ਔਖ ਹੈ), ਤਾਇਆ ਜੀ, ਉਨ੍ਹਾਂ ਨੂੰ ਘਰੀਂ ਜਾ ਕੇ ਮਿਲਦੇ ਹਨ। ਤਾਇਆ ਜੀ ਨੂੰ ਏਥੇ ਪੜ੍ਹਾ ਚੁੱਕੇ ਹਰ ਅਧਿਆਪਕ ਦੇ ਬੱਚਿਆਂ ਬਾਰੇ, ਉਨ੍ਹਾਂ ਦੇ ਕਿੱਤਿਆਂ ਤੇ ਸੁਭਾਅ ਬਾਰੇ ਪੂਰੀ ਜਾਣਕਾਰੀ ਹੈ। ਉਹ ਮਹਿਕਮੇ ਦੇ ਅਫ਼ਸਰਾਂ ਅਤੇ ਮਹਿਕਮੇ ਬਾਰੇ ਪੂਰੀ ਖ਼ਬਰ ਰੱਖਦੇ ਹਨ ਪਰ ਇਹ ਚੌਕਸੀ ਅਧਿਆਪਕਾਂ 'ਤੇ ਰੋਅਬ ਜਾਂ ਦਾਬਾ ਰੱਖਣ ਲਈ ਨਹੀਂ ਸਗੋਂ ਉਨ੍ਹਾਂ ਨੂੰ ਇਨ੍ਹਾਂ ਗੱਲਾਂ ਵਿੱਚ ਰੁਚੀ ਹੈ। ਉਹ ਕਿਸੇ ਨਾ ਕਿਸੇ ਢੰਗ ਨਾ਼ਲ ਸਕੂਲ ਦੀ ਹੋ ਸਕਦੀ ਬਿਹਤਰੀ ਬਾਰੇ ਪੂਰੇ ਚੇਤੰਨ ਰਹਿੰਦੇ ਹਨ।

ਤਾਇਆ ਜੀ ਦੇ ਹੱਥੀਂ ਸਕੂਲ ਵਿੱਚ ਲੱਗੇ ਸਫ਼ੈਦੇ ਹੁਣ ਕਾਫ਼ੀ ਵੱਡੇ, ਉੱਚੇ ਤੇ ਮੋਟੇ ਹੋ ਗਏ ਹਨ। ਇਹ ਹਾਈਬ੍ਰਿਡ ਨਸਲ ਦੇ ਸਫ਼ੈਦੇ ਉਨ੍ਹਾਂ ਨੇ ਸਸਤੇ ਸਮਿਆਂ ਵਿੱਚ ਪੰਦਰਾਂ ਰੁਪਏ ਫ਼ੀ ਬੂਟਾ ਖ਼ਰੀਦ ਕੇ ਤੇ ਤਿੰਨ ਰੁਪਏ ਪ੍ਰਤੀ ਬੂਟਾ ਲੁਆਈ ਖ਼ਰਚਾ ਦੇ ਕੇ ਲਗਵਾਏ ਸਨ। ਵਧੀਆ ਨਸਲ ਦੇ ਸਫ਼ੈਦੇ ਲੁਆਉਣ ਪਿੱਛੇ ਉਨ੍ਹਾਂ ਦਾ ਮੰਤਵ ਸੀ ਕਿ ਵੱਡੇ ਹੋ ਕੇ ਇਹ ਸਫ਼ੈਦੇ ਹਨੇਰੀ ਆਦਿ ਨਾਲ ਟੁੱਟ ਕੇ ਆਂਢ-ਗੁਆਂਢ ਦੇ ਕਿਸੇ ਘਰ ਨਾ ਡਿਗਣ। ਹੁਣ ਇਹ ਸਫ਼ੈਦੇ ਭਰੇ-ਪੂਰੇ ਹੋ ਗਏ ਹਨ।

ਤਾਇਆ ਜੀ ਹੁਣ ਇਨ੍ਹਾਂ ਨੂੰ ਵੇਚ ਕੇ ਸਕੂਲ ਦੇ ਨੀਵੇਂ ਵਿਹੜੇ ਵਿੱਚ ਭਰਤੀ (ਮਿੱਟੀ) ਪੁਆ ਕੇ, ਓਥੇ ਇੰਟਰਲੌਕ ਟਾਇਲਾਂ ਲਗਵਾਉਣ ਦੀ ਸੋਚ ਰਹੇ ਹਨ। ਉਨ੍ਹਾਂ ਦੁਆਰਾ ਸਕੂਲ ਵਿੱਚ ਲਾਏ ਹੋਰ ਬੂਟਿਆਂ ਦੇ ਨਾਲ-ਨਾਲ ਲਾਇਆ ਇੱਕ ਇਮਲੀ ਦਾ ਬੂਟਾ ਵੀ ਹੁਣ ਕਾਫ਼ੀ ਮੌਲ ਗਿਆ ਹੈ। ਉਹ ਇੱਕ ਵਾਰ ਉਸ ਹੱਥੀਂ ਲਾਏ ਬੂਟੇ ਦਾ ਫ਼ਲ ਖਾਣਾ ਲੋਚਦੇ ਹਨ। ਸਿਆਣੇ ਆਖਦੇ ਹਨ ਕਿ ਇਮਲੀ ਦੇ ਬੂਟੇ ਨੂੰ ਪੈਂਤੀ ਸਾਲ ਮਗਰੋਂ ਫ਼ਲ ਲਗਦਾ ਹੈ। ਰੱਬ ਕਰੇ! ਉਨ੍ਹਾਂ ਦੀ ਇਹ ਇੱਛਾ ਵੀ ਪੂਰੀ ਹੋਵੇ।

ਸਿੱਖਿਆ ਮਹਿਕਮੇ ਵਲੋਂ ਪਿਛਲੇ ਦਿਨੀਂ ਸਕੂਲਾਂ ਵਿੱਚ ਕਿਚਨ ਗਾਰਡਨ ਬਣਾਉਣ ਦੀ ਤਜਵੀਜ਼ ਦਿੱਤੀ ਗਈ ਸੀ ਪਰ ਤਾਇਆ ਜੀ ਨੇ ਲਗਭਗ ਪੰਦਰਾਂ ਸਾਲ ਪਹਿਲਾਂ ਹੀ ਇਹ ਕੰਮ ਸਕੂਲ ਵਿੱਚ ਕਰ ਲਿਆ ਸੀ। ਸਕੂਲ ਦੇ ਵਿੱਚ ਪਾਲਕ, ਮੇਥੀ, ਧਨੀਆ, ਮੂਲੀਆਂ, ਗਾਜਰਾਂ ਤੇ ਹੋਰ ਸਾਗ-ਸਬਜ਼ੀਆਂ ਲਹਿਲਹਾਉਂਦੀਆਂ ਸਨ ਤੇ ਤਾਇਆ ਜੀ, ਪਜਾਮਾ ਉਤਾਂਹ ਚੁੱਕੀ, ਪਾਣੀ ਵਾਲਾ ਪਾਈਪ ਫੜ ਕੇ ਕਿਆਰੀਆਂ ਵਿੱਚ ਤੇ ਬੂਟਿਆਂ ਦੀਆਂ ਖਾ਼ਲੀਆਂ ਉਦਾਲੇ ਘੁੰਮਦੇ ਰਹਿੰਦੇ ਸਨ। ਨਾ਼ਲ-ਨਾ਼ਲ ਰੱਬ ਦਾ ਨਾਮ ਜਪਦੇ ਰਹਿਣਾ। ਉਨ੍ਹਾਂ ਦੀਆਂ ਇਨ੍ਹਾਂ ਬਰਕਤਾਂ ਸਦਕਾ ਸਕੂਲ ਭਰਿਆ-ਭਰਿਆ ਤੇ ਹਰਾ ਕਚੂਰ ਹੈ।

ਰੱਬ ਪੰਜਾਬ ਦੇ ਹਰੇਕ ਸਕੂਲ ਨੂੰ ਇੱਕ ਇਹੋ ਜਿਹਾ 'ਤਾਇਆ' ਦੇ ਦੇਵੇ ਤਾਂ ਕਈ ਕਲੇਸ਼ ਤਾਂ ਸੁਤੇ ਹੀ ਮੁੱਕ ਜਾਣ!

---

# ਭਾਰਤ ਵਿਚ ਦਾਜ ਕਾਰਨ ਹੋ ਰਹੇ ਨੇ ਔਰਤਾਂ ਦੇ ਕਤਲ

**ਸੰਯੁਕਤ ਰਾਸ਼ਟਰ-** ਯੂਐੱਨ ਵੱਲੋਂ ਕੀਤੇ ਇੱਕ ਅਧਿਐਨ ਮੁਤਾਬਕ ਭਾਰਤ ਵਿਚ ਦਾਜ ਖਿਲਾਫ਼ ਕਾਨੂੰਨ ਹੋਣ ਦੇ ਬਾਵਜੂਦ ਦਾਜ ਕਾਰਨ ਵੱਡੀ ਗਿਣਤੀ ਵਿਚ ਔਰਤਾਂ ਦੇ ਕਤਲ ਹੋ ਰਹੇ ਹਨ। ਅਧਿਐਨ ਮੁਤਾਬਕ ਵਿਸ਼ਵ ਭਰ ਵਿਚ ਔਰਤਾਂ ਲਈ ਉਨ੍ਹਾਂ ਦੇ ਘਰ ਸਭ ਤੋਂ ਵੱਧ ਖਤਰਨਾਕ ਥਾਵਾਂ ਹਨ। ਡਰੱਗਜ਼ ਤੇ ਕ੍ਰਾਈਮ ਬਾਰੇ ਯੂਨਾਈਟਿਡ ਨੇਸ਼ਨਜ਼ ਦੇ ਦਫ਼ਤਰ ਵੱਲੋਂ ਪ੍ਰਕਾਸ਼ਿਤ ਇੱਕ ਨਵੀਂ ਖੋਜ ਮੁਤਾਬਕ ਪਿਛਲੇ ਸਾਲ ਵਿਸ਼ਵ ਭਰ ਵਿਚ ਲਗਪਗ 87,000 ਔਰਤਾਂ ਦੇ ਕਤਲ ਹੋਏ ਸਨ ਅਤੇ ਕਰੀਬ 50,000 ਜਾਂ 58 ਫ਼ੀਸਦੀ ਔਰਤਾਂ ਨੂੰ ਉਨ੍ਹਾਂ ਦੇ ਪਤੀ ਜਾਂ ਪਰਿਵਾਰਕ ਮੈਂਬਰਾਂ ਵੱਲੋਂ ਕਤਲ ਕਰ ਦਿੱਤਾ ਗਿਆ ਸੀ। ਅਧਿਐਨ ਮੁਤਾਬਕ ਹਰ ਘੰਟੇ ਵਿਚ ਛੇ ਔਰਤਾਂ ਦਾ ਕਤਲ ਉਨ੍ਹਾਂ ਦੇ ਜਾਣ- ਪਛਾਣ ਦੇ ਮੈਂਬਰਾਂ ਵੱਲੋਂ




ਕਰ ਦਿੱਤਾ ਜਾਂਦਾ ਹੈ। ਸਾਲ 1995-2013 ਦੇ ਅੰਕੜਿਆਂ ਮੁਤਾਬਕ ਭਾਰਤ ਵਿਚ ਔਰਤਾਂ ਦੇ ਕਤਲ ਦੀ ਦਰ ਸਾਲ 2016 ਵਿਚ 2.8 ਫੀਸਦੀ ਸੀ। ਭਾਰਤ ਵਿਚ 15 ਤੋਂ 49 ਸਾਲ ਦੀਆਂ ਔਰਤਾਂ ਤੇ ਲੜਕੀਆਂ ਵਿਚੋਂ 33.5 ਫ਼ੀਸਦੀ ਨੇ ਆਪਣੀ ਜ਼ਿੰਦਗੀ ਵਿਚ ਸਰੀਰਕ ਹਿੰਸਾ ਦਾ ਇੱਕ ਵਾਰ ਅਤੇ 18.9 ਫ਼ੀਸਦੀ ਨੇ ਪਿਛਲੇ 12 ਮਹੀਨਿਆਂ ਵਿਚ ਇੱਕ ਵਾਰ ਸਾਹਮਣਾ ਕਰਨਾ ਪਿਆ ਸੀ। ਭਾਰਤ ਵਿਚ ਦਾਜ ਕਾਰਨ ਹੋਣ ਵਾਲੇ ਕਤਲ ਧਿਆਨਦੇਣਯੋਗ ਵਿਸ਼ਾ ਹੈ। ਅਧਿਐਨ ਮੁਤਾਬਕ ਕੌਮੀ ਅਪਰਾਧ ਰਿਕਾਰਡ ਬਿਓਰੋ ਤੋਂ ਦਾਜ ਕਾਰਨ ਹੋਏ ਕਤਲਾਂ ਸਬੰਧੀ ਮਿਲੇ ਅੰਕੜਿਆਂ ਮੁਤਾਬਕ ਭਾਰਤ ਵਿਚ ਹਰ ਸਾਲ ਹੋਣ ਵਾਲੇ ਔਰਤਾਂ ਦੇ ਕਤਲਾਂ ਵਿਚੋਂ 40 ਤੋਂ 50 ਫ਼ੀਸਦੀ ਦਾਜ ਕਾਰਨ ਹੋਣ ਵਾਲੇ ਕਤਲ ਹੁੰਦੇ ਹਨ।

# ਏਕੇ ਦੇ ਬਿਨ ਸੱਤਾ ਹੱਥ ਨਹੀਂ ਆਉਣੀ

ਅੰਗ-ਸੰਗ



ਸ਼ਾਮ ਸਿੰਘ
98141-13338

**ਦੇਸ ਦੇ ਹਿੱਤਾਂ ਨੂੰ ਤਰਜੀਹ ਦੇਣ ਵਾਲੇ ਬਹੁਤ ਘੱਟ ਨੇਤਾ ਹਨ, ਜਿਸ ਕਾਰਨ ਹਰ ਕੋਈ ਆਪਣੀ ਸਾਖ਼ ਬਚਾਉਣ ਨੂੰ ਪਹਿਲ ਦੇ ਰਿਹਾ, ਤਾਂ ਕਿ ਉਹ ਕਿਤੇ 'ਦੇਸ਼ ਸੇਵਾ' ਕਰਨ ਤੋਂ ਬਾਹਰ ਨਾ ਰਹਿ ਜਾਵੇ। ਇਸੇ ਲਈ ਉਹ ਵੱਡੀ ਪਾਰਟੀ ਛੱਡ ਕੇ ਸਿਆਸੀ ਦ੍ਰਿਸ਼ ਵਿੱਚ ਬਣੇ ਰਹਿਣ ਲਈ ਕਿਸੇ ਦੂਜੀ ਪਾਰਟੀ ਵੱਲੋਂ ਜਾਂ ਆਜ਼ਾਦ ਲੜਨ ਤੋਂ ਵੀ ਪਿੱਛੇ ਨਹੀਂ ਰਹਿੰਦਾ। ਦੂਜਾ, ਪ੍ਰਧਾਨ ਮੰਤਰੀ ਦੀ ਚੋਣ ਵੀ ਪਾਰਟੀਆਂ ਪਹਿਲਾਂ ਹੀ ਕਰਨ ਲੱਗ ਪਈਆਂ ਹਨ, ਜਦੋਂ ਕਿ ਇਹ ਅਧਿਕਾਰ ਤਾਂ ਪਾਰਲੀਮੈਂਟ ਵਾਸਤੇ ਚੁਣੇ ਗਏ ਮੈਂਬਰਾਂ ਦਾ ਹੁੰਦਾ ਹੈ। ਸਿਆਸੀ ਪਾਰਟੀਆਂ ਨੂੰ ਉਡੀਕ ਕਰਨੀ ਚਾਹੀਦੀ ਹੈ ਕਿ ਚੁਣੇ ਗਏ ਪਾਰਲੀਮੈਂਟ ਮੈਂਬਰ ਆਪਣੇ ਹੱਕ ਦੀ ਵਰਤੋਂ ਕਰ ਸਕਣ। ਇਸ ਦੀ ਕੋਈ ਪਾਰਟੀ ਪਰਵਾਹ ਨਹੀਂ ਕਰਦੀ। ਕਿਸੇ ਵੇਲੇ ਅਗਾਂਹ-ਵਧੂ ਪਾਰਟੀਆਂ ਦਾ ਪੱਛਮੀ ਬੰਗਾਲ, ਕੇਰਲਾ, ਤ੍ਰਿਪੁਰਾ ਆਦਿ ਸੂਬਿਆਂ ਵਿੱਚ ਚੰਗਾ ਬੋਲਬਾਲਾ ਸੀ, ਜੋ ਹੌਲੀ-ਹੌਲੀ ਘਟਦਾ ਗਿਆ। ਕਾਰਨ? ਇੱਕ ਤਾਂ ਪਾਰਟੀ ਦੋ ਫਾੜ ਹੋ ਗਈ ਅਤੇ ਦੂਜਾ ਅਗਾਂਹ-ਵਧੂ ਜਨਤਾ ਦੇ ਮਸਲਿਆਂ ਅਤੇ ਮੁਸ਼ਕਲਾਂ ਲਈ ਲੜੇ ਜਾਣ ਵਾਲੇ ਘੋਲਾਂ ਤੋਂ ਦੂਰ ਹੁੰਦੇ ਗਏ। ਉਹ ਬਿਆਨਾਂ ਨਾਲ ਹੀ ਸਾਰਨ ਲੱਗ ਪਏ।**

ਹਰ ਵਾਰੀ ਚੋਣਾਂ ਵੇਲੇ ਸਿਆਸੀ ਦ੍ਰਿਸ਼ ਸਾਫ਼ ਨਜ਼ਰ ਨਹੀਂ ਆਉਂਦਾ। ਇਹ ਉਹ ਵੇਲਾ ਹੁੰਦਾ ਹੈ, ਜਦੋਂ ਆਇਆ ਰਾਮ ਗਿਆ ਰਾਮ ਆਪਣੀ ਭੂਮਿਕਾ ਬਦਲ ਰਹੇ ਹੁੰਦੇ ਹਨ ਅਤੇ ਸਿਆਸੀ ਟੁੱਟ-ਭੱਜ ਦੇਰ ਤੱਕ ਬੰਦ ਹੋਣ ਦਾ ਨਾਂਅ ਨਹੀਂ ਲੈਂਦੀ। ਇਸੇ ਲਈ ਸਿਆਸੀ ਮਾਹਿਰਾਂ ਦਾ ਅੰਦਾਜ਼ਾ ਵੀ ਹਕੀਕਤ ਨੂੰ ਨਹੀਂ ਫੜਦਾ।

ਅੱਜ ਦੇਸ਼ ਦੇ ਸਿਆਸੀ ਹਾਲਾਤ ਨੂੰ ਪੜ੍ਹਨਾ ਆਸਾਨ ਕੰਮ ਨਹੀਂ। ਸਾਰੀਆਂ ਸਿਆਸੀ ਪਾਰਟੀਆਂ ਹਮ-ਖ਼ਿਆਲ ਹਸਤੀਆਂ ਅਤੇ ਪਾਰਟੀਆਂ ਦੀ ਤਲਾਸ਼ ਵਿੱਚ ਜੁੱਟੀਆਂ ਹੋਈਆਂ ਹਨ, ਜਿਸ ਕਾਰਨ ਅਜੇ ਸਹੀ ਨਤੀਜੇ ਉੱਤੇ ਪਹੁੰਚਣ ਲਈ ਉਡੀਕ ਕਰਨੀ ਪਵੇਗੀ। ਅਨੁਮਾਨ ਨੇੜੇ ਪੁੱਜਣ ਤੋਂ ਅਸਮਰੱਥ ਰਹੇਗਾ।

ਦੇਸ ਦੀਆਂ ਦੋ ਵੱਡੀਆਂ ਪਾਰਟੀਆਂ ਆਪੋ-ਆਪਣਾ ਜੋੜ-ਮੇਲ ਬਿਠਾਉਣ 'ਤੇ ਲੱਗੀਆਂ ਹੋਈਆਂ ਹਨ, ਜਿਸ ਤੋਂ ਬਾਅਦ ਹੀ ਖ਼ਬਰਾਂ ਅਤੇ ਅਫ਼ਵਾਹਾਂ ਦੀ ਗ਼ੈਰ-ਜ਼ਰੂਰੀ ਧੂੜ ਬੈਠਣ ਲੱਗੇਗੀ। ਰਾਜਸੀ ਪਾਰਟੀਆਂ ਵਿੱਚ ਇਸ ਕਰ ਕੇ ਟੁੱਟ-ਭੱਜ ਹੋਣ ਲੱਗ ਪਈ ਹੈ, ਕਿਉਂਕਿ ਜਿਨ੍ਹਾਂ ਨੂੰ ਚੋਣ ਮੈਦਾਨ ਵਿੱਚ ਜਗ੍ਹਾ ਨਹੀਂ ਮਿਲੀ, ਉਹ ਪਾਰਟੀ ਛੱਡਣ ਲੱਗ ਪਏ। ਲਾਜ਼ਮੀ ਹੈ ਕਿ ਉਹ ਸਹੀ ਥਾਂ ਲੱਭਣਗੇ।

ਸੱਤਾਧਾਰੀ ਪਾਰਟੀ ਵਿੱਚੋਂ ਵੀ ਵੱਡੀਆਂ ਹਸਤੀਆਂ ਤੱਕ ਬਾਹਰ ਨੂੰ ਛੜੱਪੇ ਮਾਰਨ ਲੱਗ ਪਈਆਂ। ਇਸ ਲਈ ਕਿ ਉਨ੍ਹਾਂ ਨੂੰ ਚੋਣ ਲੜਨ ਵਾਸਤੇ ਟਿਕਟ ਨਹੀਂ ਮਿਲਿਆ। ਆਪਣੀ ਹਸਤੀ ਨੂੰ ਕਾਇਮ ਰੱਖਣ ਲਈ ਉਹ ਚੋਣ ਮੈਦਾਨ 'ਚੋਂ ਬਾਹਰ ਹੋਣ ਲਈ ਤਿਆਰ ਨਹੀਂ ਹਨ। ਇਸੇ ਖਿੱਚ-ਧੂਹ 'ਚ ਘਮਸਾਣ ਜਾਰੀ ਹੈ।

ਦੇਸ ਦੇ ਹਿੱਤਾਂ ਨੂੰ ਤਰਜੀਹ ਦੇਣ ਵਾਲੇ ਬਹੁਤ ਘੱਟ ਨੇਤਾ ਹਨ, ਜਿਸ ਕਾਰਨ ਹਰ ਕੋਈ ਆਪਣੀ ਸਾਖ਼ ਬਚਾਉਣ ਨੂੰ ਪਹਿਲ ਦੇ ਰਿਹਾ, ਤਾਂ ਕਿ ਉਹ ਕਿਤੇ 'ਦੇਸ਼ ਸੇਵਾ' ਕਰਨ ਤੋਂ ਬਾਹਰ ਨਾ ਰਹਿ ਜਾਵੇ। ਇਸੇ ਲਈ ਉਹ ਵੱਡੀ ਪਾਰਟੀ ਛੱਡ ਕੇ ਸਿਆਸੀ ਦ੍ਰਿਸ਼ ਵਿੱਚ ਬਣੇ ਰਹਿਣ ਲਈ ਕਿਸੇ ਦੂਜੀ ਪਾਰਟੀ ਵੱਲੋਂ ਜਾਂ ਆਜ਼ਾਦ ਲੜਨ ਤੋਂ ਵੀ ਪਿੱਛੇ ਨਹੀਂ ਰਹਿੰਦਾ।

ਦੂਜਾ, ਪ੍ਰਧਾਨ ਮੰਤਰੀ ਦੀ ਚੋਣ ਵੀ ਪਾਰਟੀਆਂ ਪਹਿਲਾਂ ਹੀ ਕਰਨ ਲੱਗ ਪਈਆਂ ਹਨ, ਜਦੋਂ ਕਿ ਇਹ ਅਧਿਕਾਰ ਤਾਂ ਪਾਰਲੀਮੈਂਟ ਵਾਸਤੇ ਚੁਣੇ ਗਏ ਮੈਂਬਰਾਂ ਦਾ ਹੁੰਦਾ ਹੈ। ਸਿਆਸੀ ਪਾਰਟੀਆਂ ਨੂੰ ਉਡੀਕ ਕਰਨੀ ਚਾਹੀਦੀ ਹੈ ਕਿ ਚੁਣੇ ਗਏ ਪਾਰਲੀਮੈਂਟ ਮੈਂਬਰ ਆਪਣੇ ਹੱਕ ਦੀ ਵਰਤੋਂ ਕਰ ਸਕਣ। ਇਸ ਦੀ ਕੋਈ ਪਾਰਟੀ ਪਰਵਾਹ ਨਹੀਂ ਕਰਦੀ।

ਕਿਸੇ ਵੇਲੇ ਅਗਾਂਹ-ਵਧੂ ਪਾਰਟੀਆਂ ਦਾ ਪੱਛਮੀ ਬੰਗਾਲ, ਕੇਰਲਾ, ਤ੍ਰਿਪੁਰਾ ਆਦਿ ਸੂਬਿਆਂ ਵਿੱਚ ਚੰਗਾ ਬੋਲਬਾਲਾ ਸੀ, ਜੋ ਹੌਲੀ-ਹੌਲੀ ਘਟਦਾ ਗਿਆ। ਕਾਰਨ? ਇੱਕ ਤਾਂ ਪਾਰਟੀ ਦੋ ਫਾੜ ਹੋ ਗਈ ਅਤੇ ਦੂਜਾ ਅਗਾਂਹ-ਵਧੂ ਜਨਤਾ ਦੇ ਮਸਲਿਆਂ ਅਤੇ ਮੁਸ਼ਕਲਾਂ ਲਈ ਲੜੇ ਜਾਣ ਵਾਲੇ ਘੋਲਾਂ ਤੋਂ ਦੂਰ ਹੁੰਦੇ ਗਏ। ਉਹ ਬਿਆਨਾਂ ਨਾਲ ਹੀ ਸਾਰਨ ਲੱਗ ਪਏ।

ਇਹੀ ਕਾਰਨ ਹੈ ਕਿ ਦੇਸ਼ ਵਿੱਚ ਕਈ ਨਵੀਂਆਂ ਪਾਰਟੀਆਂ ਨੇ ਜਨਮ ਲੈ ਲਿਆ ਅਤੇ ਆਪਣੀ ਚੋਖੀ ਥਾਂ ਬਣਾਉਂਦੀਆਂ ਗਈਆਂ। ਲੋਕ ਉਨ੍ਹਾਂ ਨਾਲ ਹੋ ਤੁਰੇ, ਕਿਉਂਕਿ ਉਹ ਤਾਂ ਉਨ੍ਹਾਂ ਪਾਰਟੀਆਂ ਅਤੇ ਨੇਤਾਵਾਂ ਨੂੰ ਚਾਹੁੰਦੇ ਹਨ, ਜਿਹੜੇ ਮੁਸੀਬਤ ਵੇਲੇ ਉਨ੍ਹਾਂ ਦੀ ਮਦਦ ਲਈ ਬਹੁੜਣ।

ਕਾਂਗਰਸ ਦੇ ਕੁਝ ਨੇਤਾਵਾਂ ਨੇ ਦੇਸ ਨੂੰ ਅਜਿਹਾ ਲੁੱਟਿਆ ਕਿ ਸਾਫ਼ ਹੀ ਫੜੇ ਗਏ। ਉਨ੍ਹਾਂ ਦੀ ਆਪਣੀ ਹੀ ਸਰਕਾਰ ਨੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ, ਪਰ ਦਾਗ ਧੋਤੇ ਨਾ ਗਏ। ਪਾਰਟੀ ਬੁਰੀ ਤਰ੍ਹਾਂ ਹਾਰ ਗਈ ਅਤੇ ਦੇਖਦੀ ਹੀ ਰਹਿ ਗਈ ਕਿ ਕੀ ਦਾ ਕੀ ਹੋ ਗਿਆ। ਆਪਣਿਆਂ ਦੀਆਂ ਗ਼ਲਤੀਆਂ ਹੀ ਪਾਰਟੀ ਨੂੰ ਬੁਰੀ ਤਰ੍ਹਾਂ ਮਾਰ ਗਈਆਂ।

ਓਧਰ ਭਾਜਪਾ ਦੇ ਨੇਤਾਵਾਂ ਨੂੰ ਮੋਟੇ ਲਾਰੇ ਅਤੇ ਵੱਡੇ ਵਾਅਦੇ ਕਰਨ ਦੀ ਅਜਿਹੀ ਮੁਹਾਰਨੀ ਪੜ੍ਹਾਈ ਗਈ ਕਿ ਸਾਰਾ ਦੇਸ ਉਨ੍ਹਾਂ ਦੇ ਸ਼ਿਕੰਜੇ ਵਿੱਚ ਫਸ ਕੇ ਰਹਿ ਗਿਆ। ਪਾਰਟੀ ਸੱਤਾਧਾਰੀ ਹੋ ਗਈ ਤੇ ਰਾਜ-ਭਾਗ ਦੀ ਮਿਆਦ ਪੂਰੀ ਹੋਣ 'ਤੇ ਆ ਗਈ, ਪਰ ਵਾਅਦਾ ਕੋਈ ਪੂਰਾ ਹੀ ਨਾ ਕੀਤਾ।

ਆਮ ਆਦਮੀ ਪਾਰਟੀ ਨੇ ਪਹਿਲੀ ਵਾਰ ਹੀ ਦੇਸ਼ ਦੀ ਸਿਆਸਤ ਵਿੱਚ ਅਜਿਹਾ ਧਮਾਕਾ ਕੀਤਾ ਕਿ ਦਿੱਲੀ ਰਾਜ ਵਿੱਚ ਆਪਣਾ ਕਬਜ਼ਾ ਕਰ ਲਿਆ। ਕੇਂਦਰ ਸ਼ਾਸਤ ਰਾਜ ਹੋਣ ਕਾਰਨ ਦਿੱਲੀ ਵਿੱਚ ਉਹ ਰੰਗ ਤਾਂ ਨਾ ਉਭਾਰੇ ਜਾ ਸਕੇ, ਜੋ ਬਾਕੀ ਰਾਜਾਂ ਵਿੱਚ ਉਭਾਰੇ ਜਾ ਸਕਦੇ ਸਨ, ਫੇਰ ਵੀ ਇਸ ਪਾਰਟੀ ਨੇ ਆਪਣਾ ਉਸਾਰੂ ਰੰਗ ਚੜ੍ਹਾਅ ਦਿੱਤਾ।

ਇਸ ਪਾਰਟੀ ਨੂੰ ਪੰਜਾਬ ਅੰਦਰੋਂ ਹੀ ਚਾਰ ਪਾਰਲੀਮੈਂਟ ਮੈਂਬਰ ਵੀ ਮਿਲੇ, ਜੋ ਪਾਰਟੀ ਦੀ ਫੁੱਟ ਕਾਰਨ ਕਿਸੇ ਕੰਮ ਨਾ ਆ ਸਕੇ। ਦੋ ਮੈਂਬਰ ਮੁਅੱਤਲ ਕਰ ਦਿੱਤੇ, ਬਾਕੀ ਦੋ ਵਿੱਚੋਂ ਵੀ ਇੱਕ ਹੀ ਬੋਲਿਆ ਅਤੇ ਉਹ ਵੀ ਚੁਟਕਲੇਬਾਜ਼ੀ ਤੋਂ ਉੱਪਰ ਉੱਠ ਕੇ ਮਸਲੇ ਨਾ ਉਠਾ ਸਕਿਆ।

ਪੰਜਾਬ ਅੰਦਰ ਇਹ ਸਿਆਸੀ ਪਾਰਟੀ ਪੰਜਾਬ ਵਿਧਾਨ ਸਭਾ ਵਿੱਚ ਦੂਜੇ ਨੰਬਰ 'ਤੇ ਆ ਗਈ ਅਤੇ ਅਕਾਲੀ-ਭਾਜਪਾ ਗੱਠਜੋੜ ਨੂੰ ਪਛਾੜ ਕੇ ਵਿਰੋਧੀ ਧਿਰ ਦਾ ਰੁਤਬਾ ਹਾਸਲ ਕਰ ਗਈ, ਪਰ ਪਾਰਟੀ ਅੰਦਰਲੇ ਸ਼ਰਾਰਤੀਆਂ ਨੇ ਛੇਤੀ ਹੀ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਵਿਰੋਧੀ ਧਿਰ ਦਾ ਨੇਤਾ ਬਦਲਣ ਕਾਰਨ ਘਮਸਾਣ ਮੱਚ ਗਿਆ।

ਘਮਸਾਣ ਅਜਿਹਾ ਮੱਚਿਆ ਕਿ ਪਾਰਟੀ ਦੋ ਫਾੜ ਹੋ ਗਈ। ਸੁਖਪਾਲ ਸਿੰਘ ਖਹਿਰਾ ਅਤੇ ਕੰਵਰ ਸੰਧੂ ਵਾਲੇ ਧੜੇ ਨੇ ਪਾਰਟੀ ਦੇ ਦਿੱਲੀ ਵਾਲੇ ਆਗੂਆਂ ਨੂੰ ਲੰਮੇ ਹੱਥੀਂ ਲਿਆ ਅਤੇ ਆਪਣੀ ਵਿਰੋਧੀ ਸੁਰ ਨੂੰ ਮੱਠਾ ਨਾ ਪੈਣ ਦਿੱਤਾ। ਨਾਲ ਦੀ ਨਾਲ ਉਹ ਦਿੱਲੀ ਵਾਲਿਆਂ ਨੂੰ ਮਾਨਤਾ ਵੀ ਦਿੰਦੇ ਰਹੇ। ਉਨ੍ਹਾਂ ਨੂੰ ਇੱਜ਼ਤ ਦੇਣ ਲਈ 'ਸਾਹਿਬ' ਸ਼ਬਦ ਦੀ ਵਰਤੋਂ ਉਨ੍ਹਾਂ ਵਾਸਤੇ ਕਰਦੇ ਰਹੇ, ਜਿਹੜੇ ਸੁਖਪਾਲ ਖਹਿਰਾ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਬੇਇੱਜ਼ਤ ਕਰਨ ਤੋਂ ਕਦੇ ਬਾਜ਼ ਨਾ ਆਏ। ਇਹ ਗ਼ਲਤ ਵਰਤਾਰਾ ਸੀ, ਜੋ ਨਹੀਂ ਸੀ ਹੋਣਾ ਚਾਹੀਦਾ, ਪਰ ਹੁੰਦਾ ਰਿਹਾ।

ਹੁਣ ਸੁਖਪਾਲ ਖਹਿਰਾ ਅਤੇ ਕੰਵਰ ਸੰਧੂ ਨੂੰ ਮੁਅੱਤਲ ਕੀਤੇ ਜਾਣ ਤੋਂ ਮਗਰੋਂ ਇਨ੍ਹਾਂ ਕੋਲ ਵੱਖਰਾ ਰਸਤਾ ਅਖਤਿਆਰ ਕਰਨ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਰਿਹਾ। ਉੱਧਰ ਦਿੱਲੀ ਵਾਲਿਆਂ ਨੇ ਕੇਵਲ ਪੰਜਾਬ 'ਚੋਂ ਹੀ ਪਾਰਲੀਮੈਂਟ ਚੋਣ ਲੜਨ ਲਈ ਪੰਜ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ।

ਇਸ ਖੇਡੀ ਗਈ ਖੇਡ ਦਾ ਜਵਾਬ ਦੇਣ ਲਈ ਖਹਿਰਾ ਧੜੇ ਨੂੰ ਹੁਣ ਦੇਰ ਕਰਨੀ ਮਹਿੰਗੀ ਪਵੇਗੀ। ਛੇਤੀ ਹੀ ਲੋਕ ਇਨਸਾਫ਼ ਪਾਰਟੀ ਨੂੰ ਨਾਲ ਲੈ ਕੇ ਨਵੀਂ ਪਾਰਟੀ ਦਾ ਐਲਾਨ ਕਰਨਾ ਚਾਹੀਦਾ ਹੈ, ਤਾਂ ਕਿ ਪੰਜਾਬ ਦੇ ਹਿੱਤਾਂ ਨੂੰ ਪਹਿਲ ਮਿਲ ਸਕੇ। ਧਰਮਵੀਰ ਗਾਂਧੀ, ਹਰਿੰਦਰ ਖ਼ਾਲਸਾ, ਘੁੱਗੀ ਅਤੇ ਸੁੱਚਾ ਸਿੰਘ ਛੋਟੇਪੁਰ ਨੂੰ ਨਾਲ ਲੈ ਕੇ ਨਵੀਂ ਪਾਰਟੀ ਦਾ ਤੁਰੰਤ ਐਲਾਨ ਕਰਨਾ ਚਾਹੀਦਾ ਹੈ, ਤਾਂ ਕਿ ਲੋਕ ਸਭਾ ਦੀਆਂ ਚੋਣਾਂ ਵਿੱਚ ਭਾਗ ਲਿਆ ਜਾ ਸਕੇ। ਅਗਾਂਹ-ਵਧੂ ਪਾਰਟੀਆਂ ਨਾਲ ਗੱਠਜੋੜ ਕਰਨ ਨੂੰ ਵੀ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ। ਬਾਦਲ ਦਲ ਸਿਫ਼ਰ ਹੋ ਜਾਣ ਕਾਰਨ ਬਰਗਾੜੀ ਵਾਲਿਆਂ ਦੀ ਹਮਾਇਤ ਪ੍ਰਾਪਤੀ ਲਈ ਵੀ ਜਤਨ ਕੀਤੇ ਜਾਣ।

ਨਵੀਂ ਪਾਰਟੀ ਦਾ ਨਾਂਅ ਰੱਖਣਾ ਅੜਿੱਕਾ ਬਣ ਸਕਦਾ ਹੈ, ਪਰ ਵਿਚਾਰ-ਚਰਚਾ ਕਰ ਕੇ ਕਿਸੇ ਨਾ ਕਿਸੇ ਨਾਂਅ ਉੱਪਰ ਸਹਿਮਤੀ ਹੋ ਜਾਣੀ ਅਸੰਭਵ ਨਹੀਂ। ਲੋਕ ਇਨਸਾਫ਼ ਪਾਰਟੀ, ਆਮ ਲੋਕ ਪਾਰਟੀ, ਪੰਜਾਬ ਮੰਚ, ਪੰਜਾਬ ਬਚਾਓ ਪਾਰਟੀ 'ਚੋਂ ਕੋਈ ਵੀ ਨਾਂਅ ਰੱਖਿਆ ਜਾ ਸਕਦਾ ਹੈ। ਮਸਲਾ ਨਾਂਅ ਦਾ ਨਹੀਂ, ਸਗੋਂ ਪੰਜਾਬ ਦੇ ਲੋਕਾਂ ਨੂੰ ਬਚਾਉਣ ਅਤੇ ਖ਼ੁਸ਼ਹਾਲੀ ਵੱਲ ਲਿਜਾਣ ਦਾ ਹੈ, ਜਿਨ੍ਹਾਂ 'ਚੋਂ ਬਹੁਤਿਆਂ ਦਾ ਜੀਵਨ ਪੱਧਰ ਗ਼ਰੀਬੀ ਰੇਖਾ ਤੋਂ ਉੱਚਾ ਨਹੀਂ ਉੱਠ ਸਕਿਆ। ਸਰਕਾਰਾਂ ਆਈਆਂ, ਸਰਕਾਰਾਂ ਗਈਆਂ, ਪਰ ਨੇਤਾ ਆਪਣੇ ਆਪ ਬਾਰੇ ਹੀ ਸੋਚਦੇ ਰਹੇ। ਲੋਕਾਂ ਦੇ ਮਸਲਿਆਂ ਵੱਲ ਬਹੁਤ ਹੀ ਘੱਟ ਧਿਆਨ ਦਿੱਤਾ ਗਿਆ।

ਸੁਖਪਾਲ ਸਿੰਘ ਖਹਿਰਾ ਅਤੇ ਉਸ ਦੇ ਸਾਥੀਆਂ ਨੂੰ ਆਮ ਆਦਮੀ ਪਾਰਟੀ ਦੇ ਨਾਂਅ ਦਾ ਮੋਹ ਤਿਆਗ ਦੇਣਾ ਚਾਹੀਦਾ ਹੈ, ਕਿਉਂਕਿ ਚੋਣ ਕਮਿਸ਼ਨ ਕੋਲ ਇਸ ਨਾਂਅ ਦੀ ਪਾਰਟੀ ਦਿੱਲੀ ਵਾਲਿਆਂ ਦੇ ਨਾਂਅ ਉੱਤੇ ਦਰਜ ਹੈ, ਜਿਸ 'ਤੇ ਕੋਈ ਹੋਰ ਚੋਣ ਨਹੀਂ ਲੜ ਸਕਦਾ। ਵੈਸੇ ਵੀ ਜਿਸ ਪਾਰਟੀ ਨੇ ਬੇ-ਆਬਰੂ ਕੀਤਾ ਹੋਵੇ, ਉਸ ਦੇ ਨੇੜੇ ਢੁੱਕਣਾ ਹੀ ਨਹੀਂ ਚਾਹੀਦਾ। ਇਹ ਪੰਜਾਬ ਹਿਤੈਸ਼ੀ ਲੋਕ ਜਾਗਰਤ ਹਨ ਅਤੇ ਪੰਜਾਬ ਦੇ ਪੱਖ ਵਿੱਚ ਵਿਚਰਨ ਲਈ ਕਿਸੇ ਤਰ੍ਹਾਂ ਦੀ ਮਾਰ ਨਹੀਂ ਖਾਣ ਲੱਗੇ। ਜੇ ਇਨ੍ਹਾਂ ਅਕਲ ਦਿਖਾਈ ਅਤੇ ਲੋਕ ਹਿੱਤ ਅੰਦਰ ਮੈਦਾਨ ਵਿੱਚ ਆਏ ਤਾਂ ਜਨਤਾ ਬਾਕੀਆਂ ਨੂੰ ਨਾਕਾਰ ਦੇਵੇਗੀ।

ਚੰਗਾ ਇਹੀ ਹੈ ਕਿ ਪੰਜਾਬ ਵਾਸਤੇ ਸੁਹਿਰਦ ਲੋਕਾਂ ਨੂੰ ਭਾਲਿਆ ਜਾਵੇ ਅਤੇ ਉਨ੍ਹਾਂ ਨੂੰ ਰਿਵਾਇਤੀ ਪਾਰਟੀਆਂ ਦੇ ਮੁਕਾਬਲੇ ਖੜੇ ਹੋਣ ਲਈ ਤਿਆਰ ਕੀਤਾ ਜਾਵੇ, ਤਾਂ ਕਿ ਪੰਜਾਬ ਨੂੰ ਵਿਕਾਸ ਦੇ ਰਸਤੇ ਤੋਰਿਆ ਜਾ ਸਕੇ। ਪੰਜਾਬ ਨੂੰ ਲੁੱਟਣ ਵਾਲਿਆਂ ਨੂੰ ਪੂਰੀ ਤਰ੍ਹਾਂ ਨੰਗਾ ਕੀਤਾ ਜਾਵੇ, ਤਾਂ ਕਿ ਲੋਕ ਉਨ੍ਹਾਂ ਨੂੰ ਮੁੜ ਮੂੰਹ ਨਾ ਲਾਉਣ। ਅਜਿਹਾ ਕਰਨ ਲਈ ਤਿਆਰ ਹੋਣ ਵਾਲੇ ਲੋਟੂਆਂ, ਭ੍ਰਿਸ਼ਟਾਚਾਰੀਆਂ ਨੂੰ ਲਾਜ਼ਮੀ ਚਿੱਤ ਕਰ ਦੇਣਗੇ। ਨਿਰੇ ਬੁੱਗ ਲੋਕ ਰਾਜ-ਭਾਗ 'ਤੇ ਸਵਾਰ ਰਹੇ ਹਨ, ਜਿਸ ਕਾਰਨ ਪੰਜਾਬ ਬਹੁਤ ਪਿੱਛੇ ਚਲਾ ਗਿਆ।

ਆਸਾਨੀ ਨਾਲ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੰਜਾਬ-ਪੱਖੀ ਲੋਕ ਜਿੱਤਣਗੇ, ਬਸ਼ਰਤਿ ਕਿ ਉਹ ਹੁਣ ਹੋਰ ਅਵੇਸਲੇ ਨਾ ਹੋਣ। ਪੰਜਾਬ ਦੇ ਹਿੱਤ ਲਈ ਸਭ ਦਾ ਸਾਥ ਮੰਗਣ। ਧਰਮ ਤੇ ਡੇਰਿਆਂ ਦੀ ਵਰਤੋਂ ਕਰਨ ਵਾਲੇ ਆਪਣੇ ਭਾਰ ਥੱਲੇ ਹੀ ਦੱਬੇ ਜਾਣਗੇ, ਕਿਉਂਕਿ ਲੋਕ ਹੁਣ ਉਨ੍ਹਾਂ ਦੀਆਂ ਮਾਰੂ ਚਾਲਾਂ ਬਾਰੇ ਜਾਣ ਗਏ ਹਨ, ਜੋ ਉਹ ਨਹੀਂ ਚੱਲਣ ਦੇਣਗੇ। ਪੰਜਾਬ ਦੇ ਲੋਕ ਉਨ੍ਹਾਂ ਦਾ ਸਾਥ ਹੀ ਦੇਣਗੇ, ਜਿਹੜੇ ਪੰਜਾਬ ਅਤੇ ਪੰਜਾਬੀਆਂ ਨੂੰ ਅੱਗੇ ਲਿਜਾਣ ਬਾਰੇ ਸੋਚਣਗੇ।

### ਗਾਇਕੀ ਤੇ ਲੱਚਰਤਾ

ਇਪਟਾ ਵੱਲੋਂ ਚੰਡੀਗੜ੍ਹ ਵਿੱਚ ਗਾਇਕੀ ਤੇ ਲੱਚਰਤਾ ਬਾਰੇ ਖੁੱਲ੍ਹੀ ਵਿਚਾਰ-ਚਰਚਾ ਕੀਤੀ ਗਈ। ਲੱਚਰਤਾ, ਹਿੰਸਾ ਅਤੇ ਨਸ਼ਿਆਂ ਦੇ ਨਾਲ-ਨਾਲ ਹਥਿਆਰਾਂ ਦੇ ਗੀਤਾਂ ਵਿੱਚ ਕੀਤੇ ਗਏ ਜ਼ਿਕਰ ਦਾ ਭਰਵਾਂ ਵਿਰੋਧ ਕੀਤਾ ਗਿਆ।

ਜਿਹੜੇ ਲੋਕ ਸੱਭਿਆਚਾਰਕ ਪ੍ਰਦੂਸ਼ਣ ਫੈਲਾਉਣ 'ਚ ਲੱਗੇ ਹੋਏ ਹਨ, ਉਨ੍ਹਾਂ ਨੂੰ ਨਵਾਂਪਣ ਅਪਣਾ ਕੇ ਜਾਗਰਤ ਹੋਣਾ ਚਾਹੀਦਾ ਹੈ, ਤਾਂ ਕਿ ਲੋਕਾਂ ਨੂੰ ਉਸਾਰੂ ਸੋਚ ਵੱਲ ਪ੍ਰੇਰਤ ਕੀਤਾ ਜਾ ਸਕੇ।

ਧੀਆਂ-ਭੈਣਾਂ ਨੂੰ ਬੇਇੱਜ਼ਤ ਅਤੇ ਜ਼ਲੀਲ ਕਰਨ ਵਿਰੁੱਧ ਆਵਾਜ਼ ਉਠਾਈ ਗਈ, ਜਿਸ ਸੰਬੰਧੀ ਗਾਇਕਾਵਾਂ ਪਿੱਛੇ ਨਹੀਂ ਰਹੀਆਂ। ਇਪਟਾ ਦੇਰ ਤੋਂ ਲੱਚਰ ਗਾਇਕੀ ਵਿਰੁੱਧ ਆਵਾਜ਼ ਉਠਾਉਂਦੀ ਆ ਰਹੀ ਹੈ, ਜਿਸ ਦੇ ਹਾਂ-ਪੱਖੀ ਨਤੀਜੇ ਜ਼ਰੂਰ ਨਿਕਲਣਗੇ।

### ਲਤੀਫ਼ੇ ਦਾ ਚਿਹਰਾ-ਮੋਹਰਾ

ਪਰਵਾਸੀ ਪੰਜਾਬ ਦੇ ਇੱਕ ਕਲੱਬ ਵਿੱਚ ਗਿਆ ਤਾਂ ਕੋਕ ਮੰਗਿਆ। ਨੇੜੇ ਬੈਠੀਆਂ ਤਿੰਨ ਔਰਤਾਂ ਨੇ ਸ਼ਰਾਬ ਦਾ ਆਰਡਰ ਦਿੱਤਾ। ਪਰਵਾਸੀ ਨੇ ਹੈਰਾਨ ਹੋ ਕੇ ਪੁੱਛਿਆ, 'ਤੁਸੀਂ ਔਰਤਾਂ ਹੋ ਕੇ ਸ਼ਰਾਬ ਪੀਂਦੀਆਂ ਹੋ?'

ਅੱਗੋਂ ਉਹ ਕਹਿੰਦੀਆਂ : 'ਤੁਸੀਂ ਬੰਦੇ ਹੋ ਕੇ ਬੱਤਾ (ਕੋਕ) ਹੀ ਪੀਂਦੇ ਹੋ!'

## ਸ੍ਰੀ ਕਰਤਾਰਪੁਰ ਸਾਹਿਬ

ਹਿੰਦੋਸਤਾਨ ਦੇ ਹੋ ਗਏ ਟੁਕੜੇ ਵਰਤ ਗਿਆ ਫਿਰ ਭਾਣਾ
ਮਾੜੀ ਕਿਸਮਤ ਸਾਡੀ ਤੇ ਸਾਥੋਂ ਖੁਸ ਗਿਆ ਨਨਕਾਣਾ
ਨੈਣ ਤਰਸਦੇ ਰਹਿੰਦੇ ਤੇ ਸਾਡੀ ਜ਼ਿੰਦਗੀ ਸਦਾ ਅਧੂਰੀ
ਖ਼ਬਰ ਖੁਸ਼ੀ ਦੀ ਆਈ ਮਿਲ ਗਈ ਲਾਂਘੇ ਦੀ ਮਨਜ਼ੂਰੀ।

ਰਾਹਦਾਰੀ ਨਾ ਵੀਜ਼ੇ ਮਿਲਦੇ ਚੁੱਪ ਕਰਕੇ ਅਸੀਂ ਬਹਿ ਗਏ
ਸ੍ਰੀ ਪੰਜਾ ਤੇ ਨਨਕਾਣਾ ਸਾਹਿਬ ਸਾਰੇ ਸੁਪਨੇ ਬਣ ਕੇ ਰਹਿ ਗਏ
ਗੁਰੂ ਤਾਂ ਸਭ ਦਾ ਸਾਂਝਾ ਸੌਂਦੇ ਕਰਕੇ ਸਬਰ ਸਬੂਰੀ
ਖ਼ਬਰ ਖੁਸ਼ੀ ਦੀ ਆਈ ਮਿਲ ਗਈ ....

ਚੀਰ ਦਿੱਤਾ ਦਿਲ ਸਾਡਾ ਸੀ ਫਿਰ ਜਾਂਦੇ ਕਿਹੜੇ ਪਾਸੇ
ਕਿਵੇਂ ਖੇਡੀ ਖੇਡ ਫਰੰਗੀਆਂ ਦਿਲ ਨੂੰ ਦੇਵੇ ਕੌਣ ਦਿਲਾਸੇ
ਉਥੇ ਦੂਰਬੀਨਾਂ ਲਾ ਦਰਸ਼ਨ ਕੀਤੇ ਸਾਡੀ ਸੀ ਮਜਬੂਰੀ
ਖ਼ਬਰ ਖੁਸ਼ੀ ਦੀ ਆਈ ਮਿਲ ਗਈ ....

ਰੱਬ ਸਹੀ ਸਲਾਮਤ ਰੱਖੇ ਸਭ ਨੇ ਆਪਣਾ ਫਰਜ਼ ਨਿਭਾਇਆ
ਸ਼ੁਕਰ ਕਰਾਂ ਸਰਕਾਰਾਂ ਦਾ ਮਿਲ ਕੇ ਕੰਮ ਤਾਂ ਸਿਰੇ ਚੜ੍ਹਾਇਆ
ਹੋਰ ਅਸੀਂ ਕੀ ਚਾਹੁੰਦੇ ਮਿਟ ਗਈ ਦੋ ਦੇਸ਼ਾਂ ਦੀ ਦੂਰੀ
ਖ਼ਬਰ ਖੁਸ਼ੀ ਦੀ ਆਈ ਮਿਲ ਗਈ ....

ਸਾਢੇ ਪੰਜ ਸੌ ਸਾਲ ਮਨਾਈਏ ਤੇ ਸਾਰੇ ਮੱਥਾ ਟੇਕਣ ਜਾਈਏ
ਕੁੱਲ ਹਿੰਦੂ ਮੁਸਲਿਮ ਸਿੱਖ ਇਕੱਠੇ ਹੋ ਜਾ ਕੇ ਭੁੱਲ ਬਖ਼ਸ਼ਾਈਏ
ਦੱਸੇ 'ਦੇਵ ਘੋਲੀਏ' ਵਾਲਾ ਹੋਈ ਆਸ ਤਾਂ ਸਭ ਦੀ ਪੂਰੀ
ਖ਼ਬਰ ਖੁਸ਼ੀ ਦੀ ਆਈ ਮਿਲ ਗਈ ਲਾਂਘੇ ਦੀ ਮਨਜ਼ੂਰੀ।



– ਦੇਵ ਘੋਲੀਆ ਖੁਰਦ (ਫਰਿਜ਼ਨੋ)
559-232-7764

## 12ਵੀ ਸਦੀ ਦੀ ਚਰਚ ਦੇ ਕੀਤੇ ਦਰਸ਼ਨ

4 ਮੁਲਕਾਂ ਦੀ ਸੈਰ ਕਰਨ ਤੋਂ ਬਾਅਦ ਅਸੀ ਸਵੇਰੇ ਸਵੇਰੇ ਬੈਲਜੀਅਮ ਦੇ ਸ਼ਹਿਰ ਸਤਰੂਦਨ ਦੇ ਲਾਗੇ ਪੈਂਦੇ ਪਿੰਡ ਗਰੌਟ ਗੈਲਮਨ ਪਿੰਡ 'ਚ ਇੱਕ 12ਵੀਂ ਸਦੀ ਦੀ ਬਣੀ ਚਰਚ ਦੇ ਦਰਸ਼ਨ ਕੀਤੇ। ਛੋਟੇ ਜਿਹੇ ਏਰੀਏ 'ਚ ਵਸੇ ਪੁਰਾਣੇ ਡਾਟਾਂ ਵਾਲੇ ਗੇਟਾਂ ਦਾ ਨਜ਼ਾਰਾ ਦਿੰਦੇ ਇਸ ਪਿੰਡ 'ਚ 1247 'ਚ ਇਸ ਚਰਚ ਨੂੰ ਬਣਾਇਆ ਗਿਆ। ਚਰਚ ਵਿਚ ਪੁਰਾਣੀਆਂ ਸਾਰੀਆਂ ਚੀਜ਼ਾਂ ਉਂਝ ਤਾਂ ਵਧੀਆ ਤਰੀਕੇ ਨਾਲ ਸੰਭਾਲੀਆਂ ਤਾਂ ਹੋਈਆਂ ਹੀ ਨੇ ਪਰ ਨਾਲ ਇਹ ਵੀ ਦਰਸਾਇਆ ਗਿਆ ਕਿ ਲੋਕ ਕਿਸ ਤਰ੍ਹਾਂ ਸਾਦਾ ਜੀਵਨ ਬਸਰ ਕਰਦੇ ਸਨ। ਘਰਾਂ ਦੀ ਬਾਹਰੋਂ ਪੁਰਾਣੀ ਦਿੱਖ ਵੀ ਉਸੇ ਤਰ੍ਹਾਂ ਰੱਖੀ ਗਈ ਹੈ। ਜੇਕਰ ਕਿਸੇ ਨੇ 1947 ਪੰਜਾਬ ਦੇ ਅਸਲ ਦਰਸ਼ਨ ਕਰਨੇ ਹੋਣ ਤਾਂ ਬੈਲਜੀਅਮ ਦੇ ਇਸ ਗੈਲਮਨ ਪਿੰਡ ਨੂੰ ਜਰੂਰ ਦੇਖਣਾ ਚਾਹੀਦਾ ਹੈ। ਮੇਰੇ ਨਾਲ ਕਸ਼ਮੀਰ ਸਿੰਘ, ਕੁਲਜਿੰਦਰ ਸਿੰਘ, ਜਗਦੀਸ਼ ਸਿੰਘ ਰੁੜਕਾ ਅਤੇ ਉਹਨਾਂ ਦੇ ਸਾਰੇ ਪਰਿਵਾਰਿਕ ਮੈਂਬਰ ਸ਼ਾਮਲ ਸਨ। ਇਸ ਤੋਂ ਪਹਿਲਾਂ ਮੈਂ ਸ਼ਹਿਰ ਕਨੌਕੇ ਦੀ ਚਰਚ ਵਿਚ ਵੀ ਗਿਆ। ਕਨੌਕੇ 'ਚ ਕੋਈ ਗੁਰੂ ਘਰ ਨਹੀਂ। ਇਸ ਕਰਕੇ ਮੈਂ ਤੇ ਮੇਰੇ ਸਾਥੀਆਂ ਨੇ ਚਰਚ 'ਚ ਹੀ ਨਤਮਸਤਕ ਹੋ ਕੇ ਮੋਮਬੱਤੀਆਂ ਜਗਾ ਕੇ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਮਨਾਇਆ। ਬੈਲਜੀਅਮ ਦਾ ਰਾਸ਼ਟਰੀ ਚੈਂਪੀਅਨ ਤੀਰਥ ਰਾਮ ਕਨੌਕੇ ਅਤੇ ਉਸ ਦੀਆਂ ਦੋਵੇਂ ਬੇਟੀਆਂ ਐਂਜਲਾ ਤੇ ਅਨੰਨਿਆ ਸਾਡੇ ਨਾਲ ਸਨ। ਪਾਧਰੀ ਨੇ ਇਸਾਈ ਧਰਮ ਦਾ ਗਿਆਨ ਸਾਨੂੰ ਦਿੱਤਾ। ਮਨ ਨੂੰ ਬੜਾ ਸਕੂਨ ਆਇਆ।




ਜਗਰੂਪ ਸਿੰਘ ਜਰਖੜ
0032365369498

ਹਿੰਦੀ ਕਹਾਣੀ

# ਸ਼ਾਹ ਆਲਮ ਕੈਂਪ ਦੀਆਂ ਰੂਹਾਂ

ਅਸਗਰ ਵਜਾਹਤ
ਅਨੁਵਾਦ – ਕੇਹਰ ਸ਼ਰੀਫ਼



ਕੇਹਰ ਸ਼ਰੀਫ
+49 173 3546050

ਸ਼ਾਹ ਆਲਮ ਕੈਂਪ ਵਿਚ ਦਿਨ ਤਾਂ ਕਿਸੇ ਨਾ ਕਿਸੇ ਤਰ੍ਹਾਂ ਗੁਜ਼ਰ ਜਾਂਦੇ ਹਨ ਪਰ ਰਾਤਾਂ ਕਿਆਮਤ ਦੀਆਂ ਹੁੰਦੀਆਂ ਹਨ। ਅਜਿਹੀ ਹਫੜਾ ਦਫੜੀ ਦਾ ਆਲਮ ਹੁੰਦਾ ਹੈ ਕਿ ਅੱਲ੍ਹਾ ਬਚਾਵੇ। ਇੰਨੀਆਂ ਅਵਾਜ਼ਾਂ ਹੁੰਦੀਆਂ ਹਨ ਕਿ ਕੰਨ ਪਈ ਅਵਾਜ਼ ਵੀ ਸੁਣਾਈ ਨਹੀਂ ਦਿੰਦੀ। ਚੀਕ ਪੁਕਾਰ, ਰੌਲ਼ਾ-ਰੱਪਾ, ਰੋਣਾ-ਪਿੱਟਣਾ, ਆਹਾਂ-ਸਿਸਕੀਆਂ .......

ਰਾਤ ਦੇ ਸਮੇਂ ਰੂਹਾਂ ਆਪਣੇ ਬਾਲ-ਬੱਚਿਆਂ ਨੂੰ ਮਿਲਣ ਆਉਂਦੀਆਂ ਹਨ। ਰੂਹਾਂ ਆਪਣੇ ਯਤੀਮ ਬੱਚਿਆਂ ਦੇ ਸਿਰ ’ਤੇ ਹੱਥ ਫੇਰਦੀਆਂ ਹਨ, ਉਨ੍ਹਾਂ ਦੀਆਂ ਸੁੰਨੀਆਂ ਅੱਖਾਂ ਵਿਚ ਆਪਣੀਆਂ ਸੁੰਨੀਆਂ ਅੱਖਾਂ ਪਾ ਕੇ ਕੁੱਝ ਕਹਿੰਦੀਆਂ ਹਨ। ਬੱਚਿਆਂ ਨੂੰ ਛਾਤੀ ਨਾਲ ਲਾਉਂਦੀਆਂ ਹਨ। ਜੀਊਂਦੇ ਸਾੜੇ ਜਾਣ ਤੋਂ ਪਹਿਲਾਂ ਉਨ੍ਹਾਂ ਦੀਆਂ ਜਿਹੜੀਆਂ ਸੀਨਾਂ ਪਾੜਵੀਆਂ ਚੀਕਾਂ ਨਿਕਲੀਆਂ ਸਨ ਉਹ ਪਿਛੋਕੜ ਵਿਚ ਗੂੰਜਦੀਆਂ ਰਹਿੰਦੀਆਂ ਹਨ।

ਸਾਰਾ ਕੈਂਪ ਜਦੋਂ ਸੌਂ ਜਾਂਦਾ ਹੈ ਤਾਂ ਬੱਚੇ ਜਾਗਦੇ ਹਨ। ਉਨ੍ਹਾਂ ਨੂੰ ਉਡੀਕ ਰਹਿੰਦੀ ਹੈ ਆਪਣੀ ਮਾਂ ਨੂੰ ਦੇਖਣ ਦੀ....... ਅੱਬਾ ਨਾਲ ਖਾਣਾ ਖਾਣ ਦੀ।

‘ਕਿਵੇਂ ਹੋ ਸਿਰਾਜ’ ਅੰਮਾਂ ਦੀ ਰੂਹ ਨੇ ਸਿਰਾਜ ਦੇ ਸਿਰ ’ਤੇ ਹੱਥ ਫੇਰਦੇ ਹੋਏ ਕਿਹਾ।’

‘ਤੁਸੀਂ ਕਿਵੇਂ ਹੋ ਅੰਮਾਂ?’

ਮਾਂ ਖੁਸ਼ ਨਜ਼ਰ ਆ ਰਹੀ ਸੀ, ਕਹਿਣ ਲੱਗੀ ‘ਸਿਰਾਜ ਹੁਣ ਮੈਂ ਰੂਹ ਹਾਂ ਹੁਣ ਮੈਨੂੰ ਕੋਈ ਜਾਲ ਨਹੀਂ ਸਕਦਾ।’

‘ਅੰਮਾਂ ਕੀ ਮੈਂ ਵੀ ਤੁਹਾਡੀ ਤਰ੍ਹਾਂ ਹੋ ਸਕਦਾ ਹਾਂ?’

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਇਕ ਔਰਤ ਦੀ ਘਬਰਾਈ, ਬੁਖਲਾਈ ਰੂਹ ਪਹੁੰਚੀ ਜੋ ਆਪਣੇ ਬੱਚੇ ਨੂੰ ਲੱਭ ਰਹੀ ਸੀ। ਉਸਦਾ ਬੱਚਾ ਨਾ ਉਸ ਦੁਨੀਆਂ ਵਿਚ ਸੀ ਨਾ ਹੀ ਉਹ ਕੈਂਪ ਵਿਚ ਸੀ। ਬੱਚੇ ਦੀ ਮਾਂ ਦਾ ਕਾਲਜਾ ਫਟਿਆ ਜਾ ਰਿਹਾ ਸੀ। ਦੂਜੀਆਂ ਔਰਤਾਂ ਦੀਆਂ ਰੂਹਾਂ ਵੀ ਇਸ ਔਰਤ ਨਾਲ ਬੱਚੇ ਨੂੰ ਢੂੰਡਣ ਲੱਗੀਆਂ। ਉਨ੍ਹਾਂ ਸਾਰੀਆਂ ਨੇ ਇਕਠੀਆਂ ਹੋ ਕੇ ਸਾਰਾ ਕੈਂਪ ਛਾਣ ਮਾਰਿਆ, ਮੁਹੱਲੇ ਗਈਆਂ, ਘਰ ਧੂਆਂ ਧੂਆਂ ਹੋਏ ਜਲ ਰਹੇ ਸਨ। ਕਿਉਂਕਿ ਉਹ ਰੂਹਾਂ ਸਨ ਇਸ ਕਰਕੇ ਜਲਦੇ ਹੋਏ ਮਕਾਨਾਂ ਦੇ ਅੰਦਰ ਚਲੀਆਂ ਗਈਆਂ। ਕੋਨਾ ਕੋਨਾ ਛਾਣ ਮਾਰਿਆ ਪਰ ਬੱਚਾ ਨਾ ਮਿਲਿਆ।

ਆਖਰ ਸਭ ਔਰਤਾਂ ਦੀਆਂ ਰੂਹਾਂ ਦੰਗਾਕਾਰੀਆਂ ਕੋਲ ਗਈਆਂ। ਉਹ ਕੱਲ੍ਹ ਵਾਸਤੇ ਪੈਟਰੋਲ ਪੰਪ ਬਣਾ ਰਹੇ ਸਨ। ਬੰਦੂਕਾਂ ਸਾਫ ਕਰ ਰਹੇ ਸਨ। ਹਥਿਆਰ ਚਮਕਾ ਰਹੇ ਸਨ।

ਬੱਚੇ ਦੀ ਮਾਂ ਨੇ ਉਨ੍ਹਾਂ ਤੋਂ ਆਪਣੇ ਬੱਚੇ ਬਾਰੇ ਪੁੱਛਿਆ ਤਾਂ ਉਹ ਹੱਸਣ ਲੱਗੇ ਤੇ ਬੋਲੇ ‘ਸੁਣ ਪਾਗਲ ਔਰਤ ਜਦੋਂ ਦਸ ਦਸ, ਵੀਹ ਵੀਹ ਲੋਕਾਂ ਨੂੰ ਇਕੱਠਿਆਂ ਜਲਾਇਆ ਜਾਂਦਾ ਹੈ ਤਾਂ ਇਕ ਬੱਚੇ ਦਾ ਹਿਸਾਬ ਕੌਣ ਰੱਖਦਾ ਹੈ? ਪਿਆ ਹੋਣੈ ਕਿਸੇ ਸੁਆਹ ਦੇ ਢੇਰ ਵਿਚ।’

ਮਾਂ ਨੇ ਕਿਹਾ ‘ਨਹੀਂ, ਨਹੀਂ ਮੈਂ ਤਾਂ ਹਰ ਥਾਵੇਂ ਦੇਖ ਲਿਆ ਹੈ, ਕਿਧਰੇ ਨਹੀਂ ਮਿਲਿਆ।’ ਉਦੋਂ ਕਿਸੇ ਦੰਗਾਕਾਰੀ ਨੇ ਕਿਹਾ ‘ਓਏ, ਇਹ ਕਿਧਰੇ ਉਸ ਬੱਚੇ ਦੀ ਮਾਂ ਤਾਂ ਨਹੀਂ ਜਿਹਨੂੰ ਅਸੀਂ ਤ੍ਰਿਸੂਲ ਉੱਤੇ ਟੰਗ ਆਏ ਸਾਂ।’

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਰੂਹਾਂ ਆਪਣੇ ਬੱਚਿਆਂ ਵਾਸਤੇ ਸਵਰਗ ਤੋਂ ਖਾਣਾ ਲਿਆਉਂਦੀਆਂ ਹਨ, ਪਾਣੀ ਲਿਆਉਂਦੀਆਂ ਹਨ, ਦਵਾਈਆਂ ਲਿਆਉਂਦੀਆਂ ਹਨ ਅਤੇ ਬੱਚਿਆਂ ਨੂੰ ਦੇ ਦਿੰਦੀਆਂ ਹਨ। ਇਹ ਹੀ ਕਾਰਨ ਹੈ ਕਿ ਸ਼ਾਹ ਆਲਮ ਕੈਂਪ ਵਿਚ ਨਾ ਤਾਂ ਕੋਈ ਬੱਚਾ ਭੁੱਖਾ, ਨੰਗਾ ਰਹਿੰਦਾ ਹੈ ਨਾ ਹੀ ਬੀਮਾਰ। ਇਹ ਹੀ ਕਾਰਨ ਹੈ ਕਿ ਸ਼ਾਹ ਆਲਮ ਕੈਂਪ ਮਸ਼ਹੂਰ ਹੋ ਗਿਆ ਹੈ। ਦੂਰ-ਦੂਰ ਤੱਕ ਮੁਲਕਾਂ ਵਿਚ ਉਸਦਾ ਨਾਮ ਹੈ। ਦਿੱਲੀ ਤੋਂ ਇਕ ਵੱਡਾ ਨੇਤਾ ਜਦੋਂ ਸ਼ਾਹ ਆਲਮ ਕੈਂਪ ਦੇ ਦੌਰੇ ’ਤੇ ਗਿਆ ਸੀ ਤਾਂ ਬਹੁਤ ਖੁਸ਼ ਹੋਇਆ ਤੇ ਕਹਿਣ ਲੱਗਾ, ‘ਇਹ ਤਾਂ ਬਹੁਤ ਵਧੀਆ ਥਾਂ ਹੈ। ਇੱਥੇ ਤਾਂ ਦੇਸ਼ ਦੇ ਸਾਰੇ ਮੁਸਲਮਾਨ ਬੱਚਿਆਂ ਨੂੰ ਪਹੁੰਚਾ ਦੇਣਾ ਚਾਹੀਦਾ।’

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਰਾਤ ਭਰ ਬੱਚਿਆਂ ਨਾਲ ਰਹਿੰਦੀਆਂ ਹਨ, ਉਨ੍ਹਾਂ ਨੂੰ ਰੂਹ ਨਾਲ ਦੇਖਦੀਆਂ ਹਨ, ਉਨ੍ਹਾਂ ਦੇ ਭਵਿੱਖ ਬਾਰੇ ਸੋਚਦੀਆਂ ਹਨ। ਉਨ੍ਹਾਂ ਨਾਲ ਗੱਲਬਾਤ ਕਰਦੀਆਂ ਹਨ। ‘ਸਿਰਾਜ ਹੁਣ ਤੂੰ ਘਰ ਚਲਾ ਜਾਹ।’ ਮਾਂ ਦੀ ਰੂਹ ਨੇ ਸਿਰਾਜ ਨੂੰ ਕਿਹਾ।

‘ਘਰ?’ ਸਿਰਾਜ ਸਹਿਮ ਗਿਆ। ਉਹਦੇ ਚਿਹਰੇ ਤੇ ਮੌਤ ਦੇ ਪ੍ਰਛਾਵੇਂ ਨੱਚਣ ਲੱਗੇ।

‘ਹਾਂ, ਇੱਥੇ ਕਦੋਂ ਤੱਕ ਰਵੇਂਗਾ? ਮੈਂ ਹਰ ਰੋਜ਼ ਰਾਤ ਨੂੰ ਤੇਰੇ ਕੋਲ ਆਇਆ ਕਰਾਂਗੀ।’

‘ਨਹੀਂ, ਮੈਂ ਘਰ ਨਹੀਂ ਜਾਵਾਂਗਾ, ਕਦੀਂ ਨਹੀਂ, ਕਦੀਂ.........’

ਧੂਆਂ, ਅੱਗ, ਚੀਕਾਂ, ਰੌਲ਼ਾ ।

‘ਅੰਮਾਂ ਮੈਂ ਤੇਰੇ ਅਤੇ ਅੱਬੂ ਦੇ ਨਾਲ ਰਹਾਂਗਾ।’

‘ਤੂੰ ਸਾਡੇ ਨਾਲ ਕਿਵੇਂ ਰਹਿ ਸਕਦਾ ਏਂ ਸਿੱਕੂ.....’

‘ਭਾਈ ਜਾਨ ਤੇ ਭੈਣ ਵੀ ਰਹਿੰਦੇ ਹਨ ਨਾ ਤੁਹਾਡੇ ਨਾਲ’

‘ਉਨ੍ਹਾਂ ਨੂੰ ਵੀ ਸਾਡੇ ਨਾਲ ਹੀ ਜਲਾ ਦਿੱਤਾ ਗਿਆ ਸੀ ਨਾ।’

‘ਫੇਰ.....ਫੇਰ ਤਾਂ ਮੈਂ ਘਰ ਚਲਾ ਜਾਵਾਂਗਾ ਅੰਮਾਂ।’

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਇਕ ਬੱਚੇ ਦੀ ਰੂਹ ਆਉਂਦੀ ਹੈ...... ਬੱਚਾ ਰਾਤ ਵੇਲੇ ਚਮਕਦੇ ਹੋਏ ਟਟੈਹਣੇ ਵਰਗਾ ਲਗਦਾ ਹੈ। ਇੱਧਰ ਉੱਧਰ ਉਡਦਾ ਫਿਰਦਾ ਹੈ, ਪੂਰੇ ਕੈਂਪ ਵਿਚ ਦੌੜਾ ਫਿਰਦਾ ਹੈ, ਉਛਲਦਾ-ਕੁੱਦਦਾ ਹੈ, ਸ਼ਰਾਰਤਾਂ ਕਰਦਾ ਹੈ, ਤੁਤਲਾਉਂਦਾ ਨਹੀਂ ਸਾਫ ਸਾਫ ਬੋਲਦਾ ਹੈ, ਮਾਂ ਦੇ ਕੱਪੜਿਆਂ ਨਾਲ ਲਿਪਟਿਆ ਰਹਿੰਦਾ ਹੈ, ਬਾਪ ਦੀ ਉਂਗਲ ਫੜੀ ਰੱਖਦਾ ਹੈ।

ਸ਼ਾਹ ਆਲਮ ਕੈਂਪ ਦੇ ਦੂਸਰੇ ਬੱਚਿਆਂ ਤੋਂ ਵੱਖਰਾ ਇਹ ਬੱਚਾ ਬਹੁੱਤ ਖੁਸ਼ ਰਹਿੰਦਾ ਹੈ।

‘ਤੂੰ ਇੰਨਾ ਖੁਸ਼ ਕਿਉਂ ਰਹਿੰਦਾ ਏਂ ਬੱਚੇ?’

‘ਤੁਹਾਨੂੰ ਨਹੀਂ ਪਤਾ, ਇਹ ਤਾਂ ਸਭ ਜਾਣਦੇ ਹਨ।’

‘ਕੀ?’

‘ਇਹ ਹੀ ਕਿ ਮੈਂ ਸਬੂਤ ਹਾਂ।’

‘ਸਬੂਤ? ਕਾਹਦਾ ਸਬੂਤ?’

‘ਬਹਾਦਰੀ ਦਾ ਸਬੂਤ ਹਾਂ।’

‘ਕਿਹਦੀ ਬਹਾਦਰੀ ਦਾ ਸਬੂਤ ਐਂ?’

‘ਉਨ੍ਹਾਂ ਦੀ ਜਿਨ੍ਹਾਂ ਨੇ ਮੇਰੀ ਮਾਂ ਦਾ ਪੇਟ ਚੀਰ ਕੇ ਮੈਨੂੰ ਕੱਢਿਆ ਸੀ ਅਤੇ ਮੇਰੇ ਦੋ ਟੁਕੜੇ ਕਰ ਦਿੱਤੇ ਸਨ।’

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਇਕ ਲੜਕੇ ਕੋਲ ਉਹਦੀ ਮਾਂ ਦੀ ਰੂਹ ਆਈ। ਲੜਕਾ ਦੇਖ ਕੇ ਹੈਰਾਨ ਹੋ ਗਿਆ।

‘ਮਾਂ ਤੂੰ ਅੱਜ ਇੰਨੀ ਖੁਸ਼ ਕਿਉਂ ਏਂ?’

‘ਸਿਰਾਜ ਮੈਂ ਅੱਜ ਤੇਰੇ ਦਾਦੇ ਨੂੰ ਮਿਲੀ ਸੀ। ਉਨ੍ਹਾਂ ਨੇ ਮੈਨੂੰ ਆਪਣੇ ਅੱਬਾ ਨਾਲ ਮਿਲਾਇਆ। ਉਨ੍ਹਾਂ ਨੇ ਆਪਣੇ ਦਾਦੇ ਨਾਲ......ਨਕੜ ਦਾਦਾ.....ਤੇਰੇ ਨਕੜ ਦਾਦੇ ਨੂੰ ਮੈਂ ਮਿਲੀ।’ ਮਾਂ ਦੀ ਅਵਾਜ਼ ਵਿਚੋਂ ਖੁਸ਼ੀ ਫੁੱਟ ਰਹੀ ਸੀ। ‘ਸਿਰਾਜ ਤੇਰੇ ਨਕੜ ਦਾਦਾ ਹਿੰਦੂ ਸਨ .....ਹਿੰਦੂ....ਸਮਝਿਆ? ਸਿਰਾਜ ਇਹ ਗੱਲ ਸਾਰਿਆਂ ਨੂੰ ਦੱਸ ਦੇਵੀਂ।’

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਇਕ ਭੈਣ ਦੀ ਰੂਹ ਆਈ। ਰੂਹ ਆਪਣੇ ਭਰਾ ਨੂੰ ਲੱਭ ਰਹੀ ਸੀ। ਲੱਭਦੇ ਹੋਏ ਉਸਦਾ ਭਰਾ ਉਸਨੂੰ ਪੌੜੀਆਂ ’ਤੇ ਬੈਠਾ ਦਿਖਾਈ ਦਿੱਤਾ। ਭੈਣ ਦੀ ਰੂਹ ਖੁਸ਼ ਹੋਈ। ਉਹ ਨੱਠਕੇ ਭਰਾ ਦੇ ਕੋਲ ਪਹੁੰਚੀ ਅਤੇ ਬੋਲੀ ‘ਵੀਰਾ’।

ਭਰਾ ਨੇ ਸੁਣਕੇ ਵੀ ਅਨਸੁਣਿਆਂ ਕਰ ਦਿੱਤਾ। ਉਹ ਪੱਥਰ ਦੀ ਮੂਰਤੀ ਬਣਿਆ ਬੈਠਾ ਰਿਹਾ। ਭੈਣ ਨੇ ਫੇਰ ਕਿਹਾ ‘ਸੁਣ ਵੀਰਿਆ’ ਭਰਾ ਨੇ ਫੇਰ ਨਹੀਂ ਸੁਣਿਆ। ਨਾ ਭੈਣ ਵਲ ਹੀ ਦੇਖਿਆ। ‘ਤੂੰ ਮੇਰੀ ਗੱਲ ਕਿਉਂ ਨਹੀਂ ਸੁਣ ਰਿਹਾ ਵੀਰਿਆ? ਭੈਣ ਨੇ ਜੋਰ ਨਾਲ ਕਿਹਾ ਤਾਂ ਭਰਾ ਦਾ ਚਿਹਰਾ ਅੱਗ ਦੀ ਤਰ੍ਹਾਂ ਲਾਲ ਸੁਰਖ ਹੋ ਗਿਆ। ਉਹਦੀਆਂ ਅੱਖਾਂ ਉਬਲਣ ਲੱਗੀਆਂ। ਉਹ ਇਕ ਦਮ ਉੱਠਿਆ ਤੇ ਭੈਣ ਨੂੰ ਬੁਰੀ ਤਰ੍ਹਾਂ ਕੁੱਟਣ ਲੱਗ ਪਿਆ। ਲੋਕ ਇਕੱਠੇ ਹੋ ਗਏ। ਕਿਸੇ ਨੇ ਕੁੜੀ ਤੋਂ ਪੁੱਛਿਆ ਕਿ ਉਹਨੇ ਅਜਿਹਾ ਕੀ ਕਹਿ ਦਿੱਤਾ ਕਿ ਭਰਾ ਉਹਨੂੰ ਕੁੱਟਣ ਹੀ ਲੱਗ ਪਿਆ? ‘ ਮੈਂ ਤਾਂ ਸਿਰਫ ਇਹਨੂੰ ਵੀਰਾ ਕਹਿ ਕੇ ਬੁਲਾਇਆ ਹੀ ਹੈ।’ ਇਕ ਬਜ਼ੁਰਗ ਕਹਿਣ ਲੱਗਾ, ‘ਨਹੀਂ ਸਲੀਮਾ ਨਹੀਂ, ਤੂੰ ਇੰਨੀ ਵੱਡੀ ਗਲਤੀ ਕਿਉਂ ਕੀਤੀ? ਬਜ਼ੁਰਗ ਫੁੱਟ ਫੁੱਟ ਕੇ ਰੋਣ ਲੱਗਾ ਅਤੇ ਭਰਾ ਆਪਣਾ ਸਿਰ ਪਿੱਟਣ ਲੱਗਾ।

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਇਕ ਦਿਨ ਹੋਰ ਰੂਹਾਂ ਦੇ ਨਾਲ ਇਕ ਬੁੱਢੇ ਆਦਮੀ ਦੀ ਰੂਹ ਵੀ ਸ਼ਾਹ ਆਲਮ ਕੈਂਪ ਵਿਚ ਆ ਗਈ। ਬੁੱਢਾ ਆਦਮੀ ਨੰਗੇ ਪਿੰਡੇ ਸੀ, ਉੱਚੀ ਧੋਤੀ ਬੰਨ੍ਹੀ ਹੋਈ ਸੀ। ਪੈਰਾਂ ਵਿਚ ਚਪਲਾਂ ਸਨ ਅਤੇ ਹੱਥ ਵਿਚ ਇਕ ਬਾਂਸ ਦਾ ਡੰਡਾ ਸੀ। ਧੋਤੀ ਵਿਚ ਉਹਨੇ ਕਿਧਰੇ ਘੜੀ ਬੰਨੀ ਹੋਈ ਸੀ।

ਰੂਹਾਂ ਨੇ ਬੁੱਢੇ ਆਦਮੀ ਨੂੰ ਪੁੱਛਿਆ ‘ ਕੀ ਤੁਹਾਡਾ ਵੀ ਕੋਈ ਰਿਸ਼ਤੇਦਾਰ ਕੈਂਪ ਵਿਚ ਹੈ?’

ਬੁੱਢੇ ਨੇ ਕਿਹਾ ‘ਨਹੀਂ ਅਤੇ ਹਾਂ।’

ਰੂਹਾਂ ਨੇ ਬੁੱਢੇ ਆਦਮੀ ਨੂੰ ਪਾਗਲ ਸਮਝ ਕੇ ਛੱਡ ਦਿੱਤਾ ਅਤੇ ਉਹ ਕੈਂਪ ਦਾ ਗੇੜਾ ਲਾਉਣ ਲੱਗੀਆਂ।

ਕਿਸੇ ਨੇ ਬੁੱਢੇ ਆਦਮੀ ਨੂੰ ਪੁੱਛਿਆ ‘ਬਾਬਾ ਤੁਸੀਂ ਕਿਸ ਨੂੰ ਲੱਭ ਰਹੇ ਹੋ?’

ਬੁੱਢੇ ਨੇ ਕਿਹਾ ‘ ਅਜਿਹੇ ਲੋਕਾਂ ਨੂੰ ਜੋ ਮੇਰੀ ਹੱਤਿਆ ਕਰ ਸਕਣ।’

‘ਕਿਉਂ?’

‘ਮੈਨੂੰ ਅੱਜ ਤੋਂ ਪੰਜਾਹ ਸਾਲ ਪਹਿਲਾਂ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ, ਹੁਣ ਮੈਂ ਚਾਹੁੰਦਾ ਹਾਂ ਦੰਗਾਕਾਰੀ ਮੈਨੂੰ ਜੀਊਂਦੇ ਨੂੰ ਜਾਲ ਕੇ ਮਾਰ ਦੇਣ।’

‘ਇਹ ਤੁਸੀਂ ਕਿਉਂ ਕਰਨਾ ਚਾਹੁੰਦੇ ਹੋ ਬਾਬਾ?’

‘ਸਿਰਫ ਇਹ ਦੱਸਣ ਲਈ ਕਿ ਨਾ ਤਾਂ ਉਨ੍ਹਾਂ ਵਲੋਂ ਗੋਲੀ ਮਾਰਿਆਂ ਹੀ ਮੈਂ ਮਰਿਆ ਸੀ ਅਤੇ ਨਾ ਹੀ ਉਨ੍ਹਾਂ ਵਲੋਂ ਜੀਊਂਦੇ ਜਾਲ ਦੇਣ ਨਾਲ ਮੈਂ ਮਰਾਂਗਾ।’

ਸ਼ਾਹ ਆਲਮ ਕੈਂਪ ਵਿਚ ਇਕ ਰੂਹ ਤੋਂ ਕਿਸੇ ਨੇ ਪੁੱਛਿਆ ‘ਤੇਰੇ ਮਾਂ-ਬਾਪ ਹਨ?’

‘ਮਾਰ ਦਿੱਤਾ ਸਾਰਿਆਂ ਨੂੰ’

‘ਭੈਣ-ਭਰਾ?’

‘ਨਹੀਂ ਹੈ।’

‘ਕੋਈ ਹੈ?’

‘ਨਹੀਂ’

‘ਇੱਥੇ ਅਰਾਮ ਨਾਲ ਹੋ?’

‘ਹਾਂ, ਹਾਂ’

‘ਖਾਣਾ-ਪੀਣਾ ਮਿਲਦਾ ਹੈ?’

‘ਹਾਂ ਮਿਲਦਾ ਹੈ?’

‘ਕੱਪੜੇ-ਲੱਤੇ ਹਨ?’

‘ਹਾਂ ਹੈਨ’

‘ਕੁੱਝ ਚਾਹੀਦਾ ਤਾਂ ਨਹੀਂ?’

‘ਕੁੱਝ ਨਹੀਂ’

‘ਕੁੱਝ ਨਹੀਂ?’

‘ਕੁੱਝ ਨਹੀਂ।’

ਨੇਤਾ ਜੀ ਖੁਸ਼ ਹੋ ਗਏ। ਸੋਚਿਆ ਲੜਕਾ ਸਮਝਦਾਰ ਹੈ। ਮੁਸਲਮਾਨਾਂ ਵਰਗਾ ਨਹੀਂ ਹੈ।

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਇਕ ਦਿਨ ਰੂਹਾਂ ਦੇ ਨਾਲ ਸ਼ੈਤਾਨ ਦੀ ਰੂਹ ਵੀ ਆ ਗਈ। ਇਧਰ ਉੱਧਰ ਦੇਖ ਕੇ ਬੜਾ ਸ਼ਰਮਿੰਦਾ ਅਤੇ ਪ੍ਰੇਸ਼ਾਨ ਹੋਇਆ। ਲੋਕਾਂ ਨਾਲ ਅੱਖਾਂ ਨਹੀਂ ਮਿਲਾ ਰਿਹਾ ਸੀ। ਕੰਨੀ ਕਤਰਾ ਰਿਹਾ ਸੀ। ਰਸਤਾ ਬਦਲ ਲੈਂਦਾ ਸੀ। ਗਰਦਨ ਝੁਕਾ ਕੇ ਤੇਜੀ ਨਾਲ ਉੱਧਰ ਮੁੜ ਜਾਂਦਾ ਸੀ ਜਿੱਧਰ ਲੋਕ ਨਹੀਂ ਹੁੰਦੇ ਸਨ। ਆਖਰ ਵਿਚ ਲੋਕਾਂ ਨੇ ਉਹਨੂੰ ਫੜ ਹੀ ਲਿਆ। ਉਹ ਅਸਲੋਂ ਸਰ਼ਮਿੰਦਾ ਹੋ ਕੇ ਕਹਿਣ ਲੱਗਾ, ‘ ਹੁਣ ਜੋ ਕੁੱਝ ਹੋਇਆ ਹੈ ਇਸ ਵਿਚ ਮੇਰਾ ਕੋਈ ਹੱਥ ਨਹੀਂ। ਅੱਲ੍ਹਾ ਦੀ ਕਸਮ ਮੇਰਾ ਕੋਈ ਹੱਥ ਨਹੀਂ।’ ਲੋਕਾਂ ਨੇ ਕਿਹਾ, ‘ਹਾਂ-ਹਾਂ ਅਸੀਂ ਜਾਣਦੇ ਹਾਂ ਕਿ ਤੂੰ ਤਾਂ ਇਵੇਂ ਕਰ ਹੀ ਨਹੀਂ ਸਕਦਾ।

ਆਖਰ ਤੁਹਾਡਾ ਵੀ ਕੋਈ ਸਟੈਂਡਰਡ ਹੈ।’ ਸ਼ੈਤਾਨ ਠੰਢਾ ਸਾਹ ਲੈ ਕੇ ਕਹਿਣ ਲੱਗਾ, ‘ਚਲੋ ਦਿਲ ਤੋਂ ਇਕ ਬੋਝ ਉਤਰ ਗਿਆ....... ਤੁਸੀਂ ਲੋਕ ਸਚਾਈ ਜਾਣਦੇ ਹੋ।’ ਲੋਕਾਂ ਨੇ ਕਿਹਾ, ‘ਕੁੱਝ ਦਿਨ ਪਹਿਲਾਂ ਅੱਲ੍ਹਾ ਮੀਆਂ ਵੀ ਆਏ ਸਨ ਅਤੇ ਇਹ ਹੀ ਕਹਿ ਰਹੇ ਸਨ।’

# ਗੁਰੂ ਸਾਹਿਬ ਵੱਲੋਂ ਬਖ਼ਸ਼ੇਂ 'ਸਿੰਘ' ਅਤੇ 'ਕੌਰ' ਨਾਮ ਨਾਲ ਨਾ ਲਿਖਣ ਦਾ ਗ਼ਲਤ ਰੁਝਾਨ



ਜਗਜੀਤ ਸਿੰਘ ਗਣੇਸ਼ਪੁਰ
91- 94655-76022

ਦਸਮੇਸ਼ ਪਿਤਾ ਵੱਲੋਂ ਖ਼ਾਲਸੇ ਦੀ ਸਾਜਣਾ ਦਿਵਸ ਮੌਕੇ ਮਰਦਾ ਨੂੰ ਆਪਣੇ ਨਾਮ ਨਾਲ 'ਸਿੰਘ' ਅਤੇ ਬੀਬੀਆਂ ਨੂੰ ਕੌਰ' ਲਗਵਾਉਣ ਦੀ ਬਖ਼ਸ਼ਿੰਸ਼ ਕੀਤੀ। 'ਸਿੰਘ' ਤੋਂ ਭਾਵ ਸ਼ੇਰ, ਬਹਾਦਰ, ਸੂਰਬੀਰ, ਪ੍ਰਧਾਨ, ਉੱਤਮ ਅਤੇ 'ਕੌਰ' ਤੋਂ ਭਾਵ ਰਾਜਕੁਮਾਰੀ ਹੋਣ ਤੋਂ ਹੈ। ਪਰ ਅਜੋਕੇ ਸਮੇਂ ਪੱਛਮੀ ਸਭਿਅਤਾ ਦੇ ਪ੍ਰਭਾਵ ਹੇਠ ਜਾਂ ਫੋਕੀ ਫ਼ੈਸ਼ਨਪ੍ਰਸਤੀ ਦੀ ਮਾਰ ਕਾਰਨ ਨੌਜਵਾਨ ਮੁੰਡੇ-ਕੁੜੀਆਂ ਆਪਣਾ ਪੂਰਾ ਨਾਮ ਲਿਖਣ ਅਤੇ ਬੋਲਣ ਤੋਂ ਵੀ ਗੁਰੇਜ਼ ਕਰਦੇ ਹਨ। ਜਦੋਂ ਕਿ ਦਸਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਨਾਂਦੇੜ ਵਿਖੇ ਕੀਤੇ ਗਏ 52 ਬਚਨਾਂ ਵਿੱਚ ਹਰ ਇੱਕ ਸਿੱਖ ਔਰਤ-ਮਰਦ ਨੂੰ ਆਪਣਾ ਪੂਰਾ ਨਾਮ ਲੈਣ ਦਾ ਹੁਕਮ ਹੈ। ਅਜੋਕੇ ਮਾਪੇ ਆਪਣੇ ਬੱਚਿਆ ਦਾ ਨਾਮ ਇਹੋ ਜਿਹੇ ਰੱਖ ਰਹੇ ਹਨ ਜਿਨ੍ਹਾਂ ਦਾ ਕੋਈ ਅਰਥ ਭਾਵ ਹੀ ਨਹੀਂ ਹੁੰਦਾ ਜਦੋਂ ਅਸੀਂ ਪੁਰਾਤਨ ਸਿੰਘਾਂ/ਸਿੰਘਣੀਆਂ ਦਾ ਨਾਮ ਪੜ੍ਹਦੇ ਸੁਣਦੇ ਹਾਂ ਤਾਂ ਨਾਮ ਤੋਂ ਹੀ ਜੋਸ਼, ਬੀਰਤਾ, ਬਹਾਦਰੀ, ਸੇਵਾ ਭਾਵਨਾ, ਨਿਮਰਤਾ, ਪਵਿੱਤਰਤਾ ਦਾ ਝਲਕਾਰਾ ਪੈਂਦਾ ਸੀ।ਜਿਵੇਂ ਸ਼ਮਸ਼ੇਰ ਸਿੰਘ, ਜਰਨੈਲ ਸਿੰਘ, ਦਲੇਰ ਸਿੰਘ, ਸਿਮਰਨਪ੍ਰੀਤ ਸਿੰਘ, ਨਿਰਮਲ ਸਿੰਘ, ਦਇਆ ਕੌਰ, ਅਸੀਸ ਕੌਰ, ਨਿਰਲੇਪ ਕੌਰ ਆਦਿ । ਜੇ ਹੁਣ ਦੇ ਨਾਵਾਂ ਦੀ ਗੱਲ ਕਰੀਏ ਜਿਵੇਂ ਸਨੀ, ਮਨੀ, ਹਨੀ, ਟੋਮੀ, ਟੋਨੀ, ਜੈਜ਼ੀ, ਰਿੰਕੀ, ਪਿੰਕੀ ਆਦਿ ਨਾਮ ਸਾਡੇ ਅਮੀਰ ਵਿਰਸੇ ਤੋਂ ਸੱਖਣੇ ਪ੍ਰਤੀਤ ਹੁੰਦੇ ਹਨ।

ਗੁਰੂ ਸਾਹਿਬ ਵੱਲੋਂ ਬਖ਼ਸ਼ੇ 'ਸਿੰਘ' ਅਤੇ 'ਕੌਰ' ਸਾਡੀ ਹੋਂਦ ਦਾ ਪ੍ਰਗਟਾਵਾ ਅਤੇ ਸਮਾਜ ਪ੍ਰਤੀ ਫ਼ਰਜ਼ਾਂ ਨੂੰ ਸੁਚੇਤ ਕਰਦੇ ਹਨ। ਕਈ ਸੱਜਣਾਂ ਦਾ ਵਿਚਾਰ ਹੋਵੇਗਾ ਕਿ ਨਾਮ ਵਿੱਚ ਕੀ ਰੱਖਿਆ ਹੈ ,'ਸਿੰਘ' ਜਾਂ 'ਕੌਰ' ਨਾਮ ਨਾਲ ਲਗਾ ਕੇ ਕੋਈ ਆਦਰਸ਼ ਇਨਸਾਨ ਨਹੀਂ ਬਣ ਜਾਂਦਾ ਕਿਉਂਕਿ ਇਨਸਾਨ ਆਪਣੇ ਕਰਮ ਨਾਲ ਹੀ ਪਹਿਚਾਣਿਆ ਜਾਂਦਾ ਹੈ, ਇਸ ਸੰਦਰਭ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਜਦੋਂ ਸਾਡੇ ਨਾਮ ਨਾਲ ਇਹ ਸ਼ਬਦ ਲੱਗੇ ਹੋਏ ਹੋਣਗੇ ਤਾਂ ਸਾਨੂੰ ਸਾਡੇ ਫ਼ਰਜ਼ ਅਤੇ ਇਖ਼ਲਾਕ ਚੇਤਾ ਰਹੇਗਾ ਕਿ ਅਸੀਂ ਕੌਣ ਹਾਂ, ਸਾਡੇ ਵਿਰਸਾ ਕੀ ਹੈ ਅਤੇ ਸਾਡੀ ਸਮਾਜ ਪ੍ਰਤੀ ਕਿ ਜ਼ਿੰਮੇਵਾਰੀ ਹੈ।

ਗੁਰੂ ਸਾਹਿਬ ਜੀ ਨੇ ਸਾਡੇ ਨਾਮ ਨਾਲ ਜਾਤਾਂ, ਪਾਤਾਂ, ਕਬੀਲਿਆਂ ਆਦਿ ਦੀ ਪਹਿਚਾਣ ਸਦਾ ਲਈ ਹਟਾ ਦਿੱਤੀ ਸੀ। ਪਰ ਇਸ ਸਭ ਦੇ ਬਾਵਜੂਦ ਪੰਜਾਬੀ ਹੁਣ ਨਾਮ ਦੇ ਪਿੱਛੇ ਗੋਤ ਲਗਵਾਉਣ ਨੂੰ ਜ਼ਿਆਦਾ ਤਰਜ਼ੀਹ ਦਿੰਦੇ ਹਨ।

ਗੋਤ ਲਿਖਣਾ ਵੱਡਾਪਨ ਸਮਝਿਆ ਜਾਣ ਲੱਗਾ ਹੈ ਜਦੋਂ ਕਿ ਸਿੱਖ ਦੀ ਕੋਈ ਜਾਤ ਗੋਤ ਨਹੀਂ ਪਰ ਫਿਰ ਵੀ ਅਨੰਦ ਕਾਰਜਾਂ ਦੇ ਸਬੰਧ ਵਿੱਚ ਛਪੇ ਸੱਦੇ-ਪੱਤਰਾਂ/ਸਮਾਗਮਾਂ, ਘਰਾਂ ਦੀਆਂ ਤਖ਼ਤੀਆਂ ਉੱਪਰ ਗੋਤਾ ਦੇ ਨਾਮ ਵੱਡੇ-ਵੱਡੇ ਅੱਖਰਾਂ ਵਿੱਚ ਵੇਖਣ ਨੂੰ ਮਿਲਦੇ ਹਨ।

ਸਿੱਖ ਦਾ ਨਾਮ ਤੋਂ ਬਾਅਦ ਜਾਤ ਜਾਂ ਪਾਤ ਲਿਖਣਾ ਸਿੱਖੀ ਦੇ ਮੁੱਢਲੇ ਅਸੂਲਾਂ ਨੂੰ ਰੱਦ ਕਰਨਾ ਹੈ।ਗੁਰੂ ਸਾਹਿਬ ਅਨੁਸਾਰ ਮਾਨਵਤਾ ਹੀ ਇੱਕ ਸਾਂਝੀ ਜਾਤ ਹੈ।

ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀਆਂ ਦਾਤਾਂ ਨੂੰ ਇੰਝ ਨਜ਼ਰਅੰਦਾਜ਼ ਕਰ ਕੇ ਅਸੀਂ ਕਦੇ ਵੀ ਉਹ ਸਦਾਚਾਰਕ ਅਤੇ ਇਖ਼ਲਾਕੀ ਗੁਣ ਧਾਰਨ ਨਹੀਂ ਕਰ ਸਕਦੇ ਜੋ ਸਾਨੂੰ ਪੂਰੀ ਦੁਨੀਆ ਵਿੱਚ ਇਕ ਵੱਖਰੀ ਪਹਿਚਾਣ, ਉੱਚਾ-ਸੁੱਚਾ ਕਿਰਦਾਰ ਅਤੇ ਸਰਬੱਤ ਦੇ ਭਲੇ ਦੇ ਸੰਕਲਪ ਨੂੰ ਉਜਾਗਰ ਕਰਨ ਵਿੱਚ ਸਹਾਈ ਹੋ ਸਕਦੇ ਹਨ ਕਿਉਂਕਿ ਜਦੋਂ ਅਸੀਂ ਆਪਣੇ ਨਾਮ ਨਾਲ ‘ਸਿੰਘ’ ਅਤੇ ‘ਕੌਰ’ ਲਗਾ ਕੇ ਸਾਬਤ ਸੂਰਤ ਸਿੱਖ ਸਰੂਪ ਨਾਲ ਸੰਸਾਰ ਵਿੱਚ ਭਲੇ ਕਾਰਜਾਂ ਲਈ ਨਾਮਣਾ ਖੱਟਦੇ ਹਾਂ ਤਾਂ ਸਾਡੇ ਨਾਲ ਉਸ ਸੁਨਹਿਰੀ ਇਤਿਹਾਸ ਦੀ ਵੀ ਪੇਸ਼ਕਾਰੀ ਹੁੰਦੀ ਹੈ ਜਿਸ ਨੂੰ ਸਾਡੇ ਪੁਰਖਿਆਂ ਨੇ ਆਪਣੇ ਖੂਨ ਨਾਲ ਲਿਖਿਆ ਹੈ।

# ਵਿਦਿਆ ਦਾ ਸਹੀ ਅਰਥ ....

ਹੁਸਨ ਗਲੋਤ
91-95925-71106

ਡਾ. ਭੀਮ ਰਾਓ ਅੰਬੇਡਕਰ ਕਿਹਾ ਕਰਦੇ ਸਨ:- ਡਿਗਰੀਆਂ ਨਾਲ ਕਿਸੇ ਦੀ ਸਿੱਖਿਆ-ਸਮਝਦਾਰੀ ਦਾ ਪੱਧਰ ਨਹੀਂ ਮਾਪਿਆ ਜਾ ਸਕਦਾ ਅਤੇ ਨਾ ਹੀ ਉਸਦੇ ਗਿਆਨਵਾਨ ਹੋਣ ਦਾ ਪਤਾ ਲਗਾਇਆਂ ਜਾ ਸਕਦਾ ਹੈ ਕਿ ਉਸਨੇ ਕਿੰਨੀਆਂ ਪੁਸਤਕਾਂ ਅਤੇ ਗ੍ਰੰਥ ਪੜ੍ਹੇ ਹਨ। ਕਿਸੇ ਵੀ ਵਿਅਕਤੀ ਦੀ ਸਿੱਖਿਆ ਦਾ ਪੱਧਰ ਉਸ ਦੇ ਵਿਚਾਰਾਂ ਤੋਂ ਪਤਾ ਚੱਲਦਾ ਹੈ ਕਿ ਉਸ ਨੇ ਆਪਣੇ ਆਪ ਵਿੱਚ ਸੁਤੰਤਰ ਸੋਚ ਵਿਕਸਿਤ ਕਰ ਲਈ ਹੈ ਜਾਂ ਨਹੀਂ, ਵਿਅਕਤੀ ਚਾਹੇ ਕਿੰਨੀਆਂ ਵੀ ਡਿਗਰੀਆਂ ਪ੍ਰਾਪਤ ਕਿਉਂ ਨਾ ਕਰ ਲਏ ਅਗਰ ਉਹ ਆਪਣੀ ਸੋਚ ਨੂੰ ਵਿਕਸਿਤ ਨਹੀਂ ਕਰ ਪਾਇਆ ਤਾਂ ਉਸਦੀ ਪੜਾਈ ਦਾ ਕੋਈ ਅਰਥ ਨਹੀਂ ਰਹਿ ਜਾਦਾ ਕਿ ਉਹ ਕਿੰਨਾ ਪੜ੍ਹਿਆ ਹੈ। ਅਗਰ ਤੁਸੀ ਸਕੂਲ ਵਿੱਚ ਪੜ੍ਹਿਆ ਹੈ ਕਿ ਰਾਵਣ ਦੇ ਦਸ ਸਿਰ ਸਨ ਅਤੇ ਤੁਸੀ ਮੰਨ ਲਿਆ ਤਾਂ ਤੁਹਾਡੇ ਵਿੱਦਿਅਕ ਹੋਣ ਦਾ ਕੋਈ ਅਰਥ ਨਹੀਂ ਰਹਿ ਜਾਂਦਾ, ਤੁਹਾਡੀ ਵਿੱਦਿਆ ਤਦ ਸਹੀ ਮੰਨੀ ਜਾਏਗੀ ਜਦੋ ਤੁਸੀ ਉਸ ਉੱਪਰ ਪ੍ਰਸ਼ਨ ਖੜੇ ਕਰੋਗੇ ਕਿ ਇਹ ਕਿਸ ਤਰ੍ਹਾਂ ਸੰਭਵ ਹੈ।

ਤੁਹਾਡੀ ਵਿੱਦਿਆਂ ਦਾ ਤਦ ਪਤਾ ਚੱਲਦਾ ਹੈ, ਜਦੋਂ ਤੁਹਾਡੇ ਘਰ ਕਿਸੇ ਬੱਚੇ ਨੇ ਜਨਮ ਲਿਆ ਅਤੇ ਤੁਸੀ ਉਸ ਦਾ ਨਾਮ ਰੱਖਣ ਦੇ ਲਈ ਪੰਡਿਤ, ਮੌਲਵੀ ਜਾਂ ਪ੍ਰੋਹਿਤ ਦੇ ਕੋਲ ਚੱਲੇ ਜਾਂਦੇ ਹੋ ਇਸ ਤੋ ਗਿਆਤ ਹੁੰਦਾ ਹੈ ਕਿ ਤੁਸੀ ਸਿਰਫ ਪੁਸਤਕਾਂ ਹੀ ਪੜ੍ਹੀਆਂ ਹਨ, ਪ੍ਰੰਤੂ ਵਿੱਦਿਅਕ ਨਹੀਂ ਹੋਏ, ਕਿ ਆਪਣੇ ਬੱਚੇ ਦਾ ਨਾਂ ਆਪ ਖੁਦ ਰੱਖ ਸਕੋ। ਜਦੋਂ ਤੁਸੀ ਮੌਤ ਦੇ ਸਮੇਂ ਸਵਰਗ ਦਾ ਟਿਕਟ ਲਗਾਉਣ ਲਈ ਯੱਗ, ਹਵਨ ਜਾਂ ਪਾਠ ਕਰਦੇ ਹੋ ਅਤੇ ਭਗਵਾਨ ਅੱਗੇ ਬੇਨਤੀਆਂ ਕਰਦੇ ਹੋ ਕਿ ਸਾਡੇ ਬਜੁਰਗ ਨੂੰ ਵਧੀਆਂ ਜਗਾਂ ਵਿੱਚ ਰੱਖਿਆਂ ਜਾਵੇ ਨੱਕ ਰਗੜਦੇ ਹੋ ਤਾਂ ਮੈਨੂੰ ਤੁਹਾਡੇ ਭੋਲੇ ਚੇਹਰਿਆਂ ਤੇ ਤਰਸ਼ ਆਉਦਾ ਹੈ ਕਿ ਤੁਸੀਂ ਅਨਪੜ੍ਹਾਂ ਤੋਂ ਗਏ ਗੁਜਰੇ ਹੋ ਚੁੱਕੇ ਹੋ। ਸੁਤੰਤਰ ਸੋਚ ਦਾ ਵਿਕਾਸ ਹੀ ਵਿੱਦਿਆ ਹੈ, ਇਹ ਵਿੱਦਿਆ ਨਹੀਂ ਕਿ ਤਾਂ ਤੁਹਾਨੂੰ ਦੱਸ ਦਿੱਤਾ ਕਿ ਹਰੀਸ਼ਚੰਦਰ ਇੱਕ ਸੱਤਿਆਵਾਦੀ ਰਾਜਾ ਸੀ ਅਤੇ ਤੁਸੀ ਮੰਨ ਲਿਆ, ਬਲਕਿ ਵਿੱਦਿਆ ਇਹ ਹੈ ਕਿ ਤੁਸੀਂ ਸਵਾਲ ਉਠਾ ਦਿੱਤਾ ਕਿ ਉਹ ਰਾਜਾ ਸੱਤਿਆਵਾਦੀ ਕਿਸ ਤਰ੍ਹਾਂ ਹੋ ਸਕਦਾ ਹੈ ਜਿਸ ਨੇ ਸਿਰਫ਼ ਇੱਕ ਸਪਨੇ ਦੇ ਆਧਾਰ ਉੱਤੇ ਆਪਣਾ ਸਭ ਕੁਝ ਇੱਕ ਬ੍ਰਾਹਮਣ ਨੂੰ ਦਾਨ ਦੇ ਦਿੱਤਾ ਇਹ ਤਾਂ ਸੱਤਿਆਵਾਦੀ ਨਹੀਂ ਬਲਕਿ ਮੂਰਖਤਾ ਹੈ ਵਿੱਦਿਆ ਇਹ ਹੈ ਕਿ ਤੁਸੀ ਸਵਾਲ ਉਠਾ ਦਿੱਤਾ ਕਿ ਆਪਣੀ ਪਤਨੀ ਅਤੇ ਬੱਚਿਆਂ ਨੂੰ ਵੇਚਣ ਵਾਲਾ ਕੋਈ ਸੱਤਿਆਵਾਦੀ ਕਿਸ ਤਰ੍ਹਾਂ ਹੋ ਸਕਦਾ ਹੈ? ਮੂਰਖਤਾ ਦਾ ਇਸ ਤੋਂ ਵੱਡਾ ਪ੍ਰਮਾਣ ਅਤੇ ਹੋਰ ਕਿ ਹੋ ਸਕਦਾ ਹੈ ਕਿ ਕੋਈ 15-20 ਸਾਲ ਦੀ ਪੜ੍ਹਾਈ ਕਰਨ ਤੋ ਬਾਅਦ ਡਾਕਟਰ, ਇੰਜੀਨੀਅਰ, ਵਕੀਲ ਬਣਦਾ ਹੈ ਬਾਅਦ ਵਿੱਚ ਪੰਜਵੀਂ ਫੇਲ੍ਹ ਸਾਧ/ਪੰਡਿਤ ਦੀ ਸਲਾਹ ਲੈਣ ਲਈ ਅਤੇ ਗ੍ਰਹਿ ਦਾ ਪ੍ਰਵੇਸ਼ ਕਰਨ ਵਾਰੇ ਪੁੱਛਦਾ ਹੈ। ਸਾਨੂੰ ਕੀ ਕਰਨਾ ਚਾਹੀਦਾ ਅਤੇ ਕਿ ਨਹੀਂ ਕਰਨਾ ਚਾਹੀਦਾ? ਅਰਥਾਤ ਅਸੀ ਇੰਜੀਨੀਅਰ, ਵਕੀਲ, ਡਾਕਟਰ ਬਣ ਕੇ ਵੀ ਇਸ ਯੋਗ ਨਹੀਂ ਹੋਏ ਕਿ ਆਪਣਾ ਨਿਰਣੈ ਖੁਦ ਨਹੀ ਲੈ ਸਕੇ। ਸਾਡੇ ਵਿੱਚ ਏਨੀ ਸੋਚ ਵਿਕਸਤ ਨਹੀਂ ਹੋਈ ਜਿੰਨੀ ਇੱਕ ਪੰਜਵੀਂ ਫੇਲ੍ਹ ਬ੍ਰਾਹਮਣ ਵਿੱਚ ਹੈ। ਅਸੀ ਪੰਦਰਾਂ ਵੀਹ ਲੱਖ ਖਰਚ ਕਰਨੇ ਦੀ ਹੈਸੀਅਤ ਰੱਖ ਕੇ ਵੀ ਇਹ ਗੱਲ ਵੀ ਕਿਸੇ ਪੰਡਿਤ/ਸਾਧ/ਬਾਬੇ ਤੋਂ ਪੁੱਛਦੇ ਹਾਂ ਕਿ ਘਰ ਕਦੋਂ ਬਣਾਉਣਾ ਸ਼ੁਰੂ ਕਰਨਾ ਚਾਹੀਦਾ ਅਰਥਾਤ ਆਪਣੇ ਘਰ ਦਾ ਮਹੂਰਤ ਕਢ-ਾਉਣ ਦੇ ਲਈ ਜਾਂਦੇ ਹਾ ਅਤੇ ਆਪਣੇ ਦਿਮਾਗ ਦੇ ਨਾਲ ਨਹੀਂ ਸੋਚਦੇ ਕਿ ਅਸੀ ਆਪਣੇ ਘਰ ਦਾ ਨਿਰਮਾਣ ਦਾ ਨਿਰਣੇ ਖੁਦ ਲੈ ਸਕਦੇ ਹਾਂ ਫੇਰ ਇਹਨਾਂ ਠੱਗਾਂ ਦੀ ਕੀ ਲੋੜ? ਜਦ ਘਰ ਬਣ-ਾਉਣ ਦੀ ਵਾਰੀ ਆਵੇ ਤਾਂ ਸ਼ੁਰੂਆਤ ਪੰਜਵੀਂ ਫੇਲ੍ਹ ਬ੍ਰਾਹਮਣ ਤੋਂ ਹੀ ਕਰਵਾਉਂਦੇ ਹਾਂ। ਬੱਚਾ ਤੁਸੀ ਖੁਦ ਪੈਦਾ ਕਰ ਲਿਆ ਲੇਕਿਨ 20 ਤੋਂ 25 ਸਾਲ ਦੇ ਹੋਣ ਤੇ ਵੀ ਤੁਸੀ ਇਹ ਨਹੀਂ ਸਿੱਖ ਪਾਏ ਕਿ ਆਪਣੇ ਬੱਚੇ ਦਾ ਨਾਮ ਖੁਦ ਰੱਖ ਲਈਏ, ਕਿਉਕਿ ਬੱਚਾ ਤੁਹਾਡਾ ਹੈ ਜਾਂ ਪੰਡਿਤ/ਸਾਧ/ਬਾਬੇ ਦਾ। ਸ਼ਾਦੀ ਵਿਆਹ ਦੇ ਮਾਮਲੇ ਵਿੱਚ ਵੀ ਤੁਹਾਨੂੰ ਪੰਡਿਤ/ਸਾਧ/ਬਾਬਾ ਹੀ ਦੱਸਦਾ ਹੈ ਕਿ ਵਿਆਹ ਕਦੋਂ ਕਰਨਾ ਹੈ ਵਿਆਹ ਕਰਨਾ ਵੀ ਹੈ ਜਾਂ ਨਹੀਂ, ਜਦ ਬ੍ਰਾਹਮਣ ਨੇ ਕਹਿ ਦਿੱਤਾ ਕਿ ਇਹ ਵਿਆਹ ਨਹੀ ਕਰਨਾ ਚਾਹੀਦਾ ਤਾਂ ਅਸੀ ਆਪਣੀ ਬੁੱਧੀ ਉਸ ਪੰਜਵੀਂ ਫੇਲ੍ਹ ਬ੍ਰਾਹਮਣ ਨੂੰ ਸਮਰਪਿਤ ਕਰ ਦਿੰਦੇ ਹਾਂ ਅਤੇ ਉਸ ਨੂੰ ਸ਼੍ਰੇਸ਼ਠ ਬਣਾ ਕੇ ਆਪ ਮਾਮੂਲੀ ਜਿਹੇ ਬਣ ਜਾਂਦੇ ਹਾਂ। ਅਸੀ ਸਾਰੀ ਉਮਰ ਇੱਕ ਪੰਜਵੀਂ ਫੇਲ੍ਹ ਅਤੇ ਘੱਟ ਪੜੇ ਲਿਖੇ ਪੰਡਿਤ/ਸਾਧ/ਬਾਬੇ ਦੇ ਅੱਗੇ ਝੁਕਦੇ ਰਹੇ ਲੇਕਿਨ ਮਰਨ ਦੇ ਸਮੇਂ ਵੀ ਤੈਅ ਨਹੀਂ ਕਰ ਪਾਏ ਕਿ ਕਿਸ ਤਰ੍ਹਾਂ ਮਰਨਾ ਹੈ ਗੀਤਾ ਸੁਣਕੇ ਰਾਮਾਇਣ ਸੁਣਕੇ ਅਤੇ ਸਤਿਆ ਨਾਰਾਇਣ ਦੀ ਕਥਾਂ ਸੁਣਕੇ ਘੜੇ ਦਾ ਪਾਣੀ ਪੀ ਕੇ ਅਤੇ ਗੰਗਾਂ ਜਲ ਪੀ ਕੇ ਤੁਹਾਨੂੰ ਹੁਣ ਇਸ ਤੋ ਜ਼ਿਆਦਾ ਮੂਰਖਤਾ ਦੀ ਬਿਮਾਰੀ ਦਾ ਹੋਰ ਕੀ ਪ੍ਰਣਾਮ ਚਾਹੀਦਾ ਹੈ ਲੱਗਦਾ ਹੈ ਅਸੀ ਸਭ ਭਾਰਤ ਦੇ ਪੜੇ ਲਿਖੇ ਅਨਪੜ੍ਹ ਲੋਕ ਹਾ।

# ਸੰਤੋਖ ਭਰਪੂਰ ਕਿਰਤੀ ਸੰਤੋਖ ਸਿੰਘ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਸਾਲ 1980 ਵਿਚ ਪੀਐੱਚਡੀ ਦੀ ਡਿਗਰੀ ਲਈ ਰਜਿਸਟ੍ਰੇਸ਼ਨ ਕਰਵਾਉਣ ਲਈ ਆਪਣੀ ਖੋਜ ਦਾ ਵਿਸ਼ਾ 'ਦਿਹਾਤੀ ਪੰਜਾਬ ਵਿਚ ਸੀਮਾਂਤ ਕਿਸਾਨਾਂ ਤੇ ਖੇਤ ਮਜ਼ਦੂਰਾਂ ਦਾ ਜੀਵਨ ਪੱਧਰ' ਚੁਣਿਆ। ਖੋਜ ਪੂਰੀ ਕਰਨ ਲਈ ਖੇਤੀਬਾੜੀ ਉਤਪਾਦਕਤਾ ਦੇ ਆਧਾਰ ਉੱਤੇ ਪੰਜਾਬ ਦੇ ਤਿੰਨ ਖੇਤਰਾਂ ਸ਼ਿਵਾਲਕ ਨੀਮ ਪਹਾੜੀ, ਕੇਂਦਰੀ ਮੈਦਾਨੀ ਅਤੇ ਦੱਖਣੀ-ਪੱਛਮੀ ਖਿੱਤੇ ਵਿਚੋਂ ਰੋਪੜ, ਲੁਧਿਆਣਾ ਤੇ ਬਠਿੰਡਾ ਜ਼ਿਲ੍ਹੇ ਸਰਵੇਖਣ ਲਈ ਚੁਣੇ। ਇਸ ਖੋਜ ਲਈ ਸੀਮਾਂਤ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ ਦੋ ਵੱਖ ਵੱਖ ਪ੍ਰਸ਼ਨਾਵਲੀਆਂ ਤਿਆਰ ਕੀਤੀਆਂ ਗਈਆਂ। ਦੋਵਾਂ ਪ੍ਰਸ਼ਨਾਵਲੀਆਂ ਵਿਚ ਵਖਰੇਵਾਂ ਹੋਣ ਦੇ ਬਾਵਜੂਦ ਸਮਾਨਤਾਵਾਂ ਜ਼ਿਆਦਾ ਸਨ। ਇਨ੍ਹਾਂ ਪ੍ਰਸ਼ਨਾਵਲੀਆਂ ਦੀ ਮਦਦ ਨਾਲ ਮੈਂ 1981 ਵਿਚ ਸੀਮਾਂਤ ਕਿਸਾਨਾਂ ਅਤੇ ਖੇਤ ਮਜ਼ਦੂਰ ਪਰਿਵਾਰਾਂ ਦੀ ਆਮਦਨ, ਖਪਤ ਖ਼ਰਚ, ਕਰਜ਼ੇ ਅਤੇ ਜਾਇਦਾਦ ਬਾਰੇ ਜਾਣਕਾਰੀ/ਅੰਕੜੇ ਇਕੱਠੇ ਕੀਤੇ।

ਜਦੋਂ ਬਠਿੰਡੇ ਅਤੇ ਲੁਧਿਆਣੇ ਜ਼ਿਲ੍ਹਿਆਂ ਵਿਚ ਆਪਣਾ ਕੰਮ ਪੂਰਾ ਕਰਨ ਤੋਂ ਬਾਅਦ ਰੋਪੜ ਜ਼ਿਲ੍ਹੇ ਦੇ ਨੰਗਲ ਸ਼ਹਿਰ ਤੋਂ ਉਪਰਲੇ ਇਕ ਪਿੰਡ ਵਿਚੋਂ ਇਕ ਖੇਤ ਮਜ਼ਦੂਰ ਤੋਂ ਉਸ ਦੇ ਪਰਿਵਾਰ ਬਾਰੇ ਵੱਖ ਵੱਖ ਤਰ੍ਹਾਂ ਦੀ ਜਾਣਕਾਰੀ ਇਕੱਠੀ ਕਰ ਰਿਹਾ ਸੀ ਤਾਂ ਮਨ ਬਹੁਤ ਉਦਾਸ ਹੋਇਆ। ਉਸ ਖੇਤ ਮਜ਼ਦੂਰ ਦਾ ਅੱਧ ਕੱਚਾ-ਪੱਕਾ ਜਿਹਾ ਘਰ ਡੇਢ ਕੁ ਕਮਰਿਆਂ ਦਾ ਸੀ, ਨਾ ਕੋਈ ਰਸੋਈ ਅਤੇ ਨਾ ਹੀ ਕੋਈ ਗੁਸਲਖਾਨਾ। ਉਹ ਇਨਸਾਨ ਬਹੁਤ ਛੋਟੇ ਜਿਹੇ ਵਿਹੜੇ ਵਿਚ ਦੋ ਓਟਿਆਂ ਦੀ ਮਦਦ ਨਾਲ ਰਸੋਈ ਦਾ ਕੰਮ ਚਲਾ ਰਿਹਾ ਸੀ ਅਤੇ ਗੁਸਲਖਾਨੇ ਦਾ ਕੰਮ ਘਰ ਵਿਚ ਆਟਾ ਪੀਸਣ ਵਾਲੀ ਚੱਕੀ ਦੇ ਪੁਰਾਣੇ ਪੁੜ ਅਤੇ ਮੰਜਿਆਂ ਤੋਂ ਲੈ ਰਿਹਾ ਸੀ। ਉਸ ਦੀ ਆਮਦਨ ਦਾ ਪੱਧਰ ਬਹੁਤ ਜ਼ਿਆਦਾ ਨੀਵਾਂ ਸੀ ਜਿਸ ਕਰਕੇ ਉਸ ਦਾ ਖਪਤ ਖ਼ਰਚ ਕੁਝ ਜ਼ਿਆਦਾ ਹੀ ਘੱਟ ਸੀ।

ਉਸ ਦੇ ਸਿਰ ਉਪਰ ਬਹੁਤ ਥੋੜ੍ਹਾ ਕਰਜ਼ਾ ਅਤੇ ਉਹ ਵੀ ਵੱਡੇ ਕਿਸਾਨਾਂ ਦਾ ਸੀ ਜਿਹੜਾ ਉਸ ਨੇ ਆਪਣੀ ਕਿਰਤ ਦੀ ਕਮਾਈ ਵਿਚੋਂ ਮੋੜਨ ਬਾਰੇ ਵਿਉਂਤਿਆ ਹੋਇਆ ਸੀ। ਇਸ ਲਈ ਉਸ ਨੂੰ ਆਪਣੇ ਪਹਿਲਾਂ ਤੋਂ ਹੀ ਨੀਵੇਂ ਖਪਤ ਪੱਧਰ ਨੂੰ ਹੋਰ ਨੀਵਾਂ ਕਰਨਾ ਆਉਂਦਾ ਸੀ। ਉਸ ਦੀ ਜਾਇਦਾਦ ਸਿਰਫ਼ ਉਸ ਦਾ ਡੇਢ ਕੁ ਕਮਰਿਆਂ ਦਾ ਘਰ, ਬਹੁਤ ਹੀ ਜ਼ਿਆਦਾ ਛੋਟਾ ਵਿਹੜਾ, ਘਰ ਦੇ ਟੁੱਟੇ-ਭੱਜੇ ਮੰਜੇ-ਬਿਸਤਰੇ, ਬਰਤਨ ਅਤੇ ਟੁੱਟਿਆ ਜਿਹਾ ਸਾਈਕਲ ਸੀ।

ਇਸ ਖੇਤ ਮਜ਼ਦੂਰ ਤੋਂ ਪ੍ਰਸ਼ਨਾਵਲੀ ਦੇ ਸਾਰੇ ਉੱਤਰ ਲੈ ਕੇ ਬਹੁਤ ਜ਼ਿਆਦਾ ਉਦਾਸ ਹੁੰਦਿਆਂ ਹੋਇਆ ਮੈਂ ਪੁੱਛਿਆ: "ਤੁਹਾਨੂੰ ਤੁਹਾਡੀ ਗ਼ਰੀਬੀ ਦਾ ਕੀ ਕਾਰਨ ਲੱਗਦਾ ਹੈ?" ਉਸ ਇਨਸਾਨ ਨੇ ਮੈਨੂੰ ਪੁੱਛਿਆ: "ਤੁਹਾਡੇ ਕੋਲ ਉੱਤਰ ਸੁਣਨ ਲਈ



ਸਮਾਂ ਹੈ?" ਮੈਂ 'ਹਾਂ' ਵਿਚ ਜਵਾਬ ਦਿੰਦੇ ਹੋਏ ਕਿਹਾ: "ਤੁਹਾਡਾ ਸਾਰਾ ਉੱਤਰ ਸੁਣ ਕੇ ਹੀ ਜਾਵਾਂਗਾ।" ਪ੍ਰਸ਼ਨਾਵਲੀ ਦੇ ਜਵਾਬ ਲੈਣ ਮੌਕੇ ਮੈਨੂੰ ਪਤਾ ਲੱਗ ਗਿਆ ਸੀ ਕਿ ਉਸ ਖੇਤ ਮਜ਼ਦੂਰ ਦਾ ਨਾਮ ਸੰਤੋਖ ਸਿੰਘ ਹੈ।

ਸੰਤੋਖ ਸਿੰਘ ਨੇ ਦੱਸਿਆ ਕਿ ਉਹ ਗੁਰਸਿੱਖ ਹੈ। ਫੀਲਡ ਸਰਵੇਖਣ ਅਤੇ ਉਸ ਦੇ ਦੱਸਣ ਤੋਂ ਪਤਾ ਲੱਗਿਆ ਕਿ ਉਨ੍ਹਾਂ ਦੇ ਇਲਾਕੇ ਵਿਚ ਜ਼ਮੀਨ ਪਥਰੀਲੀ ਅਤੇ ਪਾਣੀ ਦੀ ਘਾਟ ਵਾਲੀ ਹੋਣ ਕਾਰਨ ਖੇਤੀਬਾੜੀ ਵਿਚ ਹਰ ਰੋਜ਼ ਦਿਹਾੜੀ-ਦੱਪਾ ਨਹੀਂ ਮਿਲਦਾ, ਤੇ ਖੇਤੀਬਾੜੀ ਤੋਂ ਬਿਨਾਂ ਰੁਜ਼ਗਾਰ ਦਾ ਕੋਈ ਵੀ ਹੋਰ ਸਾਧਨ ਨਹੀਂ ਹੈ।

ਉਹ ਇਨਸਾਨ ਆਪਣੀ ਬਹੁਤ ਘੱਟ ਕਮਾਈ ਨਾਲ ਹੀ ਸੰਤੁਸ਼ਟ ਸੀ। ਫਿਰ ਸੰਤੋਖ ਸਿੰਘ ਨੇ ਮੈਨੂੰ ਪੁੱਛਿਆ: "ਤੁਹਾਨੂੰ ਕਿਵੇਂ ਪਤਾ ਲੱਗਿਆ ਕਿ ਮੈਂ ਗ਼ਰੀਬ ਹਾਂ?" ਮੈਂ ਜਵਾਬ ਦਿੱਤਾ: "ਮੈਂ ਅਰਥ ਵਿਗਿਆਨ ਦਾ ਵਿਦਿਆਰਥੀ ਹਾਂ, ਸਾਡੇ ਵਿਸ਼ੇ ਵਿਚ ਗ਼ਰੀਬੀ ਦੇਖਣ ਲਈ ਆਮਦਨ, ਖਪਤ ਖ਼ਰਚ ਆਦਿ ਨੂੰ ਆਧਾਰ ਬਣਾਇਆ ਜਾਂਦਾ ਹੈ ਜੋ ਤੁਹਾਡੇ ਸਬੰਧ ਵਿਚ ਬਹੁਤ ਹੀ ਜ਼ਿਆਦਾ ਨੀਵੇਂ ਪੱਧਰ 'ਤੇ ਹੈ, ਇਸੇ ਲਈ ਮੈਂ ਤੁਹਾਡੀ ਗ਼ਰੀਬੀ ਦੇ ਕਾਰਨ ਬਾਰੇ ਤੁਹਾਨੂੰ ਪੁੱਛਿਆ ਹੈ।"

ਇਸ ਤੋਂ ਬਾਅਦ ਸੰਤੋਖ ਸਿੰਘ ਨੇ ਕਿਹਾ, "ਹਰ ਰੋਜ਼ ਦਿਹਾੜੀ-ਦੱਪਾ ਨਾ ਮਿਲਣ ਕਾਰਨ ਮੇਰੀ ਆਮਦਨ ਅਤੇ ਖਪਤ ਖ਼ਰਚ, ਦੋਵੇਂ ਹੀ ਬਹੁਤ ਨੀਵੇਂ ਪੱਧਰ ਹਨ... ਹਰ ਰੋਜ਼ ਸ਼ਾਮ ਨੂੰ ਰੋਟੀ ਖਾਣ ਤੋਂ ਬਾਅਦ ਉਹ ਕੀਰਤਨ ਸੋਹਲੇ ਦਾ ਪਾਠ ਕਰਕੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਾ ਹੈ ਕਿ ਵਾਹਿਗੁਰੂ ਨੇ ਉਸ ਕਿਰਤੀ ਨੂੰ ਦੋ ਡੰਗ ਦੀ ਰੋਟੀ ਦੇ ਦਿੱਤੀ ਹੈ। ਕਦੇ-ਕਦਾਈਂ ਇਕ ਡੰਗ ਦੀ ਰੋਟੀ ਹੀ ਨਸੀਬ ਹੁੰਦੀ ਹੈ ਤਾਂ ਉਹ ਵਾਹਿਗੁਰੂ ਦਾ ਸ਼ੁਕਰਾਨਾ ਕਰਦਾ ਹੋਇਆ ਉਸ ਅੱਗੇ ਅਰਦਾਸ ਕਰਦਾ ਹੈ ਕਿ ਵਾਹਿਗੁਰੂ ਕੱਲ੍ਹ ਨੂੰ ਦੋ ਡੰਗ ਦੀ ਰੋਟੀ ਜੋਗੀ ਕਿਰਤ ਦੇ ਦੇਵੀਂ, ਕਿਉਂਕਿ ਭੁੱਖੇ ਢਿੱਡ ਤਾਂ ਦਿਹਾੜੀ-ਦੱਪਾ ਵੀ ਨਹੀਂ ਕਰਿਆ ਜਾਂਦਾ।"

ਅੱਗੇ ਸੰਤੋਖ ਸਿੰਘ ਨੇ ਦੱਸਿਆ ਕਿ ਉਸ ਨੂੰ ਕਦੇ ਵੀ ਇਹ ਲੱਗਿਆ ਹੀ ਨਹੀਂ ਕਿ ਉਹ ਗ਼ਰੀਬ ਹੈ। ਕਿਰਤੀ ਸੰਤੋਖ ਸਿੰਘ ਦੀ ਸੰਤੋਖ ਭਰਭੂਰ ਜ਼ਿੰਦਗੀ ਦੇਖ ਕੇ ਉਸ ਦੇ ਸਿਦਕ, ਸਬਰ ਅਤੇ ਸੰਤੋਖ ਅੱਗੇ ਤਾਂ ਮੇਰਾ ਸਿਰ ਝੁਕ ਗਿਆ, ਪਰ ਅਰਥ ਵਿਗਿਆਨ ਦਾ ਵਿਦਿਆਰਥੀ ਹੋਣ ਕਾਰਨ ਉਸ ਦਿਨ ਅਤੇ ਅੱਜ ਵੀ ਮੈਂ ਆਪਣੇ ਮੁਲਕ ਨੂੰ ਦੋ ਮੁਲਕਾਂ- ਕਰੋੜਪਤੀਆਂ ਦਾ ਇੰਡੀਆ ਤੇ ਕਰੋੜਾਂ ਕਿਰਤੀਆਂ ਦਾ ਭਾਰਤ, ਵਿਚ ਵੰਡਿਆ ਹੋਣ ਅਤੇ ਦਿਨੋ-ਦਿਨ ਇਸ ਵੰਡ ਦੇ ਤੇਜ਼ ਹੋਣ ਕਾਰਨ ਉਦਾਸ ਸੀ ਅਤੇ ਉਦਾਸ ਹਾਂ। ਸਵਾਲ ਹੈ ਕਿ ਬੇਲੋੜਾ ਧਨ ਇਕੱਠਾ ਕਰਨ ਵਾਲਿਆਂ ਨੂੰ ਸੰਤੋਖ ਵਿਚ ਰੱਖਣ ਲਈ ਕੀ ਉਪਰਾਲੇ ਕੀਤੇ ਜਾਣ?

## ਇੱਕ ਸੁਆਲ

# ਚਿਰਾਂ ਤੋਂ ਹੋ ਰਹੀ ਅਰਦਾਸ ਪੂਰੀ ਕਿਉਂ ਨਹੀਂ ਹੁੰਦੀ?



ਜਸਵੰਤ ਸਿੰਘ 'ਅਜੀਤ'
91-95827-19890

ਕੁਝ ਸਮਾਂ ਹੋਇਐ, ਸਿੱਖ ਧਰਮ ਦੇ ਇਕ ਪ੍ਰਮੁੱਖ ਵਿਦਵਾਨ ਪ੍ਰਚਾਰਕ ਅਤੇ ਗੁਰਸ਼ਬਦ ਦੇ ਵਿਆਖਿਆਕਾਰ ਇਕ ਨਿਜੀ ਟੀਵੀ ਚੈਨਲ ਪੁਰ ਗੁਰ-ਸ਼ਬਦ ਦੀ ਵਿਆਖਿਆ ਕਰ ਰਹੇ ਸਨ। ਉਨ੍ਹਾਂ ਗੁਰ-ਸ਼ਬਦ ਦੀ ਵਿਆਖਿਆ ਕਰਦਿਆਂ ਅਚਾਨਕ ਇਹ ਸੁਆਲ ਉਠਾ ਦਿੱਤਾ ਕਿ ਬੀਤੇ ਸੱਤ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਹਰ ਇਤਿਹਾਸਕ, ਗੈਰ-ਇਤਿਹਾਸਕ (ਸਿੰਘ ਸਭਾ) ਗੁਰਦੁਆਰੇ ਅਤੇ ਹਰ ਸਿੱਖ ਘਰ ਵਿੱਚ, ਰੋਜ਼ ਘਟੋ-ਘਟ ਦੋ ਵਾਰ, ਸਵੇਰੇ ਤੇ ਸ਼ਾਮ ਇਹ ਅਰਦਾਸ ਕੀਤੀ ਜਾਂਦੀ ਚਲੀ ਆ ਰਹੀ ਹੈ ਕਿ 'ਹੇ ਅਕਾਲ ਪੁਰਖ, ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ !' ਕਈ ਵਾਰ ਇਹ ਅਰਦਾਸ ਦੋ ਵਾਰ ਤੋਂ ਵੱਧ ਵੀ ਕੀਤੀ ਜਾਂਦੀ ਹੈ। ਉਨ੍ਹਾਂ ਪੁਛਿਆ ਕਿ ਇਹ ਅਰਦਾਸ ਇਤਨੇ ਲੰਮੇਂ ਸਮੇਂ ਤੋਂ ਕੀਤੀ ਜਾ ਰਹੀ ਹੈ, ਫਿਰ ਵੀ ਇਹ ਪੂਰੀ ਕਿਉਂ ਨਹੀਂ ਹੋ ਰਹੀ? ਜਦਕਿ ਸਿੱਖ ਧਰਮ ਵਿੱਚ ਮੰਨਿਆ ਜਾਂਦਾ ਹੈ ਕਿ ਅਕਾਲ ਪੁਰਖ ਦੇ ਚਰਨਾਂ ਵਿੱਚ ਵਿਸ਼ਵਾਸ, ਸ਼ੁਭ ਭਾਵਨਾ ਨਾਲ ਅਤੇ ਸੱਚੇ ਦਿਲੋਂ ਕੀਤੀ ਜਾਂਦੀ ਹਰ ਅਰਦਾਸ ਪੂਰੀ ਹੁੰਦੀ ਹੈ।

ਫਿਰ ਉਨ੍ਹਾਂ ਆਪ ਹੀ ਆਪਣੇ ਇਸ ਸੁਆਲ ਦਾ ਜੁਆਬ ਦਿੰਦਿਆਂ ਕਿਹਾ ਕਿ ਸਾਡਾ ਕੰਮ ਅਰਦਾਸ ਕਰਨਾ ਹੈ, ਉਸਨੂੰ ਪੂਰਿਆਂ ਕਰਨਾ ਜਾਂ ਨਾ ਕਰਨਾ ਅਕਾਲ ਪੁਰਖ ਦੇ ਆਪਣੇ ਹੱਥ ਵਿੱਚ ਹੈ।

ਉਨ੍ਹਾਂ ਦੇ ਇਸ ਸੁਆਲ ਅਤੇ ਜੁਆਬ ਨਾਲ ਮਨ ਨੂੰ ਤਸਲੀ ਨਹੀਂ ਹੋਈ ਤੇ ਇਸ ਸਬੰਧੀ ਭਰਮ ਬਣਿਆ ਰਿਹਾ। ਇਸੇ ਕਾਰਣ ਉਨ੍ਹਾਂ ਦੇ ਸੁਆਲ ਅਤੇ ਜੁਆਬ ਦੇ ਸਬੰਧ ਵਿੱਚ ਕੁਝ ਧਾਰਮਕ ਨਿਸ਼ਠਾ ਰਖਣ ਵਾਲੇ ਸਜਣਾਂ ਨਾਲ ਗਲ ਕੀਤੀ ਗਈ ਤਾਂ ਉਨ੍ਹਾਂ ਦਸਿਆ ਕਿ ਪੂਰੇ ਵਿਸ਼ਵਾਸ, ਨਿਸ਼ਠਾ ਅਤੇ ਸ਼ੁਭ ਭਾਵਨਾ ਨਾਲ ਕੀਤੀ ਜਾਂਦੀ ਅਰਦਾਸ ਕਦੀ ਵੀ ਬਿਰਥੀ ਨਹੀਂ ਜਾਂਦੀ। ਉਹ ਜ਼ਰੂਰ ਪੂਰੀ ਹੁੰਦੀ ਹੈ, ਕਿਉਂਕਿ ਸਤਿਗੁਰਾਂ ਦਾ ਆਪਣਾ ਬਚਨ ਹੈ : 'ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ'। ਉਨ੍ਹਾਂ ਦੇ ਇਹ ਵਿਚਾਰ ਸੁਣ, ਉਨ੍ਹਾਂ ਕੋਲੋਂ ਇਹ ਪੁਛੇ ਬਿਨਾਂ ਰਿਹਾ ਨਾ ਜਾ ਸਕਿਆ ਕਿ ਤਾਂ ਫਿਰ ਬੀਤੇ ਸੱਤ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਹਰ ਗੁਰਦੁਆਰੇ ਅਤੇ ਹਰ ਸਿੱਖ ਘਰ ਰੋਜ਼ ਦੋ ਵਾਰ ਤੋਂ ਵੀ ਵੱਧ ਵਾਰ ਕੀਤੀ ਜਾ ਰਹੀ ਅਰਦਾਸ ਕਿ 'ਹੇ ਅਕਾਲ ਪੁਰਖ, ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ, ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ!' ਕਿਉਂ ਪੂਰੀ ਨਹੀਂ ਹੋ ਰਹੀ?

ਇਹ ਸੁਆਲ ਸੁਣ, ਉਹ ਕਾਫੀ ਦੇਰ ਚੁਪ ਰਹਿ ਸੋਚਾਂ ਵਿੱਚ ਡੁਬੇ ਰਹੇ। ਇਉਂ ਜਾਪਦਾ ਸੀ ਜਿਵੇਂ ਉਹ ਆਪਣੇ-ਆਪ ਨਾਲ ਵਿਚਾਰਾਂ ਦਾ ਮੰਥਨ ਕਰ, ਸੁਆਲ ਦਾ ਜੁਆਬ ਤਲਾਸ਼ ਰਹੇ ਹਨ। ਕੁਝ ਸਮੇਂ ਬਾਅਦ ਉਨ੍ਹਾਂ ਆਪਣੀ ਚੁਪ ਤੋੜੀ ਤੇ ਕਹਿਣਾ ਸ਼ੁਰੂ ਕੀਤਾ ਕਿ ਜੇ ਗੰਭੀਰਤਾ ਨਾਲ ਸੋਚੀਏ ਤਾਂ ਇਹ ਗਲ ਪ੍ਰਤੱਖ ਹੋ ਜਾਂਦੀ ਹੈ ਕਿ ਇਹ ਅਰਦਾਸ ਸਿੱਖੀ ਜੀਵਨ ਵਿੱਚ ਇਕ ਅਜਿਹੀ ਰਸਮ ਜਿਹੀ ਬਣ ਗਈ ਹੈ, ਜੋ ਸਾਡੇ ਲਈ ਅਰਦਾਸ ਕਰਦਿਆਂ ਨਿਭਾਉਣੀ ਬਹੁਤ ਜ਼ਰੂਰੀ ਹੋ ਗਈ ਹੋਈ ਹੈ। ਕੋਈ ਮੌਕਾ ਹੋਵੇ, ਖੁਸ਼ੀ ਦਾ ਹੋਵੇ ਜਾਂ ਗ਼ਮੀਂ ਦਾ, ਅਰਦਾਸ ਕਰਦਿਆਂ ਇਹ ਰਸਮ ਜ਼ਰੂਰ ਪੂਰੀ ਕੀਤੀ ਜਾਂਦੀ ਹੈ। ਹਰ ਕੋਈ ਸਹਿਜੇ ਹੀ ਸਮਝ ਸਕਦਾ ਹੈ ਕਿ ਰਸਮੀ ਤੋਰ ਤੇ ਕੀਤੀ ਗਈ ਅਰਦਾਸ ਜਾਂ ਬੇਨਤੀ ਕਦੀ ਪ੍ਰਵਾਨ ਨਹੀਂ ਹੋ ਸਕਦੀ। ਜੇ ਅਰਦਾਸ ਪ੍ਰਵਾਨ ਹੀ ਨਹੀਂ ਹੋ ਰਹੀ ਤਾਂ ਫਿਰ ਪੂਰਿਆਂ ਕਿਵੇਂ ਹੋ ਸਕੇਗੀ?

**ਸਿੱਖਾਂ ਦੀਆਂ ਦੋ ਸਭ ਤੋਂ ਵੱਡੀਆਂ ਧਾਰਮਕ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਨ, ਇਨ੍ਹਾਂ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਂ ਦਹਾਕਿਆਂ ਤੋਂ ਇਕੋ ਜਥੇਬੰਦੀ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੱਤਾ-ਅਧੀਨ ਚਲੀ ਆ ਰਹੀ ਹੈ, ਪ੍ਰੰਤੂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੱਤਾ ਬਦਲਦੀ ਰਹਿੰਦੀ ਹੈ, ਜਿਵੇਂ ਚਾਰ-ਪੰਜ ਸਾਲ ਪਹਿਲ਼ਾਂ ਤਕ ਇਸਦੀ ਸੱਤਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਰੋਧੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਹਥਾਂ ਵਿੱਚ ਰਹੀ। ਹੁਣ ਇਸਦੀ ਸੱਤਾ ਪੁਰ ਬਾਦਲ ਅਕਾਲੀ ਦਲ ਹੀ ਕਾਬਜ਼ ਹੋ ਗਿਆ ਹੋਇਆ ਹੈ।**

ਉਨ੍ਹਾਂ ਵਿਚੋਂ ਹੀ ਇਕ ਸਜਣ ਨੇ ਦਸਿਆ ਕਿ ਕਾਫ਼ੀ ਸਮਾਂ ਹੋਇਐ, ਪੰਜਾਬ ਦੇ ਉਸ ਸਮੇਂ ਅਤੇ ਬੀਤੇ ਦੇ ਦਸ ਵਰ੍ਹੇ ਵੀ ਰਹੇ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਸ ਸਮੇਂ ਦੇ ਪ੍ਰਧਾਨ ਅਤੇ ਵਰਤਮਾਨ ਸਰਪ੍ਰਸਤ ਸ. ਪ੍ਰਕਾਸ਼ ਸਿੰਘ ਬਾਦਲ ਜਦੋਂ ਪਾਕਿਸਤਾਨ ਗਏ ਸਨ ਤਾਂ ਉਨ੍ਹਾਂ ਪਾਕਿਸਤਾਨੀ ਅਧਿਕਾਰੀਆਂ ਨਾਲ ਗਲ ਕਰਦਿਆਂ, ਪਾਕਿਸਤਾਨ ਸਥਿਤ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ, ਮੁੜ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੱਤਾ-ਅਧੀਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣ ਦੀ ਮੰਗ ਕੀਤੀ ਸੀ। ਜਿਸਤੇ ਪਾਕਿਸਤਾਨ ਦੇ ਅਧਿਕਾਰੀਆਂ ਵਿਚੋਂ ਇੱਕ ਨੇ ਮੁਸਕੁਰਾਉਂਦਿਆਂ ਜਵਾਬ ਦਿਤਾ ਕਿ ਭਾਰਤ ਵਿਚਲੇ ਜਿਹੜੇ ਗੁਰਦੁਆਰੇ ਤੁਹਾਡੇ ਪ੍ਰਬੰਧ ਹੇਠ ਹਨ, ਉਨ੍ਹਾਂ ਦਾ ਪ੍ਰਬੰਧ ਤਾਂ ਤੁਹਾਡੇ ਪਾਸੋਂ ਚੰਗੀ ਤਰ੍ਹਾਂ ਹੁੰਦਾ ਨਹੀਂ। ਉਨ੍ਹਾਂ ਦੇ ਪ੍ਰਬੰਧ ਨੂੰ ਹੀ ਲੈ ਕੇ ਤੁਸੀਂ ਆਪੋ ਵਿੱਚ ਲੜਦੇ-ਭਿੜਦੇ ਰਹਿੰਦੇ ਹੋ। ਪਾਕਿਸਤਾਨ ਵਿਚਲੇ ਗੁਰਦੁਆਰਿਆਂ ਦਾ ਹੋਰ ਪ੍ਰਬੰਧ ਲੈ, ਕਿਉਂ ਆਪਣੇ ਲਈ ਨਵੀਂ ਲੜਾਈ ਸਹੇੜਨਾ ਚਾਹੁੰਦੇ ਹੋ? ਦਸਿਆ ਗਿਆ ਕਿ ਸ. ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਦੀ ਇਸ ਗਲ ਦਾ ਕੋਈ ਜੁਆਬ ਨਹੀਂ ਦੇ ਸਕੇ। ਉਸ ਸਜੱਣ ਨੇ ਇਹ ਗਲ ਦਸ ਕਿਹਾ ਕਿ ਇਸ ਗਲ ਵਿਚ ਕਿਤਨੀ-ਕੁ ਸਚਾਈ ਹੈ, ਇਸ ਬਾਰੇ ਤਾਂ ਸ. ਪ੍ਰਕਾਸ਼ ਸਿੰਘ ਬਾਦਲ ਜਾਂ ਪਾਕਿਸਤਾਨ ਦੇ ਸਬੰਧਤ ਅਧਿਕਾਰੀ ਹੀ ਦਸ ਸਕਦੇ ਹਨ, ਪਰ ਇਸ ਵਿਚ ਪਾਕਿਸਤਾਨ ਦੇ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਾ ਸੌਂਪੇ ਜਾਣ ਦੇ ਸਬੰਧ ਵਿਚ ਜੋ ਦਲੀਲ ਦਿਤੀ ਗਈ ਦਸੀ ਜਾ ਰਹੀ ਹੈ, ਉਸ ਵਿਚਲੀ ਸੱਚਾਈ ਨੂੰ ਨਕਾਰਿਆ ਤਾਂ ਨਹੀਂ ਜਾ ਸਕਦਾ।

ਇਸ ਦੇ ਨਾਲ ਹੀ ਉਨ੍ਹਾਂ ਕਿਹਾ, ਕਿ ਜੇ ਇਸ ਗਲ ਨੂੰ ਇਕ ਪਾਸੇ ਵੀ ਰਖ ਦਿੱਤਾ ਜਾਏ ਤਾਂ ਵੀ ਵਿਚਾਰਨ ਵਾਲੀ ਗਲ ਇਹ ਹੈ ਕਿ ਅਰਦਾਸ ਵਿੱਚ ਪੰਥ ਪਾਸੋਂ ਵਿਛੋੜੇ ਗਏ ਗੁਰਦੁਆਰਿਆਂ ਤੇ ਹੋਰ ਗੁਰਧਾਮਾਂ ਦੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ ਦਾ ਦਾਨ 'ਖਾਲਸਾ' ਜੀ ਨੂੰ ਬਖਸ਼ੇ ਜਾਣ ਦੀ ਮੰਗ ਕੀਤੀ ਜਾਂਦੀ ਚਲੀ ਆ ਰਹੀ ਹੈ। ਇਹ ਮੰਗ ਕਰਦਿਆਂ ਸ਼ਾਇਦ ਕਿਸੇ ਦਾ ਧਿਆਨ ਇਸ ਪਾਸੇ ਨਹੀਂ ਜਾਂਦਾ ਕਿ 'ਦਰਸ਼ਨ-ਦੀਦਾਰ' ਤੇ 'ਸੇਵਾ-ਸੰਭਾਲ' ਦੀ ਜ਼ਿਮੇਂਦਾਰੀ 'ਖਾਲਸਾ' ਜੀ ਨੂੰ ਬਖਸ਼ੇ ਜਾਣ ਦੀ ਮੰਗ ਕੀਤੀ ਜਾ ਰਹੀ ਹੈ। ਸੁਆਲ ਉਠਦਾ ਹੈ ਕਿ ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਕਿਸੇ ਹੋਰ ਧਾਰਮਕ ਸਿੱਖ ਜਥੇਬੰਦੀ ਦੇ ਮੁੱਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸੀਨੇ ਤੇ ਹੱਥ ਰਖ, ਦਾਅਵੇ ਦੇ ਨਾਲ ਕਹਿ ਸਕਦੇ ਹਨ ਕਿ ਉਹ ਸੱਚੇ-ਸੁੱਚੇ ਅਤੇ ਸਥਾਪਤ ਕਸੌਟੀ ਪੁਰ ਪੂਰੇ ਉਤਰ ਸਕਣ ਵਾਲੇ 'ਖਾਲਸਾ' ਹਨ?

ਸਿੱਖਾਂ ਦੀਆਂ ਦੋ ਸਭ ਤੋਂ ਵੱਡੀਆਂ ਧਾਰਮਕ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਨ, ਇਨ੍ਹਾਂ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਾਂ ਦਹਾਕਿਆਂ ਤੋਂ ਇਕੋ ਜਥੇਬੰਦੀ, ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸੱਤਾ-ਅਧੀਨ ਚਲੀ ਆ ਰਹੀ ਹੈ, ਪ੍ਰੰਤੂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੱਤਾ ਬਦਲਦੀ ਰਹਿੰਦੀ ਹੈ, ਜਿਵੇਂ ਚਾਰ-ਪੰਜ ਸਾਲ ਪਹਿਲ਼ਾਂ ਤਕ ਇਸਦੀ ਸੱਤਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਰੋਧੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਹਥਾਂ ਵਿੱਚ ਰਹੀ। ਹੁਣ ਇਸਦੀ ਸੱਤਾ ਪੁਰ ਬਾਦਲ ਅਕਾਲੀ ਦਲ ਹੀ ਕਾਬਜ਼ ਹੋ ਗਿਆ ਹੋਇਆ ਹੈ।

ਇਨ੍ਹਾਂ ਦੋਹਾਂ ਅਕਾਲੀ ਦਲਾਂ, ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਮੁੱਖੀਆਂ ਦੀ ਸੁਰ ਆਪੋ ਵਿੱਚ ਨਹੀਂ ਸੀ ਮਿਲਦੀ, ਕਿਉਂਕਿ ਉਨ੍ਹਾਂ ਦੀ ਰਾਜਸੀ ਸੋਚ ਵਖੋ-ਵਖ ਸੀ ਅਤੇ ਹੁਣ ਵੀ ਹੈ, ਜਿਸ ਕਾਰਣ ਦੋਵੇਂ ਧਿਰਾਂ ਸਮੇਂ-ਸਮੇਂ ਇਕ-ਦੂਜੇ ਦੀ ਲਾਹ-ਪਾਹ ਕਰਦੀਆਂ ਅਤੇ ਇਕ-ਦੂਜੇ ਨੂੰ ਨੀਵਾਂ ਵਿਖਾਣ ਲਈ ਸਰਗਰਮ ਬਣੀਆਂ ਰਹਿੰਦੀਆਂ ਹਨ। ਸ਼੍ਰੋਮਣੀ ਗੁਰਦੁਆਰਾ ਕਮੇਟੀ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੀ ਸੱਤਾ ਪੁਰ ਕਬਜ਼ਾ ਕਰਨ ਅਤੇ ਕਬਜ਼ਾ ਬਣਾਈ ਰਖਣ ਲਈ ਜੋ ਹਥਕੰਡੇ ਵਰਤੇ ਜਾਂਦੇ ਹਨ, ਉਨ੍ਹਾਂ ਪੁਰ ਕੋਈ ਵੀ ਸਿੱਖ ਮਾਣ ਨਹੀਂ ਕਰ ਸਕਦਾ। ਇਸ ਉਦੇਸ਼ ਲਈ ਵਰਤੇ ਜਾਂਦੇ ਹਥ-ਕੰਡਿਆਂ ਨੂੰ ਵੇਖ-ਸੁਣ ਕੇ ਨਾ ਕੇਵਲ ਹਰ ਸਿੱਖ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ, ਸਗੋਂ ਗ਼ੈਰ-ਸਿੱਖਾਂ ਦੀਆਂ ਨਜ਼ਰਾਂ ਵਿਚ ਵੀ ਸਮੁਚੀ ਕੌਮ ਦੀ ਸਥਿਤੀ ਹਾਸੋ-ਹੀਣੀ ਬਣ ਜਾਂਦੀ ਹੈ। ਇਹ ਸਭ ਕੁਝ ਸਮਝਦਿਆਂ-ਬੁਝਦਿਆਂ ਹੋਇਆਂ ਵੀ ਕਿਸੇ ਨੂੰ ਕੋਈ ਚਿੰਤਾ ਨਹੀਂ।

ਅਤੇ ਅੰਤ ਵਿੱਚ : ਇਸ ਸਾਰੀ ਗਲ ਨੂੰ ਧਿਆਨ ਨਾਲ ਸੁਣਦਿਆਂ ਇੱਕ ਸਜੱਣ ਕਿਹਾ ਕਿ ਫਿਰ ਤਾਂ ਸੁਆਲ ਇਹ ਉਠਦਾ ਹੈ ਕਿ ਅਜਿਹੀ ਸਥਿਤੀ ਵਿਚ ਅਰਦਾਸ ਕਰ, ਪੰਥ ਪਾਸੋਂ ਵਿਛੋੜੇ ਗਏ ਗੁਰਦੁਆਰਿਆਂ ਤੇ ਹੋਰ ਗੁਰਧਾਮਾਂ ਦੇ ਖੁਲ੍ਹੇ ਦਰਸ਼ਨ-ਦੀਦਾਰ ਤੇ ਸੇਵਾ-ਸੰਭਾਲ 'ਖਾਲਸਾ' ਜੀ ਨੂੰ ਬਖਸ਼ੇ ਜਾਣ ਦੀ ਮੰਗ, ਜੋ ਬੀਤੇ ਸੱਤ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਕੀਤੀ ਜਾਂਦੀ ਚਲੀ ਆ ਰਹੀ ਹੈ ਅਤੇ ਹੁਣ ਤਕ ਲਖਾਂ ਨਹੀਂ ਕਰੋੜਾਂ ਵਾਰ ਕੀਤੀ ਜਾ ਚੁਕੀ ਹੈ। ਅ

ੱਗੋਂ ਵੀ ਲਗਾਤਾਰ ਕੀਤੀ ਜਾਂਦੀ ਰਹੇਗੀ, ਬਾਰੇ ਆਪਣੇ ਅੰਦਰ ਝਾਤੀ ਮਾਰ ਕੇ ਆਪਣੇ-ਆਪ ਤੋਂ ਹੀ ਪੁੱਛ ਵੇਖੋ ਕਿ ਇਸ ਅਰਦਾਸ ਰਾਹੀਂ ਕੀਤੀ ਜਾ ਰਹੀ ਇਸ ਮੰਗ ਨੂੰ ਪੂਰਿਆਂ ਕਰਨ ਲਈ, ਉਹ ਕਿਹੜਾ 'ਖਾਲਸਾ' ਹੈ, ਜਿਸਨੂੰ ਅਕਾਲ ਪੁਰਖ ਇਨ੍ਹਾਂ ਗੁਰਦੁਆਰਿਆਂ ਦੇ ਖੁਲ੍ਹੇ ਦਰਸ਼ਨ-ਦੀਦਾਰ ਅਤੇ ਸੇਵਾ-ਸੰਭਾਲ ਦੀ ਜ਼ਿਮੇਂਦਾਰੀ ਦੀ ਬਖਸ਼ਸ਼ ਕਰੇ?


## ਵਿਸ਼ਵ ਏਡਜ਼ ਦਿਵਸ ਸਬੰਧੀ ਵਿਸ਼ੇਸ਼

# ਪੰਜਾਬ ਵਿੱਚ ਤੇਜ਼ੀ ਨਾਲ ਪੈਰ ਪਿਸਾਰ ਰਹੀ ਹੈ ਐਚ ਆਈ ਵੀ/ ਏਡਜ਼ ਦੀ ਬਿਮਾਰੀ



ਕੁਲਦੀਪ ਚੰਦ
91-94175-63054

ਐਚ ਆਈ ਵੀ/ਏਡਜ਼ ਦੇ ਰੋਗ ਨੇ ਅੱਜ ਦੁਨੀਆਂ ਦੇ ਸਭ ਮੁਲਕਾਂ ਵਿੱਚ ਪੈਰ ਪਿਸਾਰੇ ਹੋਏ ਹਨ। ਅੱਜ ਕੋਈ ਵੀ ਇਨਸਾਨ ਅਜਿਹਾ ਨਹੀਂ ਹੋਵੇਗਾ ਜਿਸ ਨੂੰ ਐਚ ਆਈ ਵੀ/ਏਡਜ਼ ਵਰਗੀ ਨਾਮੁਰਾਦ ਬਿਮਾਰੀ ਬਾਰੇ ਪਤਾ ਨਾ ਹੋਵੇ। ਐਚ ਆਈ ਵੀ/ਏਡਜ਼ ਦਾ ਸ਼ਿਕਾਰ ਕੋਈ ਵੀ ਵਿਅਕਤੀ ਹੋ ਸਕਦਾ ਹੈ। ਭਾਵੇਂ ਉਹ ਮਾਂ ਦੇ ਗਰਭ ਵਿੱਚ ਪਲ ਰਿਹਾ ਬੱਚਾ ਹੀ ਕਿਉਂ ਨਾ ਹੋਵੇ ਬਸ਼ਰਤੇ ਕਿ ਮਾਂ ਨੂੰ ਵੀ ਏਡਜ਼ ਹੋਵੇ, ਏਡਜ਼ ਗ੍ਰਸਤ ਵਿਅਕਤੀ ਦੁਆਰਾ ਵਰਤੀ ਹੋਈ ਸਰਿੰਜ ਵਰਤਣ ਨਾਲ ਅਤੇ ਏਡਜ਼ ਗ੍ਰਸਤ ਵਿਅਕਤੀ ਦਾ ਖ਼ੂਨ ਚੜ੍ਹਾਉਣ ਨਾਲ ਵੀ ਕੋਈ ਵੀ ਵਿਅਕਤੀ ਏਡਜ਼ ਗ੍ਰਸਤ ਹੋ ਸਕਦਾ ਹੈ। ਵਿਸ਼ਵ ਸਿਹਤ ਸਗੰਠਨ ਵਲੋਂ ਅਗਸਤ 1987 ਵਿੱਚ ਇਸ ਸਮੱਸਿਆ ਨਾਲ ਨਜਿੱਠਣ ਲਈ ਵਿਸ਼ਵ ਏਡਜ਼ ਦਿਵਸ ਮਨਾਉਣ ਦਾ ਵਿਚਾਰ ਪੇਸ਼ ਕੀਤਾ ਗਿਆ। ਇਸ ਲਾਇਲਾਜ਼ ਰੋਗ ਦੇ ਵਾਧੇ ਨੂੰ ਵੇਖਦੇ ਹੋਏ ਯੂਨਾਇਟਡ ਨੇਸ਼ਨਜ਼ ਦੇ ਮੈਂਬਰ ਦੇਸ਼ਾਂ ਵਲੋਂ 1 ਦਸੰਬਰ 1988 ਤੋਂ ਬਾਦ ਹਰ ਸਾਲ 01 ਦਸੰਬਰ ਦਾ ਦਿਨ ਵਿਸ਼ਵ ਏਡਜ਼ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪਹਿਲੇ 02 ਸਾਲ ਇਸ ਦਿਨ ਦਾ ਮੁੱਖ ਵਿਸ਼ਾ ਬੱਚੇ ਅਤੇ ਨੋਜਵਾਨ ਪਿੜ੍ਹੀ ਹੀ ਰਿਹਾ। 1996 ਵਿੱਚ ਯੂਨਾਇਟਡ ਨੇਸ਼ਨਜ਼ ਵਲੋਂ ਸੰਯੁਕਤ ਏਡਜ਼ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਅਤੇ 1997 ਵਿੱਚ ਇੱਕ ਦਿਨ ਦੀ ਬਜਾਏ ਪੂਰਾ ਸਾਲ ਇਸ ਸਬੰਧੀ ਜਾਗਰੂਕਤਾ ਫੈਲਾਉਣ ਲਈ ਸਮਰਪਿਤ ਕੀਤਾ ਗਿਆ। 2004 ਵਿੱਚ ਵਿਸ਼ਵ ਏਡਜ਼ ਮੁਹਿੰਮ ਇੱਕ ਅਲੱਗ ਸੰਗਠਨ ਹੀ ਬਣ ਗਿਆ ਅਤੇ ਹੁਣ ਇਸ ਸੰਗਠਨ ਵਲੋਂ ਵਿਸ਼ਵ ਏਡਜ਼ ਦਿਵਸ ਸਬੰਧੀ ਸਾਰਾ ਪ੍ਰੋਗਰਾਮ ਆਯੋਜਿਤ ਕੀਤਾ ਜਾਂਦਾ ਹੇ ਅਤੇ ਹਰ ਸਾਲ ਇਸ ਲਈ ਵਿਸ਼ੇਸ਼ ਵਿਸ਼ਾ ਨਿਸ਼ਚਿਤ ਕੀਤਾ ਜਾਂਦਾ ਹੈ। ਸਾਲ 2018 ਲਈ ਵਿਸ਼ਵ ਏਡਜ਼ ਦਿਵਸ ਲਈ ਅਪਣੀ ਸਥਿਤੀ ਜਾਣੋ ਵਿਸ਼ਾ ਸ਼ਾਮਿਲ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਪੂਰੇ ਵਿਸ਼ਵ ਵਿੱਚ 2017 ਤੱਕ ਲੱਗਭੱਗ 41.5 ਮਿਲੀਅਨ ਵਿਅਕਤੀਆਂ ਦੀ ਐਚ ਆਂਈ ਵੀ/ਏਡਜ਼ ਨਾਲ ਮੋਤ ਹੋ ਚੁੱਕੀ ਹੈ ਅਤੇ 36.7 ਮਿਲੀਅਨ ਵਿਅਕਤੀ ਐਚ ਆਈ ਵੀ/ਏਡਜ਼ ਤੋਂ ਪੀੜ੍ਹਿਤ ਹਨ। ਪਿਛਲੇ ਕੁੱਝ ਸਾਲਾਂ ਤੋਂ ਐਚ ਆਈ ਵੀ/ਏਡਜ਼ ਦੇ ਇਲਾਜ਼ ਅਤੇ ਰੋਕਥਾਮ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੇ ਬਾਬਜੂਦ ਹਰ ਸਾਲ ਲੱਗਭੱਗ 02 ਮਿਲੀਅਨ ਜਾਨਾਂ ਇਸਦੀ ਭੇਂਟ ਚੜ ਰਹੀਆਂ ਹਨ ਜਿਸ ਵਿੱਚ ਲੱਗਭੱਗ 2,70,000 ਬੱਚੇ ਹੀ ਸ਼ਾਮਿਲ ਹਨ। ਸਾਡੇ ਦੇਸ਼ ਵਿੱਚ ਐਚ ਆਈ ਵੀ/ਏਡਜ਼ ਪੀੜਿਤ ਵਿਅਕਤੀਆਂ ਦੀ ਵੱਧ ਰਹੀ ਸੰਖਿਆ ਗੰਭੀਰ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਐਚ ਆਈ ਵੀ/ਏਡਜ਼ ਦੀ ਬਿਮਾਰੀ ਬਾਰੇ ਵਿਆਪਕ ਪ੍ਰਚਾਰ ਕਰਨ ਦੇ ਬਾਵਜੂਦ ਵੀ ਲੋਕ ਇਸਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸਤੰਬਰ, 2018 ਤੱਕ ਦੇਸ਼ ਵਿੱਚ ਐਚ ਆਈ ਵੀ /ਏਡਜ਼ ਦੇ ਮਰੀਜ਼ਾ ਦੀ ਸੰਖਿਆ 21.40 ਲੱਖ ਤੱਕ ਪਹੁੰਚ ਚੁੱਕੀ ਹੈ। ਸਭਤੋਂ ਵੱਧ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਇਸ ਵਿੱਚੋਂ ਐਚ ਆਈ ਵੀ ਪੀੜ੍ਹਿਤ ਨੌਜਵਾਨ ਜੋ ਕਿ ਦੇਸ਼ ਦੀ ਰੀੜ੍ਹ ਦੀ ਹੱਡੀ ਹਨ ਦੀ ਸੰਖਿਆ ਲੱਗਭੱਗ 0.22 ਫੀਸਦੀ ਹੈ। ਪੰਜਾਬ ਵਿੱਚ ਸਤੰਬਰ 2018 ਤੱਕ 40600 ਨੋਜਵਾਨ ਐਚ ਆਈ ਵੀ/ਏਡਜ਼ ਤੋਂ ਪੀੜ੍ਹਿਤ ਹਨ। ਪੰਜਾਬ ਵਿੱਚ ਚੱਲ ਰਹੇ ਟੈਸਟਿੰਗ ਸੈਂਟਰਾਂ ਦੀ ਰਿਪੋਰਟ ਮੁਤਾਬਕ 1993 ਤੋਂ ਲੈ ਕੇ ਸਤੰਬਰ, 2018 ਤੱਕ 69024 ਵਿਅਕਤੀ ਐਚ ਆਈ ਵੀ/ਏਡਜ਼ ਤੋਂ ਪੀੜ੍ਹਿਤ ਪਾਏ ਗਏ ਹਨ। ਪੰਜਾਬ ਵਿੱਚ ਇਸ ਸਮੇਂ 623 ਆਈ ਸੀ ਟੀ ਸੀ ਸੈਂਟਰ ਐਚ ਆਈ ਵੀ/ਏਡਜ਼ ਦੀ ਜਾਂਚ ਲਈ ਸਥਾਪਿਤ ਕੀਤੇ ਗਏ ਹਨ, 09 ਏ ਆਰ ਟੀ ਸੈਂਟਰ, 12 ਲਿੰਕ ਏ ਆਰ ਟੀ ਸੈਂਟਰ, 01 ਲਿੰਕ ਏ ਆਰ ਟੀ ਪਲੱਸ ਸੈਂਟਰ ਅਤੇ 01 ਏ ਆਰ ਟੀ ਪਲੱਸ ਇਲਾਜ ਸੈਂਟਰ ਚੱਲ ਰਹੇ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਅਨੁਸਾਰ ਪੰਜਾਬ ਵਿੱਚ ਐਚ ਆਈ ਵੀ ਕੇਅਰ ਸੈਂਟਰਾਂ ਵਿੱਚ ਸਤੰਬਰ, 2018 ਤੱਕ ਰਜਿਸਟਰਡ ਮਰੀਜ਼ਾਂ ਦੀ ਗਿਣਤੀ 55635 ਹੈ। ਏ ਆਰ ਟੀ ਇਲਾਜ ਸ਼ੁਰੂ ਕਰਵਾਉਣ ਵਾਲੇ ਮਰੀਜ਼ਾਂ ਦੀ ਗਿਣਤੀ 43150 ਹੈ। ਮੌਜੂਦਾ ਸਮੇਂ 30699 ਵਿਅਕਤੀ ਏ ਆਰ ਟੀ ਦੁਆਰਾ ਇਲਾਜ ਕਰਵਾ ਰਹੇ ਹਨ ਅਤੇ ਇਲਾਜ ਕਰਵਾ ਰਹੇ ਵਿਅਕਤੀਆਂ ਵਿਚੋਂ 7623 ਵਿਅਕਤੀਆਂ ਦੀ ਮੌਤ ਹੋ ਚੁੱਕੀ ਸੀ। ਜੇਕਰ ਜਿਲ੍ਹਾਵਾਰ ਵੇਖੀਏ ਤਾਂ ਸ਼੍ਰੀ ਅੰਮ੍ਰਿਤਸਰ ਇਸ ਮਾਮਲੇ ਵਿੱਚ ਸਭਤੋਂ ਉਪਰ ਹੈ ਜਿੱਥੇ ਸਤੰਬਰ, 2018 ਤੱਕ 724530 ਵਿਅਕਤੀ ਟੈਸਟ ਕਰਵਾਉਣ ਲਈ ਪਹੁੰਚੇ ਅਤੇ 15664 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਬਰਨਾਲਾ ਜ਼ਿਲ੍ਹੇ ਵਿੱਚ ਟੈਸਟ ਲਈ ਆਏ 118167 ਵਿਅਕਤੀਆਂ ਵਿੱਚੋ 691 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਬਠਿੰਡਾ ਜ਼ਿਲ੍ਹੇ ਵਿੱਚ 297184 ਵਿੱਚੋਂ 2886 ਵਿਅਕਤੀ, ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਫਰੀਦਕੋਟ ਜ਼ਿਲ੍ਹੇ ਵਿੱਚ 142722 ਵਿੱਚੋਂ 2180 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿੱਚ 107295 ਵਿੱਚੋਂ 693 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਫਾਜ਼ਿਲਕਾ ਜ਼ਿਲ੍ਹੇ ਵਿੱਚ 94659 ਵਿੱਚੋਂ 477 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ।




ਫਿਰੋਜ਼ਪੁਰ ਜ਼ਿਲ੍ਹੇ ਵਿੱਚ 185050 ਵਿੱਚੋਂ 2478 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਗੁਰਦਾਸਪੁਰ ਜ਼ਿਲ੍ਹੇ ਵਿੱਚ 329552 ਵਿੱਚੋਂ 3084 ਵਿਅਕਤੀ, ਹੁਸ਼ਿਆਰਪੁਰ ਜ਼ਿਲ੍ਹੇ ਵਿੱਚ 315480 ਵਿੱਚੋਂ 2437 ਵਿਅਕਤੀ, ਜਲੰਧਰ ਜ਼ਿਲ੍ਹੇ ਵਿੱਚ 384469 ਵਿੱਚੋਂ 7075, ਕਪੂਰਥਲਾ ਜ਼ਿਲ੍ਹੇ ਵਿੱਚ 190708 ਵਿੱਚੋਂ 1860, ਲੁਧਿਆਣਾ ਜ਼ਿਲ੍ਹੇ ਵਿੱਚ 828479 ਵਿੱਚੋਂ 7914 ਵਿਅਕਤੀ, ਮਾਨਸਾ ਜ਼ਿਲ੍ਹੇ ਵਿੱਚ 158770 ਵਿੱਚੋਂ 879, ਮੋਗਾ ਜ਼ਿਲ੍ਹੇ ਵਿੱਚ 149457 ਵਿੱਚੋਂ 1969 ਵਿਅਕਤੀ, ਮੋਹਾਲੀ ਜ਼ਿਲ੍ਹੇ ਵਿੱਚ 240667 ਵਿੱਚੋਂ 929 ਵਿਅਕਤੀ, ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ 129575 ਵਿੱਚੋਂ 769, ਨਵਾਂਸ਼ਹਿਰ ਜ਼ਿਲ੍ਹੇ ਵਿੱਚ 102310 ਵਿੱਚੋਂ 1126 ਵਿਅਕਤੀ, ਪਠਾਨਕੋਟ ਜ਼ਿਲ੍ਹੇ ਵਿੱਚ 222309 ਵਿੱਚੋਂ 1861 ਵਿਅਕਤੀ, ਪਟਿਆਲਾ ਜ਼ਿਲ੍ਹੇ ਵਿੱਚ 445729 ਵਿੱਚੋਂ 7144 ਵਿਅਕਤੀ, ਰੂਪਨਗਰ ਜ਼ਿਲ੍ਹੇ ਵਿੱਚ 239215 ਵਿੱਚੋਂ 1477 ਵਿਅਕਤੀ, ਸੰਗਰੂਰ ਜ਼ਿਲ੍ਹੇ ਵਿੱਚ 291814 ਵਿੱਚੋਂ 1672 ਵਿਅਕਤੀ, ਅਤੇ ਤਰਨਤਾਰਨ ਜ਼ਿਲ੍ਹੇ ਵਿੱਚ ਕੁੱਲ 179960 ਵਿੱਚੋਂ 2759 ਵਿਅਕਤੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਇਸ ਰਿਪੋਰਟ ਅਨੁਸਾਰ ਪੰਜਾਬ ਦਾ ਕੋਈ ਵੀ ਜਿਲ੍ਹਾ ਅਜਿਹਾ ਨਹੀਂ ਹੈ ਜਿੱਥੇ ਤੱਕ ਇਹ ਬਿਮਾਰੀ ਨਾਂ ਪਹੁੰਚੀ ਹੋਵੇ ਅਤੇ ਕਈ ਜਿਲ੍ਹਿਆਂ ਦੇ ਮਰੀਜ ਨਾਲ ਲੱਗਦੇ ਦੂਜੇ ਇਲਾਕਿਆਂ ਵਿੱਚ ਜਾ ਕੇ ਵੀ ਟੈਸਟ ਕਰਵਾ ਰਹੇ ਹਨ। ਜੇਕਰ ਪੂਰੇ ਪੰਜਾਬ ਦੀ ਗੱਲ ਕਰੀਏ ਤਾਂ ਪੂਰੇ ਪੰਜਾਬ ਵਿੱਚ ਇਸ ਸਮੇਂ ਦੌਰਾਨ ਕੁੱਲ 5878101 ਵਿਅਕਤੀ ਐਚ ਆਈ ਵੀ ਟੈਸਟ ਕਰਵਾਉਣ ਲਈ ਪਹੁੰਚੇ ਜਿਨ੍ਹਾਂ ਵਿੱਚੋਂ 68024 ਵਿਅਕਤੀ ਭਾਵ 1.16 ਫਿਸਦੀ ਐਚ ਆਈ ਵੀ ਪਾਜਟਿਵ ਪਾਏ ਗਏ ਹਨ। ਇੱਥੇ ਇਹ ਵੀ ਵਰਣਨਯੋਗ ਹੈ ਕਿ ਅਜੇ ਵੀ ਬਹੁਤੇ ਵਿਅਕਤੀ ਸਰਕਾਰੀ ਸੈਂਟਰਾਂ ਵਿੱਚ ਜਾਕੇ ਟੈਸਟ ਕਰਵਾਉਣ ਦੀ ਥਾਂ ਪ੍ਰਾਈਵੇਟ ਲੈਬਾਰਟਰੀਆਂ ਵਿੱਚ ਜਾਕੇ ਹੀ ਟੈਸਟ ਕਰਵਾਂਦੇ ਹਨ ਅਤੇ ਪਤਾ ਲੱਗਣ ਤੇ ਵੀ ਛੁਪਾਕੇ ਰੱਖਦੇ ਹਨ। ਮੌਜੂਦਾ ਸਮੇਂ ਵਿੱਚ ਪੰਜਾਬ ਸਰਕਾਰ ਵਲੋਂ ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਦੁਆਰਾ ਸੂਬੇ ਵਿੱਚ ਐਚ ਆਈ ਵੀ/ਏਡਜ਼ ਨੂੰ ਫੈਲਣ ਤੋਂ ਰੋਕਣ ਅਤੇ ਐਚ ਆਈ ਵੀ/ਏਡਜ਼ ਪੀੜਿਤ ਵਿਅਕਤੀਆਂ ਨੂੰ ਬਨਦੀਆਂ ਸੇਵਾਵਾਂ ਦਿਤੀਆਂ ਜਾ ਰਹੀਆਂ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਸੂਬੇ ਵਿੱਚ 54 ਗੈਰ ਸਰਕਾਰੀ ਸੰਗਠਨ ਐਚ ਆਈ ਵੀ/ ਏਡਜ਼ ਰੋਕਣ ਲਈ ਕੰਮ ਕਰ ਰਹੇ ਹਨ। ਇਸ ਮੁਹਿੰਮ ਵਿੱਚ ਲੱਗੇ 09 ਗੈਰ ਸਰਕਾਰੀ ਸੰਗਠਨਾਂ ਵੱਲੋਂ ਟੀਚਾ ਰੱਖੀਆਂ ਗਈਆਂ ਦੇਹ ਵਪਾਰ ਦੇ ਧੰਦੇ ਨਾਲ ਜੁੜੀਆਂ 11800 ਮਹਿਲਾਵਾਂ ਵਿਚੋਂ 11527 ਮਹਿਲਾਂਵਾਂ ਨੂੰ ਬਨਦੀਆਂ ਸੇਵਾਵਾਂ ਦਿਤੀਆਂ ਗਈਆਂ, 01 ਗੈਰ ਸਰਕਾਰੀ ਸੰਗਠਨ ਦੁਆਰਾ ਟੀਚਾ ਰੱਖੇ ਗਏ 2600 ਸਮਲਿੰਗੀ ਵਿਅਕਤੀਆਂ ਦੀ ਥਾਂ 2739 ਵਿਅਕਤੀਆਂ ਨੂੰ ਬਨਦੀਆਂ ਸੇਵਾਵਾਂ ਦਿਤੀਆਂ ਗਈਆਂ ਹਨ, 18 ਗੈਰ ਸਰਕਾਰੀ ਸੰਗਠਨਾਂ ਦੁਆਰਾ ਟੀਚਾ ਰੱਖੇ ਗਏ 11200 ਟੀਕਿਆਂ ਦੁਆਰਾ ਨਸ਼ੇ ਕਰਨ ਵਾਲੇ ਵਿਅਕਤੀਆਂ ਦੀ ਥਾਂ 11548 ਵਿਅਕਤੀਆਂ ਨੂੰ ਬਨਦੀਆਂ ਸੇਵਾਵਾਂ ਦਿਤੀਆਂ ਗਈਆਂ ਹਨ, 02 ਗੈਰ ਸਰਕਾਰੀ ਸੰਗਠਨਾਂ ਦੁਆਰਾ ਟੀਚਾ ਰੱਖੇ ਗਏ 20000 ਟਰੱਕਾਂ ਦੇ ਧੰਦੇ ਨਾਲ ਜੁੜ੍ਹੇ ਵਿਅਕਤੀਆਂ ਦੀ ਥਾਂ 21170 ਵਿਅਕਤੀਆਂ ਨੂੰ ਬਨਦੀਆਂ ਸੇਵਾਵਾਂ ਦਿਤੀਆਂ ਗਈਆਂ ਹਨ, 04 ਗੈਰ ਸਰਕਾਰੀ ਸੰਗਠਨਾਂ ਦੁਆਰਾ ਟੀਚਾ ਰੱਖੇ ਗਏ 50000 ਪ੍ਰਵਾਸੀ ਵਿਅਕਤੀਆਂ ਦੀ ਥਾਂ 50976 ਪ੍ਰਵਾਸੀ ਵਿਅਕਤੀਆਂ ਨੂੰ ਬਣ-ਦੀਆਂ ਸੇਵਾਵਾਂ ਦਿਤੀਆਂ ਗਈਆਂ ਹਨ। ਸਰਕਾਰ ਵਲੋਂ ਸੂਬੇ ਵਿੱਚ ਯੋਨ ਰੋਗਾਂ ਦੇ ਇਲਾਜ਼ ਲਈ 31 ਕੇਂਦਰ ਖੋਲੇ ਗਏ ਹਨ ਜਿੱਥੇ 93591 ਵਿਅਕਤੀਆਂ ਨੂੰ ਬਨਦੀਆਂ ਸੇਵਾਵਾਂ ਦਿੱਤੀਆ ਗਈਆਂ ਹਨ। ਅੱਜ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਸ਼ਵ ਏਡਜ਼ ਦਿਵਸ ਮਨਾਇਆ ਜਾ ਰਿਹਾ ਹੈ। ਇਸ ਦਿਨ ਦੇਸ਼ ਨੂੰ ਐਚ ਆਈ ਵੀ/ਏਡਜ਼ ਮੁੱਕਤ ਬਣਾਉਣ ਲਈ ਕੰਮ ਕਰਨ ਦੀਆਂ ਯੋਜਨਾਵਾਂ ਬਣਾਈਆਂ ਜਾਣਗੀਆਂ। ਦੇਸ਼ ਵਿੱਚ ਵੱਧ ਰਹੇ ਐਚ ਆਈ ਵੀ/ਏਡਜ਼ ਦੇ ਮਰੀਜ਼ਾਂ ਦੀ ਗਿਣਤੀ ਅਤਿ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸਾਨੂੰ ਸਭ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ ਨਹੀਂ ਤਾਂ ਆਣ ਵਾਲੇ ਸਮੇਂ ਵਿੱਚ ਇਹ ਇਕ ਤਬਾਹੀ ਬਣ ਸਕਦਾ ਹੈ।

# ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ



ਪ੍ਰਿੰਸੀਪਲ ਪ੍ਰੇਮਲਤਾ
98143-41746

ਫੁਲਕਾਰੀ ਦੇ ਸ਼ਬਦਿਕ ਅਰਥ ਹਨ: ਮਨੁੱਖੀ ਸੁਹਜ ਅਤੇ ਕਿਰਤ ਨਾ਼ਲ ਕੱਢੇ ਫੁੱਲਾਂ ਨਾ਼ਲ ਸਜਿਆ ਰੰਗਦਾਰ ਖੱਦਰ ਦਾ ਵੱਡਾ ਦੁਪੱਟਾ। ਇਰਾਨ ਵਿੱਚ ਇਸਦੇ ਰੂਪ ਨੂੰ ਗੁਲਕਾਰੀ ਕਹਿੰਦੇ ਹਨ। ਕਈ ਵਿਦਵਾਨਾਂ ਦਾ ਮਤ ਹੈ, ਕਿ ਪੰਜਾਬ ਦੇ ਜੱਟ, ਮੱਧ ਏਸ਼ੀਆ ਵਿੱਚੋਂ ਆਏ ਸਨ, ਉਨ੍ਹਾਂ ਦੇ ਨਾ਼ਲ ਹੀ ਫੁਲਕਾਰੀ ਆਈ ਹੈ। ਪਰ ਇਹ ਗੱਲ ਤਰਕਹੀਨ ਲੱਗਦੀ ਹੈ। ਕਿਉਂਕਿ ਫੁਲਕਾਰੀ, ਸੰਸਕ੍ਰਿਤ ਦਾ ਜੋੜ ਸ਼ਬਦ ਸੀ। ਕਾਰੀ ਦਾ ਧਾਤੂ ਰੂਪ, ਕਰ ਹੈ, ਜਿਸਦਾ ਅਰਥ ਹੈ, ਹੱਥ, ਇਸਨੂੰ ਕਿਰਤ ਦੇ ਰੂਪ ਵਿੱਚ ਵਰਤਿਆ ਗਿਆ ਹੈ। ਫੁਲਕਾਰੀ ਦਾ ਜਿਕਰ ਵੇਦਾਂ, ਮਹਾਂ-ਭਾਰਤ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਆਉਂਦਾ ਹੈ। ਇਸ ਲਈ ਇਸਨੂੰ ਭਾਰਤ ਖਾਸ ਕਰਕੇ ਪੰਜਾਬ ਦੀ ਉਪਜ ਕਹਿ ਸਕਦੇ ਹਾਂ। ਫੁਲਕਾਰੀ ਦਾ ਜਿਕਰ ਵਾਰਿਸ਼ ਸ਼ਾਹ ਨੇ ਹੀਰ-ਰਾਂਝੇ ਦੇ ਕਿੱਸੇ ਵਿੱਚ ਵੀ ਕੀਤਾ ਹੈ। ਲੋਕ ਬੋਲੀਆਂ ਅਤੇ ਲੋਕ ਗੀਤਾਂ ਵਿੱਚ ਤਾਂ ਫੁਲਕਾਰੀ ਨੂੰ ਸਹਿਜੇ ਹੀ ਵਰਤਿਆ ਗਿਆ ਹੈ।

ਕੁਲਦੀਪ ਮਾਨਕ ਦਾ ਬਹੁਤ ਹੀ ਮਸ਼ਹੂਰ ਗੀਤ ਹੈ, ਜਿਸ ਵਿੱਚ ਫੁਲਕਾਰੀ ਕੱਢਦੀ ਮੁਟਿਆਰ ਦੀ ਰੂਹ ਖਿੜ੍ਹ-ਖਿੜ੍ਹ ਪੈਂਦੀ ਹੈ:-

ਮੈਂ ਚਾਦਰ ਕੱਢਦੀ ਨੀ ਗਿਣ ਤੋਪੇ ਪਾਵਾਂ,
ਜਾਮਣ ਦੀ ਛਾਂ ਹੇਠਾਂ ਨੀ ਮੈਂ ਪੀਹੜਾ ਡਾਹਵਾਂ,
ਚਿੜੀਆਂ ਦੀ ਚੀਂ-ਚੀਂ ਨੀ ਤੋਤਿਆਂ ਦੀ ਟੁਕੜੀ
ਸਿਰ ਫੜਕੇ ਸੋਚਾਂ ਨੀਂ ਨਾ਼ਲੇ ਸ਼ਰਮਾਵਾਂ।

ਪੰਜਾਬੀ ਸੱਭਿਆਚਾਰ ਵਿੱਚ ਜੇਕਰ ਵੱਖ-ਵੱਖ ਕਰਮਾਂ, ਰੀਤੀ-ਰਿਵਾਜਾਂ, ਰਹਿਣ-ਸਹਿਣ ਅਤੇ ਖਾਣ ਪੀਣ ਨਾ਼ਲ ਪੂਰਨ ਮਨੁੱਖ ਬਣਦਾ ਹੈ ਤਾਂ ਕਲਾ ਜਾਂ ਸੁਹਜ ਉਸਦੀ ਆਤਮਾ ਦੀ ਸ਼ੁੱਧੀ ਅਤੇ ਮਨ ਦੇ ਚਾਵਾਂ ਦੀ ਤ੍ਰਿਪਤੀ ਹੈ। ਇਸੇ ਸੁਹਜ ਵਿੱਚੋਂ ਫੁਲਕਾਰੀ ਦੀ ਕਲਾ ਨੇ ਜਨਮ ਲਿਆ ਹੈ। ਪੰਜਾਬੀ ਸੱਭਿਆਚਾਰ ਦਾ ਇੱਕ ਖਾਸ ਗੁਣ ਹੈ ਕਿ ਇਸਨੇ ਪਦਾਰਥ ਦੀ ਲੋੜ ਨੂੰ ਸੁਹਜ ਅਤੇ ਕਲਾ ਨਾ਼ਲ ਪੂਰੀ ਤਰ੍ਹਾਂ ਜੋੜਿਆ ਹੈ। ਇਸੇ ਸੁਹਜ ਅਤੇ ਕਲਾ ਵਿੱਚੋਂ ਲੋਕ ਸਾਹਿਤ ਪੈਦਾ ਹੋਇਆ ਹੈ। ਸਹੁਰੇ ਗਈ ਕੁੜੀ ਪੇਟੀ ਵਿੱਚ ਪਈ ਫੁਲਕਾਰੀ ਨੂੰ ਦੇਖ ਕੇ ਕਹਿੰਦੀ ਹੈ:-

ਇਹ ਫੁਲਕਾਰੀ ਮੇਰੀ ਮਾਂ ਨੇ ਕੱਢੀ,
ਇਸਨੂੰ ਘੁਟ-ਘੁੱਟ ਜੱਫੀਆਂ ਪਾਵਾਂ।

ਇੱਕ ਹੋਰ ਗੌਰ ਕਰਨ ਵਾਲੀ ਗੱਲ ਹੈ, ਜਿਹੜੀਆਂ ਕਿਰਿਆਵਾਂ ਅਤੇ ਵਸਤੂਆਂ ਨਾ਼ਲ ਪੰਜਾਬੀ ਔਰਤ ਜੁੜੀ ਹੋਈ ਹੈ, ਉਹ ਕਿਰਿਆਵਾਂ ਜਾਂ ਵਸਤੂਆਂ ਪੰਜਾਬੀ ਸੱਭਿਆਚਾਰ ਵਿੱਚ ਕੇਂਦਰੀ ਸਥਾਨ ਰੱਖਦੀਆਂ ਹਨ। ਚਰਖਾ, ਤ੍ਰਿੰਝਣ ਅਤੇ ਫੁਲਕਾਰੀ ਦੀ ਕਲਾ ਨੇ ਪੰਜਾਬੀ ਸੱਭਿਆਚਾਰ ਨੂੰ ਚਾਰ ਚੰਨ ਲਗਾਏ ਹਨ। ਇਹ ਨਿਰੀਆਂ-ਪੁਰੀਆਂ ਵਸਤੂਆਂ ਜਾਂ ਕਿਰਿਆਵਾਂ ਨਹੀਂ ਹਨ, ਇਹ ਤਾਂ ਪੰਜਾਬੀ ਸੱਭਿਆਚਾਰ ਦੇ ਉਹ ਸੂਰਜ ਹਨ, ਜਿਨ੍ਹਾਂ ਦੁਆਲੇ ਮੋਰ ਪੰਖ ਦੀਆਂ ਬਣੀਆਂ ਕਲਮਾਂ ਗੇੜੇ ਕੱਢਦੀਆਂ ਹਨ ਅਤੇ ਉੱਚ ਕੋਟੀ ਦੀ ਸਾਹਿਤ ਰਚਨਾ ਪੰਜਾਬੀ ਸੱਭਿਆਚਾਰ ਦੀ ਝੋਲੀ ਵਿੱਚ ਪਾ ਰਹੀਆਂ ਹਨ। ਡਾ. ਹਰਿਭਜਨ ਸਿੰਘ ਨੇ ਫੁਲਕਾਰੀ ਨੂੰ ਬਿੰਬ ਵਰਤਦੇ ਹੋਏ ਇੱਕ ਖ਼ੂਬ ਸੂਰਤ ਕਵਿਤਾ ਦੀ ਰਚਨਾ ਕੀਤੀ ਹੈ:-

ਮੈਂ ਕਰ ਕਰ ਜਤਨਾ ਹਾਰੀ,
ਰਾਮਾ ਨਹੀਂ ਮੁੱਕਦੀ ਫੁਲਕਾਰੀ,
ਜਿੰਦ ਨਿੱਕੜੀ ਤੇ ਹਾੜ ਮਹੀਨਾ,
ਤਨ ਤਪੇ ਪਸੀਨਾ ਚੋਏ,
ਅਸਾਂ ਮਹਿੰਗੇ ਮੁੱਲ ਦੇ ਮੋਤੀ,
ਇੰਝ ਪਤਲੀ ਦੇ ਪੱਟ ਪਰੋਏ,
ਇੰਝ ਮਿਹਨਤ ਦੇ ਵਿੱਚ ਬੀਤੀ,
ਸਾਡੀ ਖੇਡਣ ਦੀ ਰੁੱਤ ਸਾਰੀ
ਰਾਮਾ ਨਹੀਂ ਮੁੱਕਦੀ ਫੁਲਕਾਰੀ।

ਚਰਖਾ, ਤ੍ਰਿੰਝਣ ਅਤੇ ਫੁਲਕਾਰੀ ਇੱਕ ਦੂਜੇ ਨਾਲੋਂ ਵੱਖ ਨਹੀਂ ਹੋ ਸਕਦੇ। ਸਭ ਤੋਂ ਪਹਿਲਾਂ ਤ੍ਰਿੰਝਣ ਵਿੱਚ ਬਹਿ ਕੇ ਪੰਜਾਬੀ ਔਰਤ ਚਰਖੇ ਉੱਪਰ ਕਪਾਹ ਦੀ ਰੂੰ ਤੋਂ ਸੂਤ ਕੱਤਦੀ ਹੈ, ਉਸਤੋਂ ਬਾਅਦ ਉਸ ਸੂਤ ਨਾ਼ਲ ਖੱਦਰ ਬੁਣਿਆ ਜਾਂਦਾ ਹੈ। ਫੇਰ ਉਸ ਖੱਦਰ ਨੂੰ ਸੂਹੇ ਲਾਲ ਰੰਗ ਨਾ਼ਲ ਰੰਗਿਆ ਜਾਂਦਾ ਹੈ। ਵੱਡ ਅਕਾਰੀ ਦੁਪੱਟੇ ਦੇ ਰੂਪ 'ਚ ਸੂਹੇ ਲਾਲ ਖੱਦਰ ਉੱਪਰ ਕਈ ਤਰ੍ਹਾਂ ਦੇ ਫੁੱਲ ਕੱਢੇ ਜਾਂਦੇ ਹਨ। ਸੂਤ ਕੱਤਣ ਵੇਲੇ ਵੀ ਅਤੇ ਫੁਲਕਾਰੀ ਕੱਢਣ ਵੇਲੇ ਵੀ ਮੁਟਿਆਰ ਤ੍ਰਿੰਝਣ ਦਾ ਆਨੰਦ ਮਾਣਦੀ ਹੈ। ਜਦੋਂ ਮੁਟਿਆਰਾਂ ਤ੍ਰਿੰਝਣ ਵਿੱਚ ਰਲ ਕੇ ਬਹਿੰਦੀਆਂ ਹਨ, ਤਾਂ ਮੁਟਿਆਰ ਆਪਣੇ ਮਨ ਦੇ ਚਾਵਾਂ ਨੂੰ ਫੁੱਲਾਂ ਦੇ ਰੂਪ ਵਿੱਚ ਸੂਹੇ ਲਾਲ ਖੱਦਰ ਦੇ ਦੁਪੱਟੇ ਉਪੱਰ ਇੰਝ ਖਿਲਾਰ ਦਿੰਦੀ ਹੈ ਜਿਵੇਂ ਕੁਦਰਤ ਨੇ ਆਪਣੇ ਲੇਫ ਉਪੱਰ ਤਾਰੇ ਖਿਲਾਰੇ ਹੋਣ। ਕਵੀ ਦੀ ਕਲਮ ਇਸ ਦ੍ਰਿਸ਼ ਨੂੰ ਦੇਖ ਕੇ ਆਪ ਮੁਹਾਰੇ ਚੱਲਦੀ ਹੈ:-

ਨਰਿੰਦਰ ਬਾਸੀ ਲਿਖਦਾ ਹੈ:-

ਫੁੱਲਾਂ ਵਾਲੀ ਲੈ ਫੁਲਕਾਰੀ
ਜਦ ਮੈਂ ਦਿੱਤਾ ਗੇੜਾ,
ਦੂਹਰਾ ਹੋ ਗਿਆ ਰੰਗ ਗੁਲਾਬੀ,
ਨੱਚਣ ਲੱਗਿਆ ਵੇਹੜਾ,
ਗਿੱਧੇ ਦੇ ਵਿੱਚ ਨੱਚਦੀ ਜੱਟੀ,
ਕਰੂ ਮੁਕਾਬਲਾ ਕਿਹੜਾ,
ਜੋਬਨ ਪਤਲੋ ਦਾ
ਸੱਜਰੇ ਮੱਖਣ ਦਾ ਪੇੜਾ।

ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਫੁਲਕਾਰੀ ਦੀਆਂ ਅਨੇਕਾਂ ਕਿਸਮਾਂ ਪਾਈਆਂ ਜਾਂਦੀਆਂ ਹਨ।

1. ਛੋਪ ਅਤੇ ਸੁਬਹਾਰ : ਫੁਲਕਾਰੀ ਦੀ ਇਸ ਕਿਸਮ ਵਿੱਚ ਸੂਹੇ ਲਾਲ ਰੰਗ ਦੇ ਖੱਦਰ ਉੱਪਰ ਸੰਘਣੇ ਫੁੱਲ ਕੱਢੇ ਜਾਂਦੇ ਹਨ ਅਤੇ ਇਹ ਫੁਲਕਾਰੀ ਸੁਹਾਗਣ ਦੇ ਸ਼ਗਨਾ ਲਈ ਵਰਤੀ ਜਾਂਦੀ ਹੈ।
2. ਤਿਲ ਪੱਤਰਾ : ਇਸ ਕਿਸਮ ਦੀ ਫੁਲਕਾਰੀ ਉਪੱਰ ਅਜਿਹੀ ਕਢਾਈ ਕੀਤੀ ਜਾਂਦੀ ਹੈ, ਜਿਵੇਂ ਤਿਲਾਂ ਦੇ ਬੀਜ ਖਿੰਡੇ ਹੋਣ।
3. ਨੀਲਕ: ਖੱਦਰ ਸੂਹਾ ਲਾਲ ਅਤੇ ਉਪੱਰ ਪੀਲੀ ਜਾਂ ਸੁਨਹਿਰੀ ਕਢਾਈ ਕੀਤੀ ਜਾਂਦੀ ਹੈ, ਫੁੱਲਾਂ ਵਿੱਚ ਧਾਤੂ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ।
4. ਛਾਮਾਸ : ਇਹ ਫੁਲਕਾਰੀ ਹਰਿਆਣੇ ਦੇ ਇਲਾਕੇ ਵਿੱਚ ਕੱਢੀ ਜਾਂਦੀ ਹੈ, ਇਸ ਵਿੱਚ ਸ਼ੀਸ਼ੇ ਲੱਗੇ ਹੁੰਦੇ ਹਨ।
5. ਰਾਜਸਥਾਨੀ ਫੁਲਕਾਰੀ : ਇਹ ਫੁਲਕਾਰੀ ਪੰਜਾਬ ਦੇ ਰਾਜਸਥਾਨ ਨਾ਼ਲ ਲੱਗਦੇ ਇਲਾਕਿਆਂ ਵਿੱਚ ਕੱਢੀ ਜਾਂਦੀ ਹੈ। ਇਸ ਵਿੱਚ ਪਸ਼ੂ ਅਤੇ ਪੰਛੀ ਛਾਪੇ ਜਾਂਦੇ ਹਨ।
6. ਸੈਂਚੀ ਫੁਲਕਾਰੀ : ਇਹ ਫੁਲਕਾਰੀ ਫਿਰੋਜਪੁਰ ਦੇ ਇਲਾਕੇ ਵਿਚ ਕੱਢੀ ਜਾਂਦੀ ਹੈ। ਇਸ ਵਿੱਚ ਪੰਛੀਆਂ ਦੇ ਡਿਜ਼ਾਇਨ ਕੱਢੇ ਜਾਂਦੇ ਹਨ।

ਪੰਜਾਬੀ ਸੱਭਿਆਚਾਰ ਨੇ ਪਦਾਰਥ ਅਤੇ ਕੁਦਰਤ ਨੂੰ ਸਦਾ ਉੱਚਾ ਸਥਾਨ ਦਿੱਤਾ ਹੈ, ਇਸ ਵਿੱਚੋਂ ਹੀ ਔਰਤ ਦੀ ਆਜਾਦੀ ਅਤੇ ਬਰਾਬਰਤਾ ਅਤੇ ਜੀਵਾਂ ਲਈ ਪਿਆਰ ਜਿਹੇ ਉੱਚ ਪਾਏਦਾਰ ਗੁਣ ਉੱਭਰਕੇ ਸਾਹਮਣੇ ਆਏ ਹਨ। ਪੰਜਾਬੀ ਔਰਤ ਦੀ ਇਸੇ ਅਜਾਦੀ ਅਤੇ ਬਰਾਬਰਤਾ ਵਿੱਚੋਂ ਕਲਾ ਨੇ ਜਨਮ ਲਿਆ ਹੈ, ਜਿਸ ਵਿੱਚ ਫੁਲਕਾਰੀ ਦੀ ਕਲਾ, ਕਲਾ ਦੀ ਸ਼ਿਖਰ ਹੈ। ਸਾਨੂੰ ਇਸ ਗੱਲ ਦਾ ਮਾਨ ਹੈ ਕਿ ਪੰਜਾਬੀ ਸੱਭਿਆਚਾਰ ਵਿੱਚ ਦੂਰ ਤੱਕ ਨਜਰ ਮਾਰਨ ਤੇ ਵੀ ਕੋਈ ਅਜਿਹੀ ਰਸਮ ਜਾਂ ਕਿਰਿਆ ਨਜਰ ਨਹੀਂ ਆਉਂਦੀ ਜਿਹੜੀ ਔਰਤ ਦੇ ਸਨਮਾਨ ਨੂੰ ਨੀਵਾਂ ਕਰਦੀ ਹੋਵੇ ਜਾਂ ਵਾਤਾਵਰਣ ਜਾਂ ਜੀਵਾਂ ਦੀ ਹੋਂਦ ਨੂੰ ਖ਼ਤਰਾ ਪੈਦਾ ਕਰਦੀ ਹੋਵੇ। ਜੇਕਰ ਅੱਜ ਵਾਤਾਵਰਣ ਅਤੇ ਜੀਵ-ਜੰਤੂਆਂ ਦੀ ਹੋਂਦ ਨੂੰ ਖਤਰਾ ਬਣਿਆ ਹੈ, ਤਾਂ ਉਹ ਆਧੁਨਿਕ ਸਮਾਜ ਵੱਲੋਂ ਪੈਦਾ ਹੋਇਆ ਹੈ। ਫੁਲਕਾਰੀ ਜਿੱਥੇ ਕਲਾ ਦਾ ਸ਼ਿਖਰ ਹੈ, ਉੱਥੇ ਹੀ ਇਹ ਪੰਜਾਬੀ ਔਰਤਾਂ ਦਾ ਪ੍ਰਾਕ੍ਰਿਤੀ ਪ੍ਰਤੀ ਪਿਆਰ ਨੂੰ ਦਰਸਾਉਂਦੀ ਹੈ। ਇਸੇ ਭਾਵਨਾ ਨੂੰ ਲੈ ਕੇ ਅਮ੍ਰਿਤਾ ਪ੍ਰੀਤਮ ਨੇ ਫੁਲਕਾਰੀ ਬਾਰੇ ਆਪਣੇ ਭਾਵ ਆਪਣੀ ਮਸ਼ਹੂਰ ਕਵਿਤਾ ਰਾਹੀਂ ਪ੍ਰਗਟਾਏ ਹਨ:-

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ,
ਅੰਬਰ ਦਾ ਇੱਕ ਆਲਾ,
ਸੂਰਜ ਬਾਲ ਦਿਆਂ,
ਮਨ ਦੀ ਉੱਚੀ ਮੰਮਟੀ ਦੀਵਾ ਕੌਣ ਧਰੇ।

ਖੁਸ਼ੀ ਦੇ ਮੌਕੇ ਤੇ ਮੁਟਿਆਰਾਂ ਸਿਰਾਂ ਉਪੱਰ ਸੱਗੀ ਫੁੱਲ ਅਤੇ ਗਲੇ ਵਿੱਚ ਫੁਲਕਾਰੀ ਦੁਪੱਟਾ ਲੈ ਕੇ ਗਿੱਧੇ ਵਿੱਚ ਨੱਚਦੀਆਂ ਇੰਜ ਲੱਗਦੀਆਂ ਸਨ, ਜਿਵੇਂ ਇੰਦਰ ਲੋਕ ਵਿੱਚੋਂ ਪਰੀਆਂ ਉੱਤਰ ਆਈਆਂ ਹੋਣ।

ਪੰਜਾਬੀ ਸੱਭਿਆਚਾਰ ਵਿੱਚ ਫੁਲਕਾਰੀ ਦੁਪੱਟੇ ਨੂੰ ਕੁੜੀ ਦੇ ਵਿਆਹ ਵੇਲੇ ਸਿਰ ਉੱਪਰ ਲੈਣਾ ਸ਼ਗਨਾ ਦੀ ਪਵਿੱਤਰ ਰਸਮ ਸਮਝਿਆ ਜਾਂਦਾ ਸੀ। ਵਿਆਹੁਤਾ ਕੁੜੀ ਦੀ ਪੇਟੀ ਵਿੱਚ ਫੁਲਕਾਰੀ ਇੱਕ ਗਹਿਣੇ ਦਾ ਸਥਾਨ ਰੱਖਦੀ ਸੀ। ਦਿਲ ਉੱਪਰ ਪੱਥਰ ਰੱਖ ਕੇ ਲਿਖ ਰਹੀ ਹਾਂ ਕਿ ਅੱਜ ਪੰਜਾਬ ਵਿਚ ਫੁਲਕਾਰੀ ਦੁਪੱਟੇ ਨੂੰ ਸ਼ਹਿਰਾਂ ਵਿੱਚ ਤਾਂ ਪੂਰਾ ਹੀ ਭੁਲਾ ਦਿੱਤਾ ਗਿਆ ਹੈ, ਪਿੰਡਾਂ ਵਿੱਚ ਇਸ ਨੂੰ ਡੋਲੀ ਵਾਲੀ ਕਾਰ ਦੀ ਛੱਤ ਉੱਪਰ ਰੱਸੀਆਂ ਨਾ਼ਲ ਜਕੜ ਕੇ ਅਪਮਾਨਿਤ ਕੀਤਾ ਜਾਂਦਾ ਹੈ।

ਫੁਲਕਾਰੀ ਦੀ ਥਾਂ ਬਿਊਟੀ ਪਾਰਲਰਾਂ ਅਤੇ ਕਿਰਾਏ ਦੇ ਲਹਿੰਗਿਆਂ ਨੇ ਲੈ ਲਈ ਹੈ। ਕੁੜੀ ਦੇ ਮਾਪਿਆਂ ਨੂੰ ਇਨ੍ਹਾਂ ਦੋਵਾਂ ਨਵੇਂ ਰਿਵਾਜਾਂ ਉੱਪਰ ਭਾਰੀ ਖਰਚਾ ਕਰਨਾ ਪੈਂਦਾ ਹੈ। ਜੇਕਰ ਸਰਕਾਰ ਧਿਆਨ ਦੇਵੇ ਤਾਂ ਪੰਜਾਬੀ ਔਰਤ ਦੀ ਇਸ ਕਲਾ ਨੂੰ ਵੱਡੀ ਆਰਥਿਕਤਾ ਨਾ਼ਲ ਜੋੜਿਆ ਜਾ ਸਕਦਾ ਹੈ। ਕੱਪੜੇ ਦੇ ਉਦਯੋਗ ਵਾਲੇ ਫੁਲਕਾਰੀ ਡਿਜਾਇਨਾਂ ਦੇ ਸੂਟ ਬਣਾਕੇ ਕਰੋੜਾਂ ਕਮਾ ਰਹੇ ਹਨ।

# ਰਬਿੰਦਰ ਸ਼ਰਮਾ ਦੀਆਂ ਕਵਿਤਾਵਾਂ

## ਲਲਕਾਰ

ਉਠ ਬੰਦਿਆ, ਭੇਦ ਤੇ ਭਰਮ ਵਿਚੋਂ,
ਭੁੱਖ ਤੇ ਦੁੱਖ ਲਈ ਜਿੰਦੜੀ ਵਾਰ ਦੇ ਤੂੰ।
ਕੱਢ ਹਨੇਰ ਨੂੰ ਆਪਣੀ ਗੋਦ ਵਿਚੋਂ,
ਚਾਰੇ ਪਾਸੇ ਚਾਨਣ ਖਿਲਾਰ ਦੇ ਤੂੰ।
ਫਿਰਕੂ ਦੈਂਤ ਨੂੰ ਕਰ ਖਤਮ ਇੱਥੋਂ,
ਨਿਜ਼ਾਮ ਸੋਹਣਾ ਤੇ ਸੁੰਦਰ ਉਸਾਰ ਦੇ ਤੂੰ।
ਗਲਵੱਕੜੀ ਪਾ ਕੇ ਸਭ ਭਰਾ ਬੈਠੋ,
ਪਿਆਰ-ਮੁਹੱਬਤ ਹਰ ਥਾਂ ਪਸਾਰ ਦੇ ਤੂੰ।
ਪਾਕ ਹਿਰਦੇ ਦਾ ਬੰਨ੍ਹ ਵਿਸ਼ਵਾਸ ਇੱਥੇ,
ਪੀੜ ਮਾਸੂਮ ਤੇ ਮਜ਼ਲੂਮ ਦੀ ਸੰਵਾਰ ਦੇ ਤੂੰ।
ਵਾਹਿਗੁਰੂ, ਰਾਮ, ਅੱਲਾ ਵਿਚ ਮਨੁੱਖ ਦਿੱਸੇ,
ਮਨੁੱਖਤਾ ਵਾਲਾ ਧਰਮ ਪੁੰਗਾਰ ਦੇ ਤੂੰ।
ਨਾਮ ਦੇਸ਼ ਦਾ ਇਤਿਹਾਸ ਵਿਚ ਚਮਕੇ,
ਬੀਜ ਭਗਤ, ਰਾਜਗੁਰੂ, ਸੁਖਦੇਵ ਦੇ ਖਿਲਾਰ ਦੇ ਤੂੰ।
ਦੇਸ਼ ਅੰਦਰ ਫੈਲੀਆਂ ਕੁਰੀਤੀਆਂ ਵਿਰੁੱਧ,
ਗੁਰੂ ਗੋਬਿੰਦ ਵਰਗੀ ਤੇਜ਼ ਤਲਵਾਰ ਦੇ ਤੂੰ।
ਸੰਸਾਰ ਅੰਦਰ ਹੋਵੇ ਸਦਾ ਤੇਰੀ ਚਰਚਾ,
ਭਾਰਤ ਵਤਸ਼ ਨੂੰ ਐਸੀ ਨੁਹਾਰ ਦੇ ਤੂੰ।
ਤੇਰਾ ਪੰਧ ਨਾ ਕੋਈ ਵੀ ਰੋਕ ਸਕਦਾ,
ਊਧਮ ਸਿੰਘ ਵਰਗੀ ਇਕ ਲਲਕਾਰ ਦੇ ਤੂੰ।

## ਬਾਬੇ ਨਾਨਕ ਨੇ ਕੀਤੀ ਸੀ ਕਮਾਲ

ਬਾਬੇ ਨਾਨਕ ਨੇ ਕੀਤੀ ਸੀ ਕਮਾਲ ਬੰਦਿਆ,
ਹੋਈ ਦੁਨੀਆਂ 'ਚ ਪੇਸ਼ ਮਿਸਾਲ ਬੰਦਿਆ ।
ਪੰਥ ਵੱਖਰੇ ਨੂੰ ਦਿੱਤੀ ਉਹਨੇ ਢਾਲ ਬੰਦਿਆ,
ਬਾਬੇ ਨਾਨਕ ਨੇ ਕੀਤੀ ਸੀ ਕਮਾਲ ਬੰਦਿਆ।

ਪੰਗਤ 'ਚ ਬਿਠਾ ਭੇਦ ਭਾਵ ਮਿਟਾਇਆ ਏ,
ਵਹਿਮਾਂ, ਭਰਮਾਂ ਉਤੋਂ ਪਰਦੇ ਨੂੰ ਲਾਹਿਆ ਏ ।
ਬਾਬਰ ਨੂੰ ਦੱਸੀ ਉਹਦੀ ਭੈੜੀ ਚਾਲ ਬੰਦਿਆ,
ਬਾਬੇ ਨਾਨਕ ਨੇ ਕੀਤੀ ਸੀ ਕਮਾਲ ਬੰਦਿਆ ।

ਕਿਰਤ ਕਮਾਈ ਇਕ ਮੁੱਦਾ ਬਣਾਇਆ ਸੀ,
ਰਲ ਵੰਡ ਛਕਣੇ ਦਾ ਭਾਵ ਸੁਣਿਆ ਸੀ ।
ਮਾਨਵ ਕੀ ਜਾਤ ਏਕ ਦਿੱਤਾ ਖਿਆਲ ਬੰਦਿਆ,
ਬਾਬੇ ਨਾਨਕ ਨੇ ਕੀਤੀ ਸੀ ਕਮਾਲ ਬੰਦਿਆ ।

ਸੱਚ ਤੇ ਇਮਾਨ ਨੂੰ ਸੀ ਬਾਬੇ ਨਾਨਕ ਤੋਲਿਆ,
ਮਾਲਿਕ ਭਾਗੋ ਦਰ ਛੱਡ ਘਰ ਲਾਲੋ ਦਾ ਟਿਲਆ ।
ਬੇਈਮਾਨਾ ਨੂੰ ਦਿਤੀ ਆ ਕੇ ਲਲਕਾਰ ਬੰਦਿਆ,
ਬਾਬੇ ਨਾਨਕ ਨੇ ਕੀਤੀ ਸੀ ਕਮਾਲ ਬੰਦਿਆ ।

ਸਰਬੱਤ ਦਾ ਭਲਾ ਮੰਗ ਰੱਬ ਰੂਪ ਪਾ ਗਿਆ,
ਮਾਨਵਤਾ ਦਾ ਸੋਹਣਾ ਜਿਹਾ ਪਾਠ ਪੜਾ ਗਿਆ ।
ਉਹਦੀ ਸਿੱਖਿਆ ਨੂੰ ਰੱਖੀ ਤੂੰ ਸੰਭਾਲ਼ ਬੰਦਿਆ,
ਬਾਬੇ ਨਾਨਕ ਨੇ ਕੀਤੀ ਸੀ ਕਮਾਲ ਬੰਦਿਆ ।

## ਜਿੰਦੜੀ

ਖੇਡਾਂ ਵਿਚ ਨੇ ਬਾਲ ਗਵਾਚੇ, ਸਭ ਧਰਮ ਗਵਾਚੇ ਜਾਤ ਗਵਾਚੇ।
ਮਨ ਦੀ ਹਰ ਇਕ ਚਾਲ ਗਵਾਚੇ, ਜਿੰਦੜੀ ਦੀ ਰਫ਼ਤਾਰ ਗਵਾਚੇ।
ਲੁਕਣਮੀਚੀ ਖੇਡਣ ਸਾਰੇ, ਲੱਗਦੇ ਸਭ ਨੂੰ ਬਾਲ ਪਿਆਰੇ।
ਛੁਪਿਆ ਕੋਈ ਵਿਚ ਹਵੇਲੀ, ਕੋਈ ਛੁਪਿਆ ਮੰਦਰ, ਗੁਰਦੁਆਰੇ।
ਨਾ ਜਾਨਣ ਧਰਮਾਂ ਦੀ ਬੇੜੀ, ਇਹ ਬੇੜੀ ਵਿਚ ਮੰਝਧਾਰ ਗਵਾਚੇ।
ਖੇਡਾਂ ਵਿਚ ਨੇ ਬਾਲ ਗਵਾਚੇ, ਸਭ ਧਰਮ ਗਵਾਚੇ ਜਾਤ ਗਵਾਚੇ।

ਖੇਡੋ-ਖੇਡੀ ਇਨ੍ਹਾਂ ਘਰ ਬਣਾਏ, ਆਪਣੇ-ਆਪਣੇ ਸੁਪਨ ਸਜਾਏ।
ਨਾ ਕੋਈ ਇਨ੍ਹਾਂ ਲੈਂਟਰ ਪਾਇਆ, ਨਾ ਇਨ੍ਹਾਂ ਨੇ ਪੱਥਰ ਲਾਏ।
ਪਿਆਰ ਦੀ ਸਾਂਝੀ ਕੰਧ ਉਸਾਰੀ, ਛੱਤ ਬਣਾਉਂਦੇ ਦਿਲਦਾਰ ਗਵਾਚੇ।
ਖੇਡਾਂ ਵਿਚ ਨੇ ਬਾਲ ਗਵਾਚੇ, ਸਭ ਧਰਮ ਗਵਾਚੇ ਜਾਤ ਗਵਾਚੇ।

ਰਲ-ਮਿਲ ਬੈਠੇ ਗੂੜ੍ਹੀਆਂ ਛਾਵਾਂ, ਦਰਦ ਵੰਡਾਵਣ ਵਾਂਗ ਭਰਾਵਾਂ।
ਨਾ ਇਨ੍ਹਾਂ ਦੇ ਮਨ ਨੇ ਰੋਗੀ, ਨਾ ਜਾਨਣ ਇਹ ਕੋਈ ਬਲਾਵਾਂ।
ਸਾਹਾਂ ਵਿਚ ਸਾਹ ਪਾਈ ਬੈਠੇ, ਅੱਖੀਆਂ 'ਚੋਂ ਨੀਰ ਗੁਆਚੇ।

ਖੇਡਾਂ ਵਿਚ ਨੇ ਬਾਲ ਗਵਾਚੇ, ਸਭ ਧਰਮ ਗਵਾਚੇ ਜਾਤ ਗਵਾਚੇ।
ਸਿੱਪੀਆਂ, ਮੋਤੀ ਇਨ੍ਹਾਂ ਭਾਲੇ, ਪਰ ਨਾ ਕਦੇ ਇਨ੍ਹਾਂ ਸੰਭਾਲੇ।
ਚੋਆਂ, ਨਦੀਆਂ ਵਿਚ ਇਨ੍ਹਾਂ ਗੋਤੇ ਲਾਏ, ਧੁੱਪਾਂ ਹੋਵਣ ਚਾਹੇ ਪਾਲੇ।
ਟੁੱਭੀ ਮਾਰ ਕੇ ਯਾਰ ਨੂੰ ਭਾਲਣ, ਮੰਜ਼ਲ ਵਿਚ ਹੀ ਯਾਰ ਗਵਾਚੇ।
ਖੇਡਾਂ ਵਿਚ ਨੇ ਬਾਲ ਗਵਾਚੇ, ਸਭ ਧਰਮ ਗਵਾਚੇ ਜਾਤ ਗਵਾਚੇ।

ਤਮਾਸ਼ੇ ਵਾਲਾ ਭਾਈ ਆਇਆ, ਇਕ-ਦੂਜੇ ਨੂੰ ਇਨ੍ਹਾਂ ਬੁਲਾਇਆ।
ਤਮਾਸ਼ਾ ਕਰ ਨਾਚ ਵਿਖਾਇਆ, ਖੁਸ਼ ਹੋ ਕੇ ਇਨ੍ਹਾਂ ਸ਼ੋਰ ਮਚਾਇਆ।
ਘਰ ਦੀ ਫਿਕਰ ਰਤਾ ਨਾ ਕੋਈ, ਇਹ ਵਿਚ ਨੇ ਪਿਆਰ ਗਵਾਚੇ।
ਖੇਡਾਂ ਵਿਚ ਨੇ ਬਾਲ ਗਵਾਚੇ, ਸਭ ਧਰਮ ਗਵਾਚੇ ਜਾਤ ਗਵਾਚੇ।

ਨਾ ਜਾਤਾਂ ਵਿਚ ਬੱਚਿਓ ਪੈਣਾ, ਨਾ ਧਰਮਾਂ ਲਈ ਪੰਗਾ ਲੈਣਾ।
ਮਨੁੱਖੀ ਧਰਮ ਬਣਾ ਕੇ ਰਹਿਣਾ, ਕੋਹੜ ਜਾਤ ਦਾ ਵੱਢਣਾ ਪੈਣਾ।
ਹਮਸਫਰ ਬਣ ਸਫ਼ਰ ਮੁਕਾਉਣਾ, ਜਿੰਦੜੀ ਨਾ ਲੰਘੇ ਮੰਜ਼ਿਲ ਗਵਾਚੇ।
ਖੇਡਾਂ ਵਿਚ ਨੇ ਬਾਲ ਗਵਾਚੇ, ਸਭ ਧਰਮ ਗਵਾਚੇ ਜਾਤ ਗਵਾਚੇ।

## ਪੀੜ

ਬਣੀ ਜੋ ਪੀੜ ਪਰਬਤੋਂ ਭਾਰੀ ਹੈ,
ਗਈ ਬੰਦਿਆਂ ਵਿਚੋਂ ਕੋਈ ਸ਼ੈ ਮਾਰੀ ਹੈ।
ਘੋਰ ਹਨੇਰਾ ਛਾਇਆ ਹਰ ਪਾਸੇ ਹੈ,
ਉਜੜੀ-ਪੁਜੜੀ ਖਲਕਤ ਹੋਈ ਵਿਚਾਰੀ ਹੈ।
ਧਰਮ ਚੜ੍ਹ ਗਿਆ ਏ ਹੱਥ ਸ਼ੈਤਾਨਾਂ ਦੇ,
ਇਨ੍ਹਾਂ ਥਾਂ-ਥਾਂ ਫਿਰਕੂ ਅੱਗ ਖਿਲਾਰੀ ਹੈ।
ਸਾਂਝ ਨੂੰ ਵੰਡ ਦਿੱਤਾ ਰਲ ਬੇ-ਸ਼ਰਮਾਂ ਨੇ,
ਮੁਤੱਸਬ ਦੀ ਫੁੱਟੀ ਹਰ ਥਾਂ ਚੰਗਿਆੜੀ ਹੈ।
ਪਿੰਡਾਂ ਦੇ ਪਿੰਡ ਉਜਾੜ ਦਿੱਤੇ ਨਸ਼ਿਆਂ ਨੇ,
ਰੁਲਦੀ ਸ਼ਹਿਰਾਂ ਵਿਚ ਪਈ ਫੁਲਕਾਰੀ ਹੈ।
ਪਾਗਲ ਹੋਏ ਵਾਹ-ਵਾਹ ਪਿੱਛੇ ਨੱਸਦੇ ਨੇ
ਕੋਠੀਆਂ, ਕਾਰਾਂ ਬੰਦੇ ਦੀ ਅਕਲ ਵਿਗਾੜੀ ਹੈ।
ਰੁਲਦਾ ਬਚਪਨ ਵਿਚ ਗਲੀਆਂ ਦੇ,
ਗੁਰਬਤ ਰੋਲੀ ਇਹ ਜਿੰਦ ਪਿਆਰੀ ਹੈ।
ਹੌਕੇ ਲੈ-ਲੈ ਰੋਂਦੀਆਂ ਧੀਆਂ-ਭੈਣਾਂ ਨੇ,
ਲੱਗੀ ਲਾਲਚ ਦੀ ਘੋਰ ਬਿਮਾਰੀ ਹੈ।
ਭੁੱਖ ਮੁੱਕਦੀ ਨਹੀਂ ਦੌਲਤਾਂ ਵਾਲਿਆਂ ਦੀ,
ਚਤੁਰਾਂ ਲਾ-ਲਾ ਠੱਗੀਆਂ ਜਿੰਦ ਸੰਵਾਰੀ ਹੈ।
ਇਹ ਜਾਨਣ ਨਾ ਕੋਈ ਸ਼ਰੀਕਾ ਭਾਈਚਾਰਾ ਹੈ,
ਹੁਣ ਪੈਸਾ ਹੀ ਪੈਸਾ ਕਰਦੀ ਦੁਨੀਆਂ ਸਾਰੀ ਹੈ।
ਸੀਨੇ ਚੀਰ ਹੋਏ ਮਨ ਚੈਨ ਨਹੀਂ,
ਨਫਰਤ ਫਿਰਦੀ ਬੀਜ ਖਿਲਾਰੀ ਹੈ।
ਨੈਣਾਂ ਵਿਚ ਗਮ ਦੇ ਬੱਦਲ ਛਾਏ ਨੇ
ਲੱਗੀ ਖ਼ੁਦਗਰਜ਼ੀ ਦੀ ਘੋਰ ਬਿਮਾਰੀ ਹੈ।
ਖਾ ਰਿਹਾ ਏ ਘੁਣ ਸੋਚ ਵਿਚਾਰੀ ਨੂੰ,
ਤੇ ਉਸਰੀ ਪੀੜ ਦੁੱਖਾਂ ਦੀ ਭਾਰੀ ਹੈ।
ਉੱਠੋ ਜਾਗੋ, ਸੋਚ ਨੂੰ ਅਜੇ ਸੰਵਾਰ ਲਵੋ,
ਤਾਰੋ ਮੁੱਲ ਜਿਨ੍ਹਾਂ ਦੇਸ਼ ਤੋਂ ਜਿੰਦੜੀ ਵਾਰੀ ਹੈ।



Mr Ravinder Sharma and Dr Ronki Ram



In the middle is Dr Ankush Prashar s/o Mr Rabinder Sharma with Dr Ronki Ram. Dr Ankush Prashar is Asstt Professor in the field of Genetics at Newcastle University, UK. We are proud of him that he made us all proud in Sahri.



Prof Ronki Ram with Rabinder Sharma his wife, son, Dr Ankush Prashar, Astt Professor at Newcastle University, UK, daughter-in-law, Dr. Puja.





This picture was clicked after the conclusion of the seminar at Hoshiarpur. In this picture picture are seen with Rabinder Sharma among others Professor Ronki Ram, Dr Saravjit Singh, Professor Karamjeet Singh, Mrs Rabinder Sharma, Mrs Puja Sharma, Madan Veera, J. S. Dhiman and more





In these two pictures are in a function in Rabinder Sharma, Sanjeevni Sharnam , Hoshiarpur.




# ARE YOU READY TO BE A FIRST TIME HOME BUYER, CALL NOW!

**ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404**




5 Bed Rooms, 2.5 Full Baths
2108 sq. ft.
Listing Price: $ 339,000




4 Bed Rooms, 2 Full Baths
1,596 sq ft
Lot size: 6,098
Listing Price: $279,900




3 Bed Rooms / 2 Full Baths
Sqft 1596
lot size 6078
Listing Price: $279,000




4 Bed Rooms, Bath Rooms 3.5
Sq Ft: 2612
Lot Sz: 0.8425ac*
Listing Price $609,900




4 Bed Rooms, 2 Bath Rooms
Sq Ft: 1608
Lot Sz: 9148sqft
Listing Price: $299,000




3-4 Bed Rooms, 2.0 Full Baths
1,492 sq ft
Lot size: 6,469
Listing Price: $299,000




5 Bed Rooms, 2.5 Full Baths
2,504 sq ft
Lot size: 6,574
Listing Price: $399,000




Beer & Wine
Store for Sale in Sacramento
Monthly Gross: $65K Month
Listing Price $299,000




Liquor Store
Store for Sale in Santa Clara
Monthly Gross: $90K Month
Listing Price $649,000




3 Bed Rooms, 1 Full Bath
1037 sq ft Lot size: 6098
Listing Price; $299,000
Close to UC Davis Medical Center




Indian Restaurant
for Sale in Sacramento
Listing Price: 134,000




BERKSHIRE HATHAWAY
Home Services

## Buying or Selling Hotels and Gas Stations? Call Now- 916-271-5404

## OFFICE: 7412 ELSIE AVE., SACRAMENTO, CA 95828




**For tickets and more information, contact:**

Pali Dhanaula 510-992-9285, Anoop Singh Cheema 925-250-4546,
Ramesh Suman 925-366-3618, Shashi Paul 707-372-5657

**Tickets can be purchased at:**

Chicago Pizza, 2961 Railroad Ave Pittsburg - 925.473.9000, Spice of India, 3739 Railroad Ave Pittsburg - 925.432.6826
Dass Sweets, 309 H Street, Antioch - 925.754.3277, Apna Bazaar , 101 Railroad Ave, Antioch, - 925.778.7860

**SPONSORS:**

Banga Constructions, Pittsburg, Chicago Pizza - Pittsburg, Curry Bowl - Concord
Dass Sweets - Antioch, Discount Cigar & Cigarette - Vallejo, Food Fair - Vacaville
Gursharnjeet Singh Cheema, Dilbag Singh Bhairon, Narinder K. Chahal
Hillcrest Restaurant and Tap House, K&B Used Auto Sales - Gilroy
Majestic Homes Real Estate - Antioch, Spice of India, Pittsburg,